ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 646ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੂਜਾ ਵਿਸ਼ਾਲ ਨਗਰ ਕੀਰਤਨ 9 ਅਪ੍ਰੈਲ 2023 ਦਿਨ ਐਤਵਾਰ ਨੂੰ ਕੱਢਿਆ ਜਾਵੇਗਾ। ਪੂਰੀ *ਜਾਣਕਾਰੀ ਲਈ ਸਬੰਧਤ ਇਸ਼ਤਿਹਾਰ ਦੇਖੋ ਸਫਾ 2 ਅਤੇ 4 'ਤੇ*

–ਸੰਪਾਦਕ

11ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -11 ISSUE -52
April 5, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com







**ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ**
(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 30 ਤੋਂ 34 'ਤੇ)

# ਡੋਨਾਲਡ ਟਰੰਪ ਹੁਣ ਮੁਕੱਦਮੇ ਦਾ ਸਾਹਮਣਾ ਕਰਨਗੇ

**ਵਾਸ਼ਿੰਗਟਨ (ਬਿਊਰੋ)–** ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪੋਰਨ ਸਟਾਰ ਸਟੋਰਮੀ ਡੇਨੀਅਲਸ ਨੂੰ ਚੁੱਪ ਰਹਿਣ ਲਈ ਗੁਪਤ ਤੌਰ 'ਤੇ ਪੈਸੇ ਦੇਣ ਦੇ ਦੋਸ਼ਾਂ ਨਾਲ ਸਬੰਧਤ ਕੇਸਾਂ ਦੀ ਸੁਣਵਾਈ ਲਈ ਮੈਨਹਟਨ ਦੀ ਅਦਾਲਤ ਵਿੱਚ ਪਹੁੰਚੇ। ਉਸ ਨੂੰ ਪੇਸ਼ੀ ਤੋਂ ਪਹਿਲਾਂ ਗ੍ਰਿਫਤਾਰ ਕਰ ਲਿਆ ਗਿਆ। ਵਰਣਨਯੋਗ ਕਿ ਟਰੰਪ 'ਤੇ ਕਰੀਬ 34 ਦੋਸ਼ ਲੱਗੇ ਹਨ। ਇਸ ਦੇ ਨਾਲ ਹੀ ਉਸ 'ਤੇ 1.22 ਲੱਖ ਡਾਲਰ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ।



**ਟਰੰਪ ਪਹਿਲੀ ਵਾਰ ਜਨਤਕ ਤੌਰ 'ਤੇ ਆਏ ਨਜ਼ਰ**

ਅਦਾਲਤ ਵੱਲੋਂ ਜੁਰਮਾਨਾ ਲੱਗਣ ਤੋਂ ਬਾਅਦ ਪਹਿਲੀ ਵਾਰ ਜਨਤਕ ਤੌਰ 'ਤੇ ਸਾਹਮਣੇ ਆਏ ਟਰੰਪ ਨੇ ਕਿਹਾ ਕਿ 'ਸਾਡਾ ਦੇਸ਼ ਨਰਕ ਵਿੱਚ ਜਾ ਰਿਹਾ ਹੈ'। ਟਰੰਪ ਨੇ ਫਲੋਰੀਡਾ ਦੇ ਆਪਣੇ ਘਰ ਤੋਂ ਆਪਣੇ ਸਮਰਥਕਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ, 'ਮੈਂ ਕਦੇ ਨਹੀਂ ਸੋਚਿਆ ਸੀ ਕਿ ਅਮਰੀਕਾ 'ਚ ਅਜਿਹਾ ਕੁਝ ਹੋ ਸਕਦਾ ਹੈ। ਮੈਂ ਸਿਰਫ਼ ਇੱਕ ਹੀ ਗੁਨਾਹ ਕੀਤਾ ਹੈ ਕਿ ਮੈਂ ਨਿਡਰ ਹੋ ਕੇ ਆਪਣੇ ਦੇਸ਼ ਦੀ ਰੱਖਿਆ ਕੀਤੀ।' ਡੋਨਾਲਡ ਟਰੰਪ ਨੇ ਨਿਊਯਾਰਕ ਦੇ ਸਰਕਾਰੀ ਵਕੀਲ ਐਲਵਿਨ ਬ੍ਰੈਗ 'ਤੇ ਵੀ ਆਪਣੇ ਖਿਲਾਫ ਅਪਰਾਧਿਕ ਦੋਸ਼ ਲਗਾਉਣ ਲਈ ਨਿਸ਼ਾਨਾ ਸਾਧਿਆ। ਟਰੰਪ ਨੇ ਕਿਹਾ ਕਿ ਇਹ ਫਰਜ਼ੀ ਕੇਸ ਸਿਰਫ ਆਉਣ ਵਾਲੀਆਂ 2024 ਦੀਆਂ ਚੋਣਾਂ ਵਿਚ ਦਖਲ ਦੇਣ ਲਈ ਲਿਆਂਦਾ ਗਿਆ ਸੀ ਅਤੇ ਇਸ ਨੂੰ ਤੁਰੰਤ ਖਤਮ ਕੀਤਾ ਜਾਣਾ ਚਾਹੀਦਾ ਹੈ। ਜੋ ਬਾਇਡਨ ਪ੍ਰਸ਼ਾਸਨ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ ਕਿ ਡੋਨਾਲਡ ਟਰੰਪ 2024 ਦੀ ਰਿਪ-ਬਲਿਕਨ ਨਾਮਜ਼ਦਗੀ ਦੀ ਦੌੜ 'ਚ ਸਭ ਤੋਂ ਅੱਗੇ ਹਨ।

**ਸਟਾਰਮੀ ਡੇਨੀਅਲਸ ਟਰੰਪ ਨੂੰ ਦੇਵੇਗੀ ਇੰਨੇ ਪੈਸੇ**

ਪੌਰਨ ਫਿਲਮ ਸਟਾਰ ਸਟੋਰਮੀ ਡੇਨੀਅਲਜ਼ ਨੂੰ ਕੈਲੀਫੋਰਨੀਆ ਦੀ ਇੱਕ ਸੰਘੀ ਅਪੀਲ ਅਦਾਲਤ ਨੇ ਸਾਬਕਾ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਵਕੀਲਾਂ ਨੂੰ ਕਾਨੂੰਨੀ ਫੀਸਾਂ ਵਿੱਚ 120,000 ਡਾਲਰ (ਲਗਭਗ 1 ਕਰੋੜ ਰੁਪਏ) ਤੋਂ ਵੱਧ ਦਾ ਭੁਗਤਾਨ ਕਰਨ ਦਾ ਹੁਕਮ ਦਿੱਤਾ ਹੈ। ਕੈਲੀਫੋਰਨੀਆ ਦੀ ਇੱਕ ਅਦਾਲਤ ਨੇ ਬਾਲਗ ਫਿਲਮ ਸਟਾਰ ਸਟੋਰਮੀ ਡੇਨੀਅਲਜ਼ ਨੂੰ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਕੀਲਾਂ ਨੂੰ ਕਾਨੂੰਨੀ ਫੀਸਾਂ ਵਿੱਚ 120,000 ਡਾਲਰ ਤੋਂ ਵੱਧ ਦਾ ਭੁਗਤਾਨ ਕਰਨ ਦਾ ਹੁਕਮ ਦਿੱਤਾ ਹੈ। 9ਵੀਂ ਯੂਐਸ ਸਰਕਟ ਕੋਰਟ ਆਫ਼ ਅਪੀਲਜ਼ ਨੇ ਮੰਗਲਵਾਰ (ਸਥਾਨਕ ਸਮਾਂ) ਨੂੰ ਡੈਨੀਅਲਸ ਨੂੰ ਟਰੰਪ ਦੇ ਵਕੀਲਾਂ ਨੂੰ ਕਾਨੂੰਨੀ ਫੀਸਾਂ ਵਿੱਚ 120,000 ਡਾਲਰ ਦਾ ਭੁਗਤਾਨ ਕਰਨ ਦਾ ਆਦੇਸ਼ ਦਿੱਤਾ।

# ਅਮਰੀਕਾ ਨੇ ਅਰੁਣਾਚਲ ਨੂੰ ਮੰਨਿਆ ਭਾਰਤ ਦਾ ਅਟੁੱਟ ਹਿੱਸਾ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਨੇ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦਾ ਅਟੁੱਟ ਹਿੱਸਾ ਦੱਸਦਿਆਂ ਚੀਨ ਵੱਲੋਂ ਇਸ ’ਤੇ ਇਕਤਰਫ਼ਾ ਦਾਅਵਾ ਕਰਨ ਤੇ ਖੇਤਰਾਂ ਦਾ ਨਾਮਕਰਨ ਕਰਨ ’ਤੇ ਸਖ਼ਤ ਵਿਰੋਧ ਕੀਤਾ ਹੈ। ਅਮਰੀਕਾ ਦੀ ਇਹ ਪ੍ਰਤੀਕਿਰਿਆ ਚੀਨ ਵੱਲੋਂ ਅਰੁਣਾਚਲ ਪ੍ਰਦੇਸ਼ ਦੀਆਂ 11 ਥਾਵਾਂ ਦੇ ਆਪਣੀਆਂ ਭਾਸ਼ਾਵਾਂ ’ਚ ਨਾਂ ਰੱਖਣ ’ਤੇ ਆਈ ਹੈ। ਚੀਨ ਅਜਿਹੀ ਹਰਕਤ 2017 ਤੇ 2021 ’ਚ ਵੀ ਕਰ ਚੁੱਕਿਆ ਹੈ। ਭਾਰਤ ਇਸ ਨੂੰ ਪਹਿਲਾਂ ਹੀ ਖ਼ਾਰਜ ਕਰਦਿਆਂ ਸਖ਼ਤ ਵਿਰੋਧ ਕਰ ਚੁੱਕਿਆ ਹੈ। ਚੀਨ ਭਾਰਤ ਦੇ ਅਰੁਣਾਚਲ ਪ੍ਰਦੇਸ਼ ਨੂੰ ਲੰਬੇ ਸਮੇਂ ਤੋਂ ਤਿੱਬਤ ਦਾ ਦੱਖਣੀ ਹਿੱਸਾ ਦੱਸਦਾ ਰਿਹਾ ਹੈ। ਇਸ ਦਾ ਕੋਈ ਇਤਿਹਾਸਕ ਸਬੂਤ ਨਾ ਹੋਣ ਦੇ ਬਾਵਜੂਦ ਚੀਨ ਆਪਣੀ ਜ਼ਿੱਦ ਨਹੀਂ ਛੱਡ ਰਿਹਾ। ਆਪਣੇ ਇਸੇ ਰੁਖ਼ ’ਤੇ ਕਾਇਮ ਰਹਿੰਦਿਆਂ ਐਤਵਾਰ ਨੂੰ ਚੀਨ ਸਰਕਾਰ ਨੇ ਅਰੁਣਾਚਲ ਪ੍ਰਦੇਸ਼ ਦੀਆਂ 11 ਥਾਵਾਂ ਦੇ ਬਦਲੇ ਨਾਂ ਜਨਤਕ ਕੀਤੇ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੀਨ ਜੀਨ-ਪਿਏਰਾ ਨੇ ਕਿਹਾ ਕਿ ਅਮਰੀਕਾ ਲੰਬੇ ਸਮੇਂ ਤੋਂ ਅਰੁਣਾਚਲ ਨੂੰ ਭਾਰਤ ਦਾ ਅਟੁੱਟ ਹਿੱਸਾ ਮੰਨ ਰਿਹਾ ਹੈ। ਅਮਰੀਕਾ ਆਪਣੇ ਇਸ ਰੁਖ਼ ’ਤੇ ਕਾਇਮ ਹੈ। ਇਸ ਲਈ ਉਹ ਚੀਨ ਦੀ ਇਸ ਹਰਕਤ ਦਾ ਸਖ਼ਤ ਵਿਰੋਧ ਕਰਦਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਹੈ ਕਿ ਚੀਨ ਪਹਿਲੀ ਵਾਰ ਅਜਿਹੀ ਜ਼ਿੱਦ ਨਹੀਂ ਦਿਖਾ ਰਿਹਾ। ਉਹ ਵਾਰ-ਵਾਰ ਅਜਿਹੀ ਹਰਕਤ ਕਰ ਰਿਹਾ ਹੈ ਤੇ ਉਸ ਦਾ ਸ਼ਰਾਰਤੀ ਰਵੱਈਆ ਨਹੀਂ ਬਦਲ ਰਿਹਾ। ਉਹ ਆਪਣੇ ਗੁਆਂਢੀ ਦੇਸ਼ ਨੂੰ ਲੈ ਕੇ ਦੁਰਭਾਵਨਾਪੂਰਨ ਪ੍ਰਚਾਰ ’ਚ ਲੱਗਿਆ ਹੋਇਆ ਹੈ। ਉਨ੍ਹਾਂ ਦੁਹਰਾਇਆ ਕਿ ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਟੁੱਟ ਹਿੱਸਾ ਹੈ। ਇਸ ਲਈ ਚੀਨ ਦੀਆਂ ਹਰਕਤਾਂ ਨਾਲ ਕੋਈ ਫ਼ਰਕ ਨਹੀਂ ਪੈਣ ਵਾਲਾ ਹੈ।




DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823



ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## ਜੀ ਦੇ 646ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾਂ ਦੇ ਸਹਿਯੋਗ ਨਾਲ

# ਦੂਜਾ ਮਹਾਨ ਨਗਰ ਕੀਰਤਨ

## ਮਿਤੀ 9 ਅਪ੍ਰੈਲ 2023 ਦਿਨ ਐਤਵਾਰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ

ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਮਿਤੀ 13 ਮਾਰਚ 2023 ਦਿਨ ਸੋਮਵਾਰ ਤੋਂ 9 ਅਪ੍ਰੈਲ ਦਿਨ ਐਤਵਾਰ 2023 ਤੱਕ
ਸਮੂਹ ਸਾਧ ਸੰਗਤ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 7 ਅਪ੍ਰੈਲ 2023
ਭੋਗ ਸ੍ਰੀ ਅਖੰਡ ਪਾਠ ਸਾਹਿਬ ਮਿਤੀ 9 ਅਪ੍ਰੈਲ 2023, 9 ਵਜੇ, ਉਪਰੰਤ 11 ਵਜੇ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ।

## ਨਿਸ਼ਾਨ ਸਾਹਿਬ ਜੀ ਦੀ ਸੇਵਾ 8 ਅਪ੍ਰੈਲ ਦਿਨ ਸ਼ਨੀਵਾਰ 2023 ਸ਼ਾਮ 4 ਵਜੇ

### ਪੁੱਜ ਰਹੇ ਕੀਰਤਨੀ ਜਥੇ

ਭਾਈ ਸਰਬਜੀਤ ਸਿੰਘ ਜੀ ਰੰਗੀਲਾ (ਦੁਰਗ ਵਾਲੇ) ਅਤੇ ਭਾਈ ਆਤਮਜੋਤ ਸਿੰਘ ਜੀ ਅਤੇ ਜਥਾ, ਯੂਬਾ ਸਿਟੀ ਤੋਂ
ਢਾਡੀ ਜਥਾ ਭਾਈ ਗੁਰਨਾਮ ਸਿੰਘ ਭੰਡਾਲ ਅਤੇ ਭਾਈ ਗੁਰਦਿਆਲ ਸਿੰਘ ਜੀ (ਹਜ਼ੂਰੀ ਰਾਗੀ ਜਥਾ)

### ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530 713 1823, ਗੁਰਨਾਮ ਸਿੰਘ ਭੰਡਾਲ (ਚੇਅਰਮੈਨ) 530 218 4468
ਦਲਵਿੰਦਰ ਰੱਲ੍ਹ (ਵਾਈਸ ਸਕੱਤਰ) 530 933 3938
ਹੈਡ ਗ੍ਰੰਥੀ ਭਾਈ ਗੁਰਦਿਆਲ ਸਿੰਘ 530 441 4165, ਗੁਰੂ ਘਰ ਦਾ ਫੋਨ ਨੰਬਰ 530 674 2564



ਗੁਰੂ ਘਰ ਦੇ ਮੌਜੂਦਾ ਸੇਵਾਦਾਰ

ਗੁਰਨਾਮ ਸਿੰਘ ਭੰਡਾਲ (ਚੇਅਰਮੈਨ), ਪਰਸ਼ੋਤਮ ਸੂਦ (ਵਾਈਸ ਚੇਅਰਮੈਨ), ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ), ਮੋਹਿੰਦਰ ਸਿੰਘ ਰੱਤੂ (ਵਾਈਸ ਪ੍ਰਧਾਨ), ਕੁਲਦੀਪ ਸਿੰਘ (ਜਨਰਲ ਸਕੱਤਰ), ਦਲਵਿੰਦਰ ਰੱਲ੍ਹ (ਵਾਈਸ ਜਨਰਲ ਸਕੱਤਰ), ਰਾਮ ਸੇਵਕ ਭਾਟੀਆ (ਕੈਸ਼ੀਅਰ), ਜਗਮੇਲ ਸਿੰਘ, ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ), ਕ੍ਰਿਸ਼ਨ ਸਿੰਘ (ਵਾਈਸ ਸਟੇਜ ਸਕੱਤਰ), ਅਸ਼ੋਕ ਕੁਮਾਰ (ਮੀਡੀਆ ਪਰਸਨ), ਲਖਬੀਰ ਸੂਦ (ਡਾਇਰੈਕਟਰ), ਜਸਵਿੰਦਰ ਸਿੰਘ (ਡਾਇਰੈਕਟਰ)

**SHRI GURU RAVIDASS TEMPLE, 1480 HAYNE AVE YUBA CITY, CA 95993**




ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਦੂਜੇ ਵਿਸਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 646ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾਂ ਦੇ ਸਹਿਯੋਗ ਨਾਲ ਦੂਜਾ ਮਹਾਨ ਨਗਰ ਕੀਰਤਨ ਮਿਤੀ 9 ਅਪ੍ਰੈਲ 2023 ਦਿਨ ਐਤਵਾਰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਕੱਢਿਆ ਜਾ ਰਿਹਾ ਹੈ ਜੀ। ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਮਿਤੀ 13 ਮਾਰਚ 2023 ਦਿਨ ਸੋਮਵਾਰ ਤੋਂ 9 ਅਪ੍ਰੈਲ ਦਿਨ ਐਤਵਾਰ 2023 ਤੱਕ। ਸਮੂਹ ਸਾਧ ਸੰਗਤ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 7 ਅਪ੍ਰੈਲ 2023 ਭੋਗ ਸ੍ਰੀ ਅਖੰਡ ਪਾਠ ਸਾਹਿਬ ਮਿਤੀ 9 ਅਪ੍ਰੈਲ 2023, 9 ਵਜੇ, ਉਪਰੰਤ 11 ਵਜੇ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ। ਨਿਸ਼ਾਨ ਸਾਹਿਬ ਜੀ ਦੀ ਸੇਵਾ 8 ਅਪ੍ਰੈਲ ਦਿਨ ਸ਼ਨੀਵਾਰ 2023 ਸ਼ਾਮ 4 ਵਜੇ ਹੋਵੇਗੀ ਜੀ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਸਮਾਗਮਾਂ ਤੇ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



**Shingara Singh Ralh (President)
with his wife and daughter
Sri Guru Ravidass Temple Yuba City (CA)**

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਅਪ੍ਰੈਲ ਮਹੀਨੇ ਦੇ ਪ੍ਰੋਗਰਾਮ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵਿਖੇ ਖਾਲਸਾ ਜੀ ਦਾ ਸਿਰਜਣਾ ਦਿਵਸ 16 ਅਪ੍ਰੈਲ 2023 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਭਾਈ ਕਸ਼ਮੀਰੀ ਭਾਟੀਆ, ਬੀਬੀ ਕਮਲਜੀਤ ਭਾਟੀਆ ਪਰਿਵਾਰ ਵੱਲੋਂ 14 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ, ਜਿਹਨਾਂ ਦੇ ਭੋਗ 16 ਅਪ੍ਰੈਲ ਦਿਨ ਐਤਵਾਰ ਨੂੰ ਪਾਏ ਜਾਣਗੇ।

**ਸਮੂਹ ਸੰਗਤਾਂ ਨੂੰ ਭਾਟੀਆ ਪਰਿਵਾਰ ਵੱਲੋਂ ਬੇਨਤੀ ਹੈ ਕਿ ਤਿੰਨੋ ਦਿਨ ਹਾਜ਼ਰੀਆਂ ਭਰ ਕੇ ਜੀਵਨ ਸਫਲਾ ਕਰੋ ਜੀ।**

23 ਅਪ੍ਰੈਲ 2023, ਸ੍ਰੀ ਸੁਖਮਨੀ ਸਾਹਿਬ ਅਤੇ ਕੀਰਤਨ ਦੀ ਸੇਵਾ ਹਰਬੰਸ ਰੱਤੂ ਅਤੇ ਗਿਆਨ ਕੌਰ ਰੱਤੂ ਵੱਲੋਂ ਹੈ ਜੀ।

30 ਅਪ੍ਰੈਲ 2023, ਸ੍ਰੀ ਸੁਖਮਨੀ ਸਾਹਿਬ ਜੀ ਦੀ ਅਤੇ ਕੀਰਤਨ ਦੀ ਸੇਵਾ ਸਰਦਾਰ ਨਿਰੰਜਣ ਸਿੰਘ, ਬੀਬੀ ਸੰਤੋਸ਼ ਕੁਮਾਰੀ ਵੱਲੋਂ ਹੈ ਜੀ ਅਤੇ ਲੰਗਰ ਦੀ ਸੇਵਾ ਨਿਰੰਜਣ ਸਿੰਘ ਪਰਿਵਾਰ ਵੱਲੋਂ ਹੈ ਜੀ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਸਮਾਗਮਾਂ ਤੇ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**Sangat Sewadars** www.sriguru████ravidasstemple.com

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥ ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥

## ਸਤਿਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 646ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾਂ ਦੇ ਸਹਿਯੋਗ ਨਾਲ ਦੂਜਾ ਮਹਾਨ ਨਗਰ ਕੀਰਤਨ ਮਿਤੀ 9 ਅਪ੍ਰੈਲ 2023 ਦਿਨ ਐਤਵਾਰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਕੱਢਿਆ ਜਾ ਰਿਹਾ ਹੈ ਜੀ। ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਮਿਤੀ 13 ਮਾਰਚ 2023 ਦਿਨ ਸੋਮਵਾਰ ਤੋਂ 9 ਅਪ੍ਰੈਲ ਦਿਨ ਐਤਵਾਰ 2023 ਤੱਕ। ਸਮੂਹ ਸਾਧ ਸੰਗਤ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 7 ਅਪ੍ਰੈਲ 2023 ਭੋਗ ਸ੍ਰੀ ਅਖੰਡ ਪਾਠ ਸਾਹਿਬ ਮਿਤੀ 9 ਅਪ੍ਰੈਲ 2023, 9 ਵਜੇ, ਉਪਰੰਤ 11 ਵਜੇ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ। ਨਿਸ਼ਾਨ ਸਾਹਿਬ ਜੀ ਦੀ ਸੇਵਾ 8 ਅਪ੍ਰੈਲ ਦਿਨ ਸ਼ਨੀਵਾਰ 2023 ਸ਼ਾਮ 4 ਵਜੇ ਹੋਵੇਗੀ ਜੀ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਸਮਾਗਮਾਂ ਤੇ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



DILWINDER RALH
Financial Advisor
Energy Saving & Solar Solution Expert



DIAMOND SERVICES CA
*No family left behind. Pay Less, Save more, Live Lavishly*

Email: diamondserviceca@gmail.com
PH: (530)933-3938
Lic: 4130053
Lic: 96454 SP

- Energy Savings & Solar Solution Services
- Income Protection & Generational Wealth Creation
- Retirement & Children's Future Planning
- Life and Health Insurance

Gold Rush energy solutions · Crump

**Dilwinder Ralh**
**(Ex President)**
**Vice Gen, Sec.**
**& Ralh Family**
**Sri Guru Ravidass Temple**
**Yuba City (California)**

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥

# Bhog & Antim Ardaas



**Late. Sardarni Charan Kaur Bains**

With profund grief and deep Sorrow
We inform you of the sad demise of our respected mother

## Sardarni Charan Kaur Bains

(W/o Late Major singh Bains)
on 1 April 2023, Saturday

Funeral Services
**Chapel of Chimes**
Monday 10th April 2023
12 pm to 2 pm
32992 Mission Blvd,
Hayward, CA 94544

Antim Ardas
**Gurdwara Fremont Sahib**
Monday 10th April 2023
2:30 pm to 4:00 pm
300 Gurdwara Rd, Fremont,
CA 94536, United States

Grief Stricken
**Makhan Singh Bains (Son)**
519-715-1619

ਮਾਤਾ ਚਰਨ ਕੌਰ ਬੈਂਸ ਜੀ ਦੇ ਅਕਾਲ ਚਲਾਣੇ 'ਤੇ ਅਦਾਰਾ ''ਦੇਸ਼ ਦੁਆਬਾ'' ਸਮੂਹ ਬੈਂਸ ਪਰਿਵਾਰ ਨਾਲ ਦਿਲੀ ਦੁੱਖ ਪ੍ਰਗਟ ਕਰਦਾ ਹੈ ਅਤੇ ਅਕਾਲ ਪੁਰਖ ਅੱਗੇ ਅਰਜ਼ੋਈ ਕਰਦਾ ਹੈ ਕਿ ਉਹਨਾਂ ਦੀ ਵਿਛੜੀ ਆਤਮਾ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਦੇਸ਼ ਦੁਆਬਾ

## ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਅਪਨਾਉਣ ਦੀ ਲੋੜ

ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਡਕਰ ਦਾ 132ਵਾਂ ਜਨਮ ਦਿਹਾੜਾ ਮਨਾਉਂਦਿਆਂ ਅੱਜ ਅਸੀਂ ਬਾਬਾ ਸਾਹਿਬ ਬਾਰੇ ਤਾਂ ਬਹੁਤ ਕੁਝ ਕਹਿੰਦੇ ਹਾਂ, ਉਹਨਾਂ ਨੂੰ ਮਹਾਨ ਵਿਦਵਾਨ ਕਹਿੰਦੇ ਹਾਂ, ਮਨੁੱਖੀ ਅਧਿਕਾਰ ਚੈਂਪੀਅਨ, ਭਾਰਤੀ ਸੰਵਿਧਾਨ ਦਾ ਨਿਰਮਾਤਾ ਕਹਿੰਦੇ ਹਾਂ ਅਤੇ ਦੱਬੇ-ਕੁਚਲੇ ਸਮਾਜ ਲਈ ਲੜਨ ਵਾਲਾ ਯੋਧਾ ਵੀ ਕਹਿੰਦੇ ਹਾਂ। ਆਮ ਲੋਕੀ ਵੀ ਡਾ. ਅੰਬੇਡਕਰ ਦੀ ਵਿਦਵਤਾ ਦੇ ਕਾਇਲ ਹਨ ਪਰ ਉਹਨਾਂ ਦੀਆਂ ਸਿੱਖਿਆਵਾਂ ਤੇ ਅਮਲ ਅਤੇ ਵਿਚਾਰ ਬਹੁਤ ਘੱਟ ਹੁੰਦਾ ਹੈ। ਅਸੀਂ ਬਾਬਾ ਸਾਹਿਬ ਜਾਂ ਬਹੁਜਨ ਸਮਾਜ ਦੇ ਹੋਰ ਮਹਾਂਪੁਰਖਾਂ ਦਾ ਗੁਣਗਾਣ ਬਹੁਤ ਕਰਦੇ ਹਾਂ, ਉਹਨਾਂ ਨੂੰ ਮੰਨਦੇ ਵੀ ਹਾਂ ਪਰ ਉਹਨਾਂ ਦੇ ਦਰਸਾਏ ਮਾਰਗ ’ਤੇ ਨਹੀਂ ਚੱਲਦੇ। ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਸਾਰੇ ਧਰਮਾਂ, ਫਿਰਕਿਆਂ ਦੇ ਲੋਕ ਡਾ. ਅੰਬੇਡਕਰ ਨੂੰ ਮਹਾਨ ਵਿਦਵਾਨ ਮੰਨਦੇ ਹਨ ਪਰ ਉਹਨਾਂ ਨੂੰ ਪੜ੍ਹਨ, ਉਹਨਾਂ ਦੀ ਵਿਦਵਤਾ ਨੂੰ ਗਹਿਰਾਈ ਨਾਲ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ।

ਭਾਰਤ ਦੀਆਂ ਸਰਕਾਰਾਂ- ਸਿਆਸੀ ਪਾਰਟੀਆਂ ਜਨਮ ਦਿਨ ਤੇ ਅਨੇਕਾਂ ਭਲਾਈ ਯੋਜਨਾਵਾਂ ਬਣਾਉਣ ’ਚ ਜੁਟੀਆਂ ਹਨ ਪਰ ਬਾਬਾ ਸਾਹਿਬ ਦੇ ਸੁਪਨਿਆਂ ਦਾ ਭਾਰਤ ਜਿੱਥੇ ਉਹ ਦਲਿਤ ਸਮਾਜ ਅਤੇ ਔਰਤ ਵਰਗ ਦੇ ਨਾਲ-ਨਾਲ ਸਾਰੇ ਮੁਲਕ ਦਾ ਭਲਾ ਚਾਹੁੰਦੇ ਸਨ, ਉਹ ਅਜੇ ਦੂਰ ਦੀ ਗੱਲ ਨਜ਼ਰ ਆਉਂਦੀ ਹੈ। ਡਾ. ਅੰਬੇਡਕਰ ਨੇ ਆਪਣਾ ਬਹੁਤਾ ਸਮਾਂ ਦਲਿਤ ਅਤੇ ਦੱਬੇ ਕੁਚਲੇ ਵਰਗ ਨੂੰ ਉਪਰ ਚੁੱਕਣ ਅਤੇ ਉਹਨਾਂ ਦੇ ਕਲਿਆਣ ਲਈ ਲਗਾਇਆ ਪਰ ਅੱਜ ਸਿਆਸੀ ਪਾਰਟੀਆਂ ਇਸ ਵਰਗ ਨੂੰ ਵੋਟ ਬੈਂਕ ਹੀ ਮੰਨਦੀਆਂ ਹਨ।

ਭਾਰਤ ਵਿਚ ਡਾ. ਅੰਬੇਡਕਰ ਦੁਆਰਾ ਦਿੱਤੀ ਗਈ ਸੰਵਿਧਾਨਕ ਰਿਜ਼ਰਵੇਸ਼ਨ ਦੀ ਮੰਗ ਦਿਨੋ ਦਿਨ ਪ੍ਰਬੱਲ ਹੁੰਦੀ ਜਾ ਰਹੀ ਹੈ। ਭਾਰਤ ਵਿਚ ਇਸ ਨੂੰ ਲੈ ਕੇ ਨਫਰਤ ਦੀ ਰਾਜਨੀਤੀ ਵੀ ਹੁੰਦੀ ਹੈ ਅਤੇ ਸਮਾਜਿਕ ਤੌਰ ਤੇ ਵੀ ਵਿਰੋਧੀਆਂ ਵੱਲੋਂ ਨਫਰਤ ਵਾਲਾ ਮਾਹੌਲ ਬਣਾਇਆ ਜਾਂਦਾ ਹੈ। ਭਾਰਤ ਵਿਚ ਰਿਜ਼ਰਵੇਸ਼ਨ ਦੇ ਹੱਕਦਾਰ ਲੋਕ ਜਦੋਂ ਵਿਦੇਸ਼ ਵਿਚ ਜਾਂਦੇ ਹਨ ਅਤੇ ਰਹਿੰਦੇ ਹਨ ਪਰ ਉਹ ਵਿਦੇਸ਼ਾਂ ਵਿਚ ਕਦੇ ਵੀ ਰਿਜ਼ਰਵੇਸ਼ਨ ਦੀ ਮੰਗ ਨਹੀਂ ਕਰਦੇ। ਦੁਨੀਆਂ ਦੇ ਹੋਰਨਾਂ ਮੁਲਕਾਂ ਵਿਚ ਜਾਤੀਵਾਦ ਹੈ ਹੀ ਨਹੀਂ ਅਤੇ ਨਾ ਹੀ ਵਿਤਕਰਾ ਕੀਤਾ ਜਾਂਦਾ। ਪੱਛਮੀ ਮੁਲਕਾਂ ਨੇ ਆਪਣਾ ਸਿਸਟਮ ਹੀ ਅਜਿਹਾ ਵਧੀਆ ਬਣਾਇਆ ਹੈ ਕਿ ਉਥੇ ਹਰੇਕ ਨਾਗਰਿਕ ਦੇ ਕਲਿਆਣ ਲਈ ਪੂਰਾ ਸਿਸਟਮ ਕੰਮ ਕਰਦਾ ਹੈ। ਭਾਰਤ ਵਿਚ ਅਸਮਾਨਤਾ ਹੋਣ ਦੇ ਕਾਰਨ ਹੀ ਰਿਜ਼ਰਵੇਸ਼ਨ ਦੀ ਵਿਵਸਥਾ ਕਰਨੀ ਪਈ ਅਤੇ ਅੱਜ ਇਹ ਸਿਆਸੀ ਅਤੇ ਸਮਾਜਿਕ ਨਫਰਤ ਦਾ ਸ਼ਿਕਾਰ ਵੀ ਹੋ ਰਹੀ ਹੈ। ਕਿਉਂ ਨਾ ਭਾਰਤ ਸਰਕਾਰ ਇਕ ਅਜਿਹਾ ਹੀ ਸਿਸਟਮ ਅਖਤਿਆਰ ਕਰੇ, ਜਿਸ ਵਿਚ ਸਾਰੇ ਨਾਗਰਿਕਾਂ ਨੂੰ ਬਰਾਬਰੀ ਮਿਲੇ ਅਤੇ ਬਰਾਬਰ ਆਪਣੀ ਤਰੱਕੀ ਦਾ ਮੌਕਾ ਮਿਲੇ, ਫਿਰ ਭਾਰਤ ਵਿਚ ਵੀ ਰਿਜ਼ਰਵੇਸ਼ਨ ਦੀ ਲੋੜ ਨਹੀਂ ਰਹੇਗੀ।


ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਜਿਵੇਂ ਬਾਬਾ ਸਾਹਿਬ ਦੇ ਜਨਮ ਦਿਨ ਮਨਾਉਣ ਦੀ, ਰੁਚੀ ਤਾਂ ਰੱਖਦੀਆਂ ਹਨ, ਕਿੰਨਾ ਚੰਗਾ ਹੋਵੇਗਾ ਜੇਕਰ ਡਾ. ਅੰਬੇਡਕਰ ਵੱਲੋਂ ਦਿੱਤੀ ਸੰਵਿਧਾਨਕ ਨਸੀਹਤ ਧਿਆਨ ਵਿਚ ਰੱਖ ਕੇ, ਭਾਰਤ ਸਰਕਾਰ ਤੇ ਉਥੋਂ ਦੀਆਂ ਰਾਜ ਸਰਕਾਰਾਂ ਅਮਲੀ ਰੂਪ ’ਚ ਉਹਨਾਂ ਦੇ ਸੁਪਨਿਆਂ ਦਾ ਭਾਰਤ ਬਣਾਉਣ ਲਈ ਵੀ ਸੁਹਿਰਦਤਾ ਨਾਲ ਕੰਮ ਕਰਨ। ਇਹੀ ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ। ਅਦਾਰਾ ‘ਦੇਸ਼ ਦੁਆਬਾ’ ਬਾਬਾ ਸਾਹਿਬ ਦੇ ਜਨਮ ਦਿਨ ਤੇ ਆਪਣੇ ਸਾਰੇ ਪਾਠਕਾਂ ਅਤੇ ਸ਼ੁਭਚਿੰਤਕਾਂ ਨੂੰ ਹਾਰਦਿਕ ਵਧਾਈ ਦਿੰਦਾ ਹੈ।

# ਅਪ੍ਰੈਲ ਮਹੀਨਾ ਦਲਿਤ ਇਤਿਹਾਸ ਮਹੀਨੇ ਦੀ ਮਹੱਤਤਾ ਅਤੇ ਪਿਛੋਕੜ



ਕੁਲਦੀਪ ਚੰਦ
91-9417563054

ਦਲਿਤ ਜਿਸਨੂੰ ਪਹਿਲਾਂ ਅਛੂਤ ਵੀ ਕਿਹਾ ਜਾਂਦਾ ਸੀ ਅਖੌਤੀ ਜਾਤੀ ਪ੍ਰਥਾ ਅਨੁਸਾਰ ਦਾ ਸਭ ਤੋਂ ਹੇਠਲਾ ਪੱਧਰ ਹੈ। ਦਲਿਤਾਂ ਨੂੰ ਵਰਣ ਪ੍ਰਣਾਲੀ ਅਨੁਸਾਰ ਪੰਜਵੇਂ ਵਰਣ ਦੇ ਰੂਪ ਵਿਚ ਦੇਖਿਆ ਗਿਆ ਜਿਨ੍ਹਾਂ ਨੂੰ ਛੂਹਣਾ ਵੀ ਪਾਪ ਮੰਨਿਆਂ ਜਾਂਦਾ ਸੀ। ਦਲਿਤ ਹਿੰਦੂ ਧਰਮ, ਬੁੱਧ ਧਰਮ, ਸਿੱਖ ਧਰਮ, ਇਸਾਈ ਧਰਮ ਅਤੇ ਇਸਲਾਮ ਸਮੇਤ ਵੱਖ-ਵੱਖ ਧਰਮਾਂ ਵਿੱਚ ਵਿਸ਼ਵਾਸ ਰਖਦੇ ਹਨ ਪਰ ਬਹੁਤੇ ਧਰਮਾਂ ਵਿੱਚ ਅਜੇ ਤੱਕ ਵੀ ਜਾਤ ਅਧਾਰਿਤ ਵਿਤਕਰਾ ਫੈਲਿਆ ਹੋਇਆ ਹੈ। ਦਲਿਤ ਭਾਰਤੀ ਆਬਾਦੀ ਦਾ ਲੱਗਭੱਗ 25% ਅਤੇ ਵਿਸ਼ਵ ਦੀ ਆਬਾਦੀ ਦਾ 5% ਹਿੱਸਾ ਹਨ। ਇਹ ਵੀ ਕੌੜਾ ਸੱਚ ਹੈ ਕਿ ਦਲਿਤਾਂ ਨੂੰ ਬਹੁਤੇ ਜਨਤਕ ਅਦਾਰਿਆਂ ਇੱਥੋਂ ਤੱਕ ਕਿ ਪੀਣ ਵਾਲੇ ਪਾਣੀ ਅਤੇ ਹੋਰ ਬੁਨਿਆਦੀ ਸਹੂਲਤਾਂ ਤੱਕ ਪਹੁੰਚ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ। ਦਲਿਤ ਨੌਕਰਸ਼ਾਹਾਂ ਲਈ ਰਾਖਵੇਂਕਰਨ ਰਾਹੀਂ ਸਿਸਟਮ ਵਿੱਚ ਦਾਖਲਾ ਯਕੀਨੀ ਬਣਾਇਆ ਜਾਂਦਾ ਹੈ ਪਰ ਉਨ੍ਹਾਂ ਨੂੰ ਵੀ ਅਕਸਰ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਫੈਸਲੇ ਲੈਣ ਦੇ ਪੱਧਰ ਤੇ ਅਕਸਰ ਹੀ ਅਖੌਤੀ ਉੱਚ ਜਾਤੀਆਂ ਦਾ ਦਬਦਬਾ ਬਣਿਆ ਰਹਿੰਦਾ ਹੈ। ਇਹ ਵੀ ਬੇਹੱਦ ਸ਼ਰਮਨਾਕ ਹੈ ਕਿ ਕਈ ਬਾਹਰਲੇ ਦੇਸ਼ਾਂ ਵਿੱਚ ਵੀ ਭਾਰਤੀ ਭਾਈਚਾਰਿਆਂ ਅਤੇ ਭਾਰਤੀ ਮੂਲ ਦੀਆਂ ਗਲੋਬਲ ਕੰਪਨੀਆਂ ਵਿੱਚ ਜਾਤੀਵਾਦ ਮੌਜੂਦ ਹੈ। ਭਾਰਤ ਵਿੱਚ ਜਾਤ ਇੱਕ ਸ਼ਕਤੀ ਦਾ ਢਾਂਚਾ ਹੈ ਜੋ ਦਮਨ ਅਤੇ ਸ਼ੋਸ਼ਣ ਨੂੰ ਸਮਰੱਥ ਬਣਾਉਂਦਾ ਹੈ ਅਤੇ ਬਰਾਬਰੀ, ਸਮਾਜਿਕ ਨਿਆਂ ਅਤੇ ਮਾਨਵਤਾਵਾਦ ਨੂੰ ਵਧਣ-ਫੁੱਲਣ ਵਿੱਚ ਰੁਕਾਵਟ ਪਾਉਂਦਾ ਹੈ। ਦਲਿਤਾਂ ਨਾਲ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪੱਧਰ ਤੇ ਵਿਤਕਰਾ ਅਜੇ ਵੀ ਵੇਖਣ ਨੂੰ ਮਿਲਦਾ ਹੈ। ਦਲਿਤ ਇਤਿਹਾਸ ਮਹੀਨਾ ਜਨਤਕ ਥਾਵਾਂ ਤੇ ਦਲਿਤਾਂ ਦਾ ਸਾਹਮਣਾ ਅਤੇ ਵਿਰੋਧ ਕਰਨ ਵਾਲੀ ਰੋਜ਼ਾਨਾ ਹਿੰਸਾ, ਇਤਿਹਾਸ ਜੋ ਮਿਟਿਆ ਜਾਪਦਾ ਹੈ, ਅਤੇ ਸਮਾਜ, ਰਾਜਨੀਤੀ ਅਤੇ ਵਪਾਰ ਵਿੱਚ ਪ੍ਰਤੀਨਿਧਤਾ ਜੋ ਪ੍ਰਾਪਤ ਕਰਨਾ ਬਾਕੀ ਹੈ ਬਾਰੇ ਚਰਚਾ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਅਪ੍ਰੈਲ ਮਹੀਨੇ ਨੂੰ ਦਲਿਤ ਇਤਿਹਾਸ ਦੇ ਮਹੀਨੇ ਵਜੋਂ ਮਾਨਤਾ ਦਿੱਤੀ ਗਈ ਹੈ। ਇਸ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਵਿਕਟੋਰੀਆ ਵਿੱਚ ਐਨਡੀਪੀ ਸਰਕਾਰ ਨੇ ਅਪ੍ਰੈਲ ਨੂੰ ਦਲਿਤ ਇਤਿਹਾਸ ਦੇ ਮਹੀਨੇ ਵਜੋਂ ਮਾਨਤਾ ਦਿੱਤੀ ਹੈ। ਰੈਡੀਕਲ ਦੇਸੀ ਦੁਆਰਾ ਭੇਜੀ ਗਈ ਇੱਕ ਅਰਜ਼ੀ ਦੇ ਜਵਾਬ ਵਿੱਚ ਇੱਕ ਆਨਲਾਈਨ ਮੈਗਜ਼ੀਨ ਜੋ ਵਿਕਲਪਕ ਰਾਜਨੀਤੀ ਨੂੰ ਕਵਰ ਕਰਦੀ ਹੈ ਸੂਬਾਈ ਅਟਾਰਨੀ ਜਨਰਲ ਅਤੇ ਲੈਫਟੀਨੈਂਟ ਗਵਰਨਰ ਨੇ ਅਪ੍ਰੈਲ 2022 ਨੂੰ ਦਲਿਤ ਇਤਿਹਾਸ ਮਹੀਨਾ ਘੋਸ਼ਿਤ ਕਰਨ ਵਾਲੇ ਘੋਸ਼ਣਾ ਪੱਤਰ ਤੇ ਦਸਤਖਤ ਕੀਤੇ ਹਨ।ਭਾਰਤ ਦੇ ਦੱਬੇ-ਕੁਚਲੇ ਲੋਕਾਂ ਨੂੰ ਪ੍ਰਚਲਿਤ ਜਾਤੀ ਪ੍ਰਣਾਲੀ ਅਨੁਸਾਰ ਭਾਰਤੀ ਸਮਾਜ ਦੀਆਂ ਅਖੌਤੀ ਉੱਚ ਜਾਤੀਆਂ ਦੁਆਰਾ ਅਕਸਰ ਅਛੂਤ ਮੰਨਿਆ ਜਾਂਦਾ ਹੈ।ਅਪ੍ਰੈਲ ਮਹੀਨਾ ਦਲਿਤ ਨੇਤਾ ਅਤੇ ਵਿਸ਼ਵ ਪ੍ਰਸਿੱਧ ਵਿਦਵਾਨ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਦਾ ਮਹੀਨਾ ਹੈ ਅਤੇ ਵਿਸ਼ਵ ਭਰ ਦੇ ਦਲਿਤਾਂ ਲਈ ਇਸ ਦੀ ਵਿਸ਼ੇਸ਼ ਮਹੱਤਤਾ ਹੈ।ਇਸ ਤੋਂ ਇਲਾਵਾ ਅਪ੍ਰੈਲ ਦਾ ਮਹੀਨਾ ਹੋਰ ਦਲਿਤ ਹਸਤੀਆਂ ਅਤੇ ਬੁੱਧੀਜੀਵੀਆਂ ਜਿਵੇਂ ਕਿ ਦਲਿਤਾਂ ਅਤੇ ਮਹਿਲਾਵਾਂ ਲਈ ਸਿੱਖਿਆ ਦੇ ਦਰਵਾਜ਼ੇ ਖੋਲਣ ਵਾਲੇ ਮਹਾਤਮਾ ਜੋਤੀਰਾਓ ਫੂਲੇ, ਗਦਰੀ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਨਾਲ ਵੀ ਸਬੰਧਿਤ ਹੈ। ਬਾਬਾ ਸਾਹਿਬ ਡਾਕਟਰ ਅੰਬੇਡਕਰ ਅਤੇ ਮਹਾਤਮਾ ਜੋਤੀਰਾਓ ਫੂਲੇ ਦੋਵੇਂ ਮਹਾਰਾਸ਼ਟਰ ਵਿੱਚ ਪੈਦਾ ਹੋਏ ਜਦਕਿ ਗਦਰੀ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਪੰਜਾਬ ਨਾਲ ਸਬੰਧਿਤ ਹਨ। 02 ਅਪ੍ਰੈਲ 2018 ਨੂੰ ਭਾਰਤ ਵਿੱਚ ਹੋਏ ਦਲਿਤ ਅੰਦੋਲਨ ਕਾਰਨ ਇਸ ਮਹੀਨੇ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ। ਇਸਤੋਂ ਇਲਾਵਾ ਅਪ੍ਰੈਲ ਮਹੀਨੇ ਨਾਲ ਕਈ ਹੋਰ ਇਤਿਹਾਸਕ ਘਟਨਾਵਾਂ ਵੀ ਜੁੜ੍ਹੀਆਂ ਹੋਈਆਂ ਹਨ ਜਿਵੇਂ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੀ ਸਲਾਹ ਤੇ 01 ਅਪ੍ਰੈਲ 1935 ਨੂੰ ਰਿਜਰਵ ਬੈਂਕ ਦੀ ਸਥਾਪਨਾ ਹੋਈ ਸੀ। 05 ਅਪ੍ਰੈਲ 1908 ਨੂੰ ਦਲਿਤ ਆਗੂ ਸਾਬਕਾ ਉੱਪ ਪ੍ਰਧਾਨ ਮੰਤਰੀ ਸਵਰਗੀ ਬਾਬੂ ਜਗਜੀਵਨ ਦਾ ਜਨਮ ਹੋਇਆ ਸੀ। ਬਾਬੂ ਜਗਜੀਵਨ ਰਾਮ ਨੇ ਅਛੂਤਾਂ ਲਈ ਸਮਾਨਤਾ ਪ੍ਰਾਪਤ ਕਰਨ ਲਈ ਸਮਰਪਿਤ ਇੱਕ ਸੰਗਠਨ, ਆਲ ਇੰਡੀਆ ਡੀਪ੍ਰੈੱਸਡ ਕਲਾਸ ਲੀਗ ਦੀ ਸਥਾਪਨਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਉਸਨੇ ਪੇਂਡੂ ਕਿਰਤੀ ਲਹਿਰ ਨੂੰ ਜਥੇਬੰਦ ਕੀਤਾ। ਉਹ ਜਵਾਹਰ ਲਾਲ ਨਹਿਰੂ ਦੀ ਅੰਤਰਿਮ ਸਰਕਾਰ ਵਿੱਚ ਭਾਰਤ ਦੇ ਪਹਿਲੇ ਮੰਤਰੀ ਮੰਡਲ ਵਿੱਚ ਲੇਬਰ ਮੰਤਰੀ ਦੇ ਤੌਰ ਤੇ ਸਭ ਤੋਂ ਘੱਟ ਉਮਰ ਦੇ ਮੰਤਰੀ ਬਣ ਗਿਆ ਸੀ ਅਤੇ ਭਾਰਤ ਦੀ ਸੰਵਿਧਾਨ ਸਭਾ ਦਾ ਮੈਂਬਰ ਵੀ ਸੀ ਜਿੱਥੇ ਉਸ ਨੇ ਯਕੀਨੀ ਬਣਾਇਆ ਕਿ ਸਮਾਜਿਕ ਨਿਆਂ ਨੂੰ ਸੰਵਿਧਾਨ ਵਿੱਚ ਸ਼ਾਮਲ ਕੀਤਾ ਗਿਆ ਹੋਵੇ। 21 ਅਪ੍ਰੈਲ ਨੂੰ ਮਹਾਨ ਸਿੱਖ ਸਕਾਲਰ ਗਿਆਨੀ ਦਿੱਤ ਸਿੰਘ ਦਾ ਜਨਮ ਦਿਨ ਹੈ। ਗਿਆਨੀ ਦਿੱਤ ਸਿੰਘ ਇੱਕ ਇਤਿਹਾਸਕਾਰ, ਵਿਦਵਾਨ, ਕਵੀ, ਸੰਪਾਦਕ ਅਤੇ ਇੱਕ ਉੱਘੇ ਸਿੰਘ ਸਭਾ ਸੁਧਾਰਕ ਸਨ। ਉਨ੍ਹਾਂ ਨੇ ਸਿੱਖ ਧਰਮ ਤੇ 70 ਤੋਂ ਵੱਧ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚੋਂ ਸਭ ਤੋਂ ਮਸ਼ਹੂਰ ਖਾਲਸਾ ਅਖਬਾਰ ਹੈ। ਉਸ ਦੇ ਦਯਾਨੰਦ ਨਾਲ ਮੇਰਾ ਸੰਵਾਦ ਅਤੇ ਦੁਰਗਾ ਪਰਬੋਧ ਸਿੱਖ ਫਲਸਫੇ ਦੇ ਪ੍ਰਮੁੱਖ ਗ੍ਰੰਥ ਮੰਨੇ ਜਾਂਦੇ ਹਨ।ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਨਿਊ ਡੈਮੋਕ੍ਰੇਟਿਕ ਪਾਰਟੀ ਦੀ ਸਰਕਾਰ ਨੇ ਇੱਕ ਇਤਿਹਾਸਕ ਕਦਮ ਚੁੱਕਦਿਆਂ ਅਪ੍ਰੈਲ ਮਹੀਨੇ ਨੂੰ ਦਲਿਤ ਇਤਿਹਾਸ ਮਹੀਨੇ ਵਜੋਂ ਮਾਨਤਾ ਦਿੱਤੀ ਹੈ। ਦਲਿਤ ਇਤਿਹਾਸ ਮਹੀਨਾ ਦਲਿਤਾਂ ਦੇ ਇਤਿਹਾਸ ਵਿੱਚ ਮਹੱਤਵਪੂਰਨ ਵਿਅਕਤੀਆਂ ਅਤੇ ਘਟਨਾਵਾਂ ਨੂੰ ਯਾਦ ਕਰਨ ਲਈ ਹਰ ਸਾਲ ਮਨਾਇਆ ਜਾਂਦਾ ਹੈ। ਦਲਿਤ ਮਹੀਨਾ ਅਪ੍ਰੈਲ ਵਿੱਚ ਵਿਸ਼ਵ ਪੱਧਰ ਤੇ ਦਲਿਤਾਂਦੇ ਪੈਰੋਕਾਰਾਂ ਦੁਆਰਾ ਮਨਾਇਆ ਜਾਂਦਾ ਹੈ। ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਕਿਹਾ ਕਿ ਉਹ ਰੰਗਾਂ ਅਤੇ ਆਦਿਵਾਸੀ ਲੋਕਾਂ ਵਿਰੁੱਧ ਭੇਦਭਾਵ ਅਤੇ ਨਸਲਵਾਦ ਦੁਆਰਾ ਪ੍ਰੇਰਿਤ ਵਿਤਕਰੇ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਵਿਰੁੱਧ ਲੜਨ ਅਤੇ ਸਾਰਿਆਂ ਲਈ ਨਿਆਂ ਅਤੇ ਸਮਾਨਤਾ ਲਿਆਉਣ ਲਈ ਮਹੀਨਾ ਮਨਾ ਰਹੀ ਹੈ। ਦਲਿਤ ਭਾਈਚਾਰਿਆਂ ਲਈ ਅਪ੍ਰੈਲ ਇੱਕ ਮਹੱਤਵਪੂਰਨ ਮਹੀਨਾ ਹੈ ਅਤੇ ਇਸ ਵਿੱਚ ਡਾਕਟਰ ਅੰਬੇਡਕਰ, ਮਹਾਤਮਾ ਜੋਤੀਰਾਓ ਫੂਲੇ, ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਲੋਕ ਕਵੀ ਸੰਤ ਰਾਮ ਉਦਾਸੀ ਵਰਗੇ ਮਹੱਤਵਪੂਰਨ ਦਲਿਤ ਨੇਤਾਵਾਂ ਅਤੇ ਸਮਾਜ ਸੁਧਾਰਕਾਂ ਦੇ ਜਨਮ ਅਤੇ ਬਰਸੀ ਸ਼ਾਮਲ ਹੈ। ਬ੍ਰਿਟਿਸ਼ ਕੋਲੰਬੀਆ ਦੀ ਘੋਸ਼ਣਾ ਨਾ ਸਿਰਫ਼ ਇਹਨਾਂ ਵਿਅਕਤੀਆਂ ਨੂੰ ਮਾਨਤਾ ਦਿੰਦੀ ਹੈ ਸਗੋਂ ਮੁਸ਼ਕਿਲਾਂ ਤੇ ਕਾਬੂ ਪਾਉਣ ਅਤੇ ਸਮਾਜਿਕ ਨਿਆਂ ਅਤੇ ਸਾਰਿਆਂ ਲਈ ਬਰਾਬਰੀ ਦੀ ਵਕਾਲਤ ਕਰਨ ਵਿੱਚ ਦਲਿਤ ਭਾਈਚਾਰੇ ਦੀ ਤਾਕਤ ਅਤੇ ਲਚਕੀਲੇਪਣ ਨੂੰ ਵੀ ਸਵੀਕਾਰ ਕਰਦੀ ਹੈ। ਕਾਲਾ ਇਤਿਹਾਸ ਮਹੀਨੇ ਤੋਂ ਪ੍ਰੇਰਿਤ ਹੋਕੇ ਨੌਜਵਾਨ ਦਲਿਤ ਔਰਤਾਂ ਦੇ ਇੱਕ ਸਮੂਹ ਨੇ 2013 ਵਿੱਚ ਦਲਿਤ ਇਤਿਹਾਸ ਮਹੀਨਾ ਸ਼ੁਰੂ ਕੀਤਾ ਸੀ। ਸੰਘਪਾਲੀ ਅਰੁਣਾ ਅਤੇ ਥਨਮੋਜ਼ੀ ਸੁੰਦਰਰਾਜਨ ਨੇ ਸ਼ਿਕਾਗੋ ਵਿੱਚ ਕਲਰ ਆਫ਼ ਵਾਇਲੈਂਸ ਕਾਨਫਰੰਸ ਵਿੱਚ ਵਿਚਾਰ ਵਟਾਂਦਰੇ ਦੌਰਾਨ ਇਹ ਵਿਚਾਰ ਪੇਸ਼ ਕੀਤੇ ਸਨ। ਦਲਿਤ ਇਤਿਹਾਸ ਮਹੀਨਾ ਦਲਿਤਾਂ ਦੇ ਇਤਿਹਾਸ ਵਿੱਚ ਮਹੱਤਵਪੂਰਨ ਲੋਕਾਂ ਅਤੇ ਘਟਨਾਵਾਂ ਨੂੰ ਯਾਦ ਕਰਨ ਦੇ ਇੱਕ ਢੰਗ ਵਜੋਂ ਦੁਨੀਆ ਭਰ ਵਿੱਚ ਮਨਾਇਆ ਜਾਂਦਾ ਹੈ। ਜਾਤ ਅਧਾਰਿਤ ਵਿਤਕਰਾ ਗੈਰ-ਕਾਨੂੰਨੀ ਹੋਣ ਦੇ ਬਾਵਜੂਦ ਦਲਿਤਾਂ ਨਾਲ ਉਨ੍ਹਾਂ ਦੀ ਜਾਤ ਦੇ ਕਾਰਨ ਵਿਤਕਰਾ ਕੀਤਾ ਜਾਂਦਾ ਹੈ। ਦੁਨੀਆ ਜਾਣਦੀ ਹੈ ਕਿ ਜਾਤੀ ਵਿਤਕਰਾ ਭਾਰਤੀ ਉਪ-ਮਹਾਂਦੀਪ ਵਿੱਚ ਵਿਤਕਰੇ ਦੇ ਸਭ ਤੋਂ ਪ੍ਰਚਲਿਤ ਰੂਪਾਂ ਵਿੱਚੋਂ ਇੱਕ ਹੈ ਜਿਸਦਾ ਨੁਕਸਾਨ ਸਭ ਤੋਂ ਵੱਧ ਦਲਿਤਾਂ ਨੂੰ ਝਲਣਾ ਪੈਂਦਾ ਹੈ।




ਜੇਕਰ ਅਪ੍ਰੈਲ ਮਹੀਨੇ ਦਾ ਦਲਿਤਾਂ ਨਾਲ ਸਬੰਧ ਵੇਖੀਏ ਤਾਂ ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ ਅਤਿੱਆਚਾਰ ਨਿਰੋਧਕ ਐਕਟ 1989 ਵਿੱਚ ਸੋਧ ਕਰਨ ਬਾਰੇ ਮਾਣਯੋਗ ਸੁਪਰੀਮ ਕੌਰਟ ਵਲੋਂ ਦਿਤੇ ਫੈਸਲੇ ਖਿਲਾਫ ਦਲਿਤਾਂ ਨੇ ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ 02 ਅਪ੍ਰੈਲ 2018 ਨੂੰ ਵੱਡੇ ਪੱਧਰ ਤੇ ਰੋਸ ਪ੍ਰਦਰਸ਼ਨ ਕੀਤਾ। ਇਸ ਰੋਸ ਪ੍ਰਦਰਸ਼ਨ ਦੀ ਖਾਸੀਅਤ ਇਹ ਸੀ ਕਿ ਇਸਦੀ ਅਗਵਾਈ ਕਿਸੇ ਇੱਕ ਰਾਜਨੀਤਿਕ ਪਾਰਟੀ ਜਾਂ ਆਗੂ ਨੇ ਨਹੀਂ ਕੀਤੀ ਸੀ ਸਗੋਂ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਗਠਨਾਂ ਨੇ ਇਕੱਠੇ ਹੋਕੇ ਇਹ ਪ੍ਰਦਰਸ਼ਨ ਕੀਤਾ ਸੀ ਜਿਸ ਤੋਂ ਬਾਦ ਭਾਰਤ ਸਰਕਾਰ ਨੇ ਇਸ ਐਕਟ ਵਿੱਚ ਸੋਧ ਨਾਂ ਕਰਨ ਦਾ ਫੈਸਲਾ ਕੀਤਾ। 11 ਅਪ੍ਰੈਲ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਮਹਾਨ ਸਮਾਜ ਸੁਧਾਰਕ ਮਹਾਤਮਾ ਜੋਤੀਰਾਓ ਫੂਲੇ ਨਾਲ ਸਬੰਧਿਤ ਹੈ। ਜਾਤ ਅਧਾਰਿਤ ਛੂਤ-ਛਾਤ ਦੀ ਨਿਖੇਧੀ ਕਰਨ ਵਾਲੇ ਸਨਮਾਨਯੋਗ ਸਮਾਜ ਸੁਧਾਰਕ ਫੂਲੇ ਦਾ ਜਨਮ 11 ਅਪ੍ਰੈਲ 1827 ਨੂੰ ਹੋਇਆ ਸੀ। ਉਹ ਇੱਕ ਸਿੱਖਿਅਕ ਵਜੋਂ ਜਾਣੇ ਜਾਂਦੇ ਸਨ ਜੋ ਵਿਗਿਆਨਕ ਸੋਚ ਅਤੇ ਮਹਿਲਾ ਸਸ਼ਕਤੀਕਰਨ ਵਿੱਚ ਵਿਸ਼ਵਾਸ ਰੱਖਦੇ ਸਨ। ਜਯੋਤੀ ਰਾਓ ਗੋਬਿੰਦ ਰਾਓ ਫੂਲੇ 19ਵੀਂ ਸਦੀ ਦਾ ਮਹਾਂਰਾਸ਼ਟਰ ਤੋਂ ਇੱਕ ਭਾਰਤੀ ਵਿਚਾਰਕ, ਜਾਤ ਵਿਰੋਧੀ ਸਮਾਜ ਸੁਧਾਰਕ, ਸਮਾਜ ਸੇਵਕ, ਲੇਖਕ, ਦਾਰਸ਼ਨਿਕ ਅਤੇ ਕਰਾਂਤੀਕਾਰੀ ਸਮਾਜਕ ਕਾਰਕੁਨ ਸੀ। ਉਸਦਾ ਕੰਮ ਛੂਤ-ਛਾਤ ਅਤੇ ਜਾਤ-ਪਾਤ ਦੇ ਖਾਤਮੇ, ਔਰਤਾਂ ਅਤੇ ਦੱਬੇ-ਕੁਚਲੇ ਲੋਕਾਂ ਨੂੰ ਸਿੱਖਿਅਤ ਕਰਨ ਦੇ ਯਤਨਾਂ ਸਮੇਤ ਕਈ ਖੇਤਰਾਂ ਵਿੱਚ ਫੈਲਿਆ ਹੋਇਆ ਸੀ।ਉਹ ਅਤੇ ਉਸਦੀ ਪਤਨੀ, ਸਾਵਿਤਰੀਬਾਈ ਫੂਲੇ, ਭਾਰਤ ਵਿੱਚ ਔਰਤਾਂ ਦੀ ਸਿੱਖਿਆ ਦੇ ਮੋਢੀ ਸਨ। ਉਸਨੇ ਨੀਵੀਆਂ ਜਾਤਾਂ ਦੇ ਲੋਕਾਂ ਲਈ ਸਮਾਨ ਅਧਿਕਾਰ ਪ੍ਰਾਪਤ ਕਰਨ ਲਈ ਸੱਤਿਆਸ਼ੋਧਕ ਸਮਾਜ ਦੀ ਸਥਾਪਨਾ ਕੀਤੀ। ਉਸਨੇ ਕਿਸਾਨਾਂ ਦੀ ਹਾਲਤ ਵਿੱਚ ਸੁਧਾਰ ਲਈ ਵੀ ਯਤਨ ਕੀਤਾ। ਡਾਕਟਰ ਅੰਬੇਡਕਰ ਨੇ ਵੀ ਮਹਾਤਮਾ ਜੋਤੀਰਾਓ ਫੂਲੇ ਨੂੰ ਅਪਣਾ ਇੱਕ ਗੁਰੂ ਮੰਨਿਆ ਹੈ। 14 ਅਪ੍ਰੈਲ ਦਾ ਦਿਨ ਡਾਕਟਰ ਭੀਮ ਰਾਓ ਅੰ-ਬੇਡਕਰ ਨਾ ਸਬੰਧਿਤ ਹੈ। 14 ਅਪ੍ਰੈਲ 1891 ਨੂੰ ਮਹਾਰਾਸ਼ਟਰ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਹੋਇਆ ਸੀ। ਡਾਕਟਰ ਅੰਬੇਡਕਰ ਅਜਾਦ ਭਾਰਤ ਵਿੱਚ ਕਨੂੰਨ ਮੰਤਰੀ ਬਣੇ ਅਤੇ ਆਪ ਨੇ ਭਾਰਤੀ ਸੰਵਿਧਾਨ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਉਨ੍ਹਾਂ ਨੇ ਜਾਤ ਆਧਾਰਿਤ ਵਿਤਕਰੇ ਦਾ ਵਿਰੋਧ ਕੀਤਾ। ਡਾਕਟਰ ਅੰਬੇਡਕਰ ਨੇ ਜਨਤਕ ਥਾਵਾਂ ਤੇ ਦਲਿਤਾਂ ਦੇ ਦਾਖਲੇ ਲਈ ਸੰਘਰਸ਼ ਕੀਤਾ ਅਤੇ ਅੰਗਰੇਜ ਸਰਕਾਰ ਦੀ ਸਹਾਇਤਾ ਨਾਲ ਦਲਿਤਾਂ ਲਈ ਸਿੱਖਿਆ ਅਤੇ ਰੋਜ਼ਗਾਰ ਦੇ ਦਰਵਾਜੇ ਖੋਲੇ। ਉਨ੍ਹਾਂ ਨੇ ਹੋਰ ਸਮਾਜ ਸੁਧਾਰਕਾਂ ਨਾਲ ਮਿਲਕੇ ਸਮਾਜ ਵਿੱਚ ਫੈਲੀਆਂ ਕੁਪ੍ਰਥਾਵਾਂ ਨੂੰ ਖਤਮ ਕਰਨ ਲਈ ਮੁਹਿੰਮ ਚਲਾਈ ਅਤੇ ਦਲਿਤਾਂ ਲਈ ਕਲਿਆਣਕਾਰੀ ਯੋਜਨਾਵਾਂ ਸ਼ੁਰੂ ਕਰਵਾਈਆਂ। ਡਾਕਟਰ ਅੰਬੇਡਕਰ ਇੱਕ ਭਾਰਤੀ ਕਾਨੂੰਨਸਾਜ਼, ਅਰਥਸ਼ਾਸਤਰੀ, ਰਾਜਨੀਤੀਵਾਨ ਅਤੇ ਸਮਾਜ ਸੁਧਾਰਕ ਸਨ ਜਿਨ੍ਹਾਂ ਨੇ ਦਲਿਤ ਲਹਿਰ ਨੂੰ ਪ੍ਰੇਰਿਤ ਕੀਤਾ ਅਤੇ ਸਮਾਜਿਕ ਭੇਦਭਾਵ ਦੇ ਖਿਲਾਫ ਪ੍ਰਚਾਰ ਕੀਤਾ। 1990 ਵਿਚ ਬਾਬਾਸਾਹਿਬ ਅੰਬੇਡਕਰ ਨੂੰ ਮਰਨ ਉਪਰੰਤ ਭਾਰਤ ਦਾ ਸਭ ਤੋਂ ਵੱਡਾ ਨਾਗਰਿਕ ਪੁਰਸਕਾਰ ਭਾਰਤ ਰਤਨ ਦਿੱਤਾ ਗਿਆ। ਡਾਕਟਰ ਅੰਬੇਡਕਰ ਜੀ ਸਿਰਫ਼ ਦੱਬੇ ਕੁੱਚਲੇ ਲੋਕਾਂ ਦੇ ਹੀ ਮਸੀਹਾ ਨਹੀਂ ਹਨ ਬਲਕਿ ਇੱਕ ਯੁੱਗ ਪੁਰਸ਼ ਹੁੰਦੇ ਹੋਏ ਸਮੁੱਚੀ ਮਾਨਵਤਾ ਦੇ ਭਲੇ ਲਈ ਕੰਮ ਕਰਨ ਵਾਲੇ ਮਹਾਨ ਵਿਦਵਾਨ ਸਨ। 20 ਅਪ੍ਰੈਲ ਦਾ ਦਿਨ ਪੰਜਾਬ ਵਿੱਚ ਜਨਮੇ ਲੋਕ ਕਵੀ ਸੰਤ ਰਾਮ ਉਦਾਸੀ ਨਾਲ ਸਬੰਧਿਤ ਹੈ। ਲੋਕ ਕਵੀ ਸੰਤ ਰਾਮ ਉਦਾਸੀ ਇੱਕ ਕ੍ਰਾਂਤੀਕਾਰੀ ਕਵੀ ਸੀ ਜਿਸਦਾ ਜਨਮ 20 ਅਪ੍ਰੈਲ 1939 ਨੂੰ ਹੋਇਆ ਸੀ। ਉਹ ਕਮਿਊਨਿਸਟ ਇਨਕਲਾਬ ਤੋਂ ਪ੍ਰਭਾਵਿਤ ਸੀ ਅਤੇ ਗਰੀਬ ਮਜ਼ਦੂਰ ਜਮਾਤ ਦੇ ਹੱਕਾਂ ਲਈ ਅਤੇ ਜੁਲਮ ਦਾ ਵਿਰੋਧ ਕਰਨ ਵਾਲਿਆਂ ਲਈ ਇੱਕ ਪ੍ਰੇਰਣਾ ਸਰੋਤ ਬਣਿਆ ਹੈ।ਉਸ ਵੇਲੇ ਦਲਿਤ ਲੋਕ ਸਿਰਫ਼ ਮਜ਼ਦੂਰੀ ਕਰ ਕੇ ਹੀ ਗੁਜ਼ਾਰਾ ਕਰਦੇ ਸਨ। ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਲੜਨ ਵਾਲੇ ਲੋਕਾਂ ਵਿਚ ਨਵੀਂ ਰੂਹ ਭਰ ਦਿੱਤੀ। ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਹਕੂਮਤ ਨੂੰ ਵੰਗਾਰਨ ਵਾਲੀਆਂ ਸਨ ਜਿਹੜੀਆਂ ਸਰਕਾਰ ਨੂੰ ਹਜ਼ਮਨਹੀਂ ਹੋ ਰਹੀਆਂ ਸਨ। ਉਦਾਸੀ ਨੇ ਮਜ਼ਦੂਰਾਂ ਅਤੇ ਕਾਮਿਆਂ ਦੇ ਦੁੱਖ ਨੂੰ ਅਣਗਿਣਤ ਕਵਿਤਾਵਾਂ ਵਿਚ ਖੁੱਲ੍ਹ ਕੇ ਬਿਆਨ ਕੀਤਾ ਹੈ। ਸੰਤ ਰਾਮ ਉਦਾਸੀ ਕੰਮੀਆਂ ਦੇ ਵਿਹੜੇ ਦੀ ਗੱਲ ਕਰਦਾ ਹੋਇਆ

(ਬਾਕੀ ਸਫਾ 11 ‘ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# 75 ਦਿਨਾਂ ਤੋਂ ਲਾਪਤਾ ਭਾਰਤੀ ਅਮਰੀਕੀ ਨਬਾਲਗ ਕੁੜੀ ਫਲੋਰਿਡਾ ਵਿਚੋਂ ਮਿਲੀ

**ਸੈਕਰਾਮੈਂਟੋ, ਕੈਲੀਫੋਰਨੀਆ–** ਪਿਛਲੇ 75 ਦਿਨਾਂ ਤੋਂ ਲਾਪਤਾ ਭਾਰਤੀ ਅਮਰੀਕੀ ਲੜਕੀ ਤਾਨਵੀ ਮਰੂਪਲੀ ਫਲੋਰਿਡਾ ਵਿਚੋਂ ਸੁਰੱਖਿਅਤ ਮਿਲ ਗਈ ਹੈ। ਕੋਨਵੇਅ ਦੇ ਪੁਲਿਸ ਮੁੱਖੀ ਵਿਲੀਅਮ ਟਪਲੇ ਨੇ ਕਿਹਾ ਹੈ ਕਿ ਲੜਕੀ ਨੂੰ ਸੁਰੱਖਿਅਤ ਮਾਪਿਆਂ ਕੋਲ ਪਹੁੰਚਾ ਦਿੱਤਾ ਗਿਆ ਹੈ। ਆਈ ਟੀ ਖੇਤਰ ਵਿਚ ਵੱਡੀ ਪੱਧਰ ਉਪਰ ਛਾਂਟੀ ਉਪਰੰਤ ਵਾਪਿਸ ਭਾਰਤ ਭੇਜੇ ਜਾਣ ਦੇ ਡਰ ਤੋਂ 15 ਸਾਲਾ ਤਾਨਵੀ ਅਰਕਨਸਾਸ ਸਥਿੱਤ ਆਪਣੇ ਘਰ ਤੋਂ ਫਰਾਰ ਹੋ ਗਈ ਸੀ।

ਉਸ ਨੂੰ ਆਖਰੀ ਵਾਰ 17 ਜਨਵਰੀ ਨੂੰ ਕੋਨਵੇਅ ਜੂਨੀਅਰ ਹਾਈ ਸਕੂਲ ਨੇੜੇ ਵੇਖਿਆ ਗਿਆ ਸੀ। ਪੁਲਿਸ ਮੁੱਖੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਤਾਨਵੀ ਕਈ ਮੀਲ ਤੁਰ ਕੇ 22 ਜਨਵਰੀ ਨੂੰ ਕਨਸਾਸ ਸ਼ਹਿਰ ਵਿਚ ਪਹੁੰਚੀ ਜਿਥੇ ਉਹ ਆਪਣੀ ਗਲਤ ਪਛਾਣ ਦਸ ਕੇ ਬੇਘਰਿਆਂ ਲਈ ਬਣੀ



ਸ਼ਰਨਗਾਹ ਵਿਚ ਦੋ ਮਹੀਨੇ ਰਹੀ। ਬਾਅਦ ਵਿਚ ਉਹ ਫਲੋਰਿਡਾ ਚਲੀ ਗਈ ਜਿਥੇ ਉਹ ਇਕ ਖੰਡਰ ਇਮਾਰਤ ਵਿਚ ਰਹੀ। ਲਾਇਬ੍ਰੇਰੀ ਵਿਚ ਉਸ ਦੇ ਪੜਨ ਦੇ ਸ਼ੌਕ ਕਾਰਨ ਪੁਲਿਸ ਉਸ ਨੂੰ ਲੱਭਣ ਵਿਚ ਕਾਮਯਾਬ ਰਹੀ। ਕੋਨਵੇਅ ਪੁਲਿਸ ਵਿਭਾਗ ਨੂੰ 29 ਮਾਰਚ ਨੂੰ ਕਿਸੇ ਨੇ ਇਤਲਾਹ ਦਿੱਤੀ ਕਿ ਤਾਨਵੀ ਨੂੰ ਉਸ ਨੇ ਲਾਇਬ੍ਰੇਰੀ ਵਿਚ ਵੇਖਿਆ ਹੈ ਜਿਥੇ ਪੁਲਿਸ ਨੇ ਉਸ ਨੂੰ ਆਪਣੀ ਸੁਰੱਖਿਅਤ ਹਿਰਾਸਤ ਵਿਚ ਲੈ ਲਿਆ। ਤਾਨਵੀ ਦੇ ਪਿਤਾ ਪਵਨ ਰਾਏ ਮਰੂਪਲੀ ਨੇ ਪੁਲਿਸ ਨੂੰ ਦਸਿਆ ਕਿ ਇਸ ਸਮੇ ਉਸ ਨੂੰ ਨੌਕਰੀ ਖੁਸਣ ਤੇ ਦੇਸ਼ ਨਿਕਾਲੇ ਦਾ ਕੋਈ ਖਤਰਾ ਨਹੀਂ ਹੈ। ਇਥੇ ਜਿਕਰਯੋਗ ਹੈ ਕਿ ਭਾਰਤੀ ਭਾਈਚਾਰੇ ਨੇ ਪਰਿਵਾਰ ਨਾਲ ਮਿਲ ਕੇ ਤਾਨਵੀ ਨੂੰ ਲੱਭਣ ਲਈ ਸਿਰਤੋੜ ਕੋਸ਼ਿਸ਼ਾਂ ਕੀਤੀਆਂ ਤੇ ਸੂਹ ਦੇਣ ਵਾਲੇ ਨੂੰ 5 ਹਜਾਰ ਡਾਲਰ ਇਨਾਮ ਦੇਣ ਦਾ ਐਲਾਨ ਵੀ ਕੀਤਾ ਸੀ।

# 12 ਸਾਲਾ ਲੜਕੇ ਨੇ ਹਥਿਆਰ ਦੇਣ ਤੋਂ ਨਾਂਹ ਕਰਨ 'ਤੇ ਇਕ ਵਿਅਕਤੀ ਨੂੰ ਮਾਰੀ ਗੋਲੀ

**ਸੈਕਰਾਮੈਂਟੋ, ਕੈਲੀਫੋਰਨੀਆ–** ਮਿਲਵੌਕੀ (ਵਿਸਕਾਨਸਿਨ) ਵਿਚ ਇਕ 12 ਸਾਲ ਦੇ ਲੜਕੇ ਵੱਲੋਂ ਗੋਲੀ ਮਾਰ ਕੇ ਇਕ ਵਿਅਕਤੀ ਦੀ ਹੱਤਿਆ ਕਰ ਦੇਣ ਦੀ ਰਿਪੋਰਟ ਹੈ। ਪੁਲਿਸ ਅਨੁਸਾਰ 34 ਸਾਲ ਦੇ ਬਰੈਂਡਨ ਫੈਲਟਨ ਨਾਮੀ ਵਿਅਕਤੀ ਵੱਲੋਂ ਲੜਕੇ ਨੂੰ ਹਥਿਆਰ ਵੇਚਣ ਤੋਂ ਨਾਂਹ ਕਰ ਦੇਣ 'ਤੇ ਲੜਕਾ ਉਸ ਦੇ ਘਰ ਗਿਆ ਤੇ ਉਸ ਨੂੰ ਗੋਲੀ ਮਾਰ ਦਿੱਤੀ ਜਿਸ ਨਾਲ ਉਸ ਦੀ ਮੌਤ ਹੋ ਗਈ। ਲੜਕੇ ਵਿਰੁੱਧ ਪਹਿਲਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਮਾਮਲੇ ਦੀ ਮੁੱਢਲੀ ਸੁਣਵਾਈ 4 ਅਪ੍ਰੈਲ ਨੂੰ ਹੋਵੇਗੀ।

# ਅਮਰੀਕਾ ਵਿਚ ਅਪੋਲੋ ਥੀਏਟਰ ਦੀ ਛੱਤ ਡਿੱਗਣ ਨਾਲ 1 ਮੌਤ, 28 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ–**ਅਮਰੀਕਾ ਦੇ ਇਲੀਨੋਇਸ ਰਾਜ ਵਿਚ ਬੈਲਵੀਡਰ ਵਿਖੇ ਸੰਗੀਤ ਸੰਮੇਲਣ ਦੌਰਾਨ ਅਪੋਲੋ ਥੀਏਟਰ ਦੀ ਛੱਤ ਡਿੱਗ ਜਾਣ ਦੇ ਸਿੱਟੇ ਵਜੋਂ 1 ਵਿਅਕਤੀ ਦੀ ਮੌਤ ਹੋ ਗਈ ਤੇ 28 ਹੋਰ ਜ਼ਖਮੀ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਥੀਏਟਰ ਦੀ ਪੂਰੀ ਛੱਤ ਦਰਸ਼ਕਾਂ ਤੇ ਹੋਰ ਲੋਕਾਂ ਉਪਰ ਆ ਡਿੱਗੀ। ਦੱਖਣ ਤੇ ਮੱਧ ਪੱਛਮ ਵਿਚ ਆਏ ਭਿਆਨਕ ਤੂਫ਼ਾਨ ਤੋਂ ਬਾਅਦ ਬੀਤੀ ਸ਼ਾਮ ਵਾਪਰੀ ਇਹ ਇਕ ਵੱਡੀ ਦੁੱਖਦ–ਾਈ ਘਟਨਾ ਹੈ। ਜਿਸ ਸਮੇ ਥੀਏਟਰ ਦੀ ਛੱਤ ਡਿੱਗੀ ਉਸ ਸਮੇ ਮਹਿਮਾਨਾਂ, ਕਲਾਕਾਰਾਂ ਤੇ ਸਟਾਫ਼ ਸਮੇਤ ਅੰਦਾਜਨ 260 ਲੋਕ ਅੰਦਰ ਸਨ। ਸਮਾਗਮ ਦੇ ਕੋਆਰਡੀਨੇਟਰ ਨੇ ਇਹ ਜਾਣਕਾਰੀ ਜਾਰੀ ਇਕ ਬਿਆਨ ਵਿਚ ਦਿੱਤੀ ਹੈ।



ਬੈਲਵੀਡਰ ਅੱਗ ਬੁਝਾਊ ਵਿਭਾਗ ਦੇ ਮੁੱਖੀ ਸ਼ਾਨ ਸ਼ੈਡਲ ਨੇ ਕਿਹਾ ਹੈ ਕਿ ਮੌਸਮ ਵਿਚ ਗੰਭੀਰ ਤਬਦੀਲੀ ਵੇਖਣ ਨੂੰ ਮਿਲੀ ਹੈ। ਉਨਾਂ ਕਿਹਾ ਕਿ 28 ਜ਼ਖਮੀਆਂ ਨੂੰ ਖੇਤਰ ਵਿਚਲੇ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ। ਜ਼ਖਮੀਆਂ ਵਿਚੋਂ 5 ਦੇ ਗੰਭੀਰ ਸੱਟਾਂ ਲੱਗੀਆਂ ਹਨ, 18 ਹੋਰ ਦਰਮਿਆਨੇ ਜ਼ਖਮੀ ਹਨ ਜਦ ਕਿ 5 ਦੇ ਮਾਮੂਲੀ ਜ਼ਖਮ ਹਨ। ਉਨਾਂ ਕਿਹਾ ਕਿ ਕੁਝ ਹੋਰ ਜ਼ਖਮੀਆਂ ਨੂੰ ਨਿੱਜੀ ਵਾਹਣਾਂ ਰਾਹੀਂ ਹਸਪਤਾਲਾਂ ਵਿਚ ਪਹੁੰਚਾਉਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਲੀਨੋਇਸ ਐਮਰਜੈਂਸੀ ਮੈਨਜਮੈਂਟ ਏਜੰਸੀ ਦੇ ਬੁਲਾਰੇ ਕੈਵਿਨ ਸੁਰ ਨੇ ਕਿਹਾ ਹੈ ਕਿ ਬੀਤੀ ਸ਼ਾਮ ਹੀ ਉੱਤਰੀ ਇਲੀਨੋਇਸ ਵਿਚ ਕਰਾਅਫੋਰਡ ਕਾਊਂਟੀ ਵਿੱਚ ਇਕ ਰਿਹਾਇਸ਼ੀ ਇਮਾਰਤ ਡਿੱਗਣ ਕਾਰਨ 3 ਲੋਕ ਮਾਰੇ ਗਏ ਹਨ। ਇਸ ਤਰਾਂ 6 ਰਾਜਾਂ ਵਿਚ ਭਿਆਨਕ ਤੂਫ਼ਾਨ ਦੀ ਲਪੇਟ ਵਿਚ ਆ ਕੇ ਹੁਣ ਤੱਕ 21 ਲੋਕ ਮਾਰੇ ਜਾ ਚੁੱਕੇ ਹਨ।

# ਏਸ਼ੀਅਨ ਮੂਲ ਦੇ ਵਿਅਕਤੀ ਦੀ ਨਫ਼ਰਤੀ ਅਪਰਾਧ ਤਹਿਤ ਹੱਤਿਆ ਕਰਨ ਦੇ ਮਾਮਲੇ ਵਿੱਚ ਗੋਰੇ ਨੂੰ 22 ਸਾਲ ਕੈਦ



**ਸੈਕਰਾਮੈਂਟੋ, ਕੈਲੀਫੋਰਨੀਆ–** ਨਿਊਯਾਰਕ ਵਿਚ ਇਕ ਏਸ਼ੀਅਨ ਮੂਲ ਦੇ ਵਿਅਕਤੀ 'ਤੇ ਨਸਲੀ ਨਫ਼ਰਤ ਤਹਿਤ ਹੱਤਿਆ ਕਰਨ ਦੇ ਮਾਮਲੇ ਵਿਚ 51 ਸਾਲਾ ਜਰੋਡ ਪਾਵਲ ਨੂੰ 22 ਸਾਲ ਜੇਲ ਦੀ ਸਜ਼ਾ ਸੁਣਾਈ ਗਈ ਹੈ। ਮੈਨਹਟਨ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਜਰੋਡ ਵਿਰੁੱਧ ਦੂਸਰਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਸਨ ਤੇ ਉਸ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਡਿਸਟ੍ਰਿਕਟ ਅਟਾਰਨੀ ਐਲਵਨ ਬਰਾਗ ਨੇ ਇਕ ਬਿਆਨ ਵਿਚ ਕਿਹਾ ਹੈ ਕਿ 61 ਸਾਲਾ ਯਾਓ ਪੈਨ ਮਾ ਦੀ ਹੱਤਿਆ ਉਸ ਦੀ ਨਸਲ ਕਾਰਨ ਹੋਈ ਸੀ। ਅਪ੍ਰੈਲ 2021 ਵਿਚ ਉਸ ਉਪਰ ਉਸ ਵੇਲੇ ਹਮਲਾ ਹੋਇਆ ਸੀ ਜਦੋਂ ਉਹ ਈਸਟ ਹਰਲੇਮ ਕੋਰਨਰ ਵਿਖੇ ਕੇਨੀਆਂ ਇਕੱਠੀਆਂ ਕਰ ਰਿਹਾ ਸੀ। ਇਸ ਹਮਲੇ ਵਿਚ ਚੀਨੀ ਮੂਲ ਦਾ ਅਮਰੀਕੀ ਯਾਓ ਪੈਨ ਮਾ ਗੰਭੀਰ ਜਖਮੀ ਹੋ ਗਿਆ ਸੀ ਤੇ ਤਕਰੀਬਨ 8 ਮਹੀਨੇ ਬਾਅਦ 31 ਦਸੰਬਰ 2021 ਨੂੰ ਦਮ ਤੋੜ ਗਿਆ ਸੀ।

# ਅਮਰੀਕੀ ਸਰਹੱਦ ਨੇੜੇ ਕੈਨੇਡਾ ਪੁਲਿਸ ਵੱਲੋਂ 8 ਲਾਸ਼ਾਂ ਬਰਾਮਦ

**ਸੈਕਰਾਮੈਂਟੋ, ਕੈਲੀਫੋਰਨੀਆ–**ਕੈਨੇਡਾ ਪੁਲਿਸ ਵੱਲੋਂ ਅਮਰੀਕੀ ਸਰਹੱਦ ਨੇੜੇ ਅਕਵੈਸਾਸਨ ਵਿਚ 8 ਲਾਸ਼ਾਂ ਬਰਾਮਦ ਕਰਨ ਦੀ ਖ਼ਬਰ ਹੈ। ਅਕਵੈਸਾਸਨ ਮੋਹਾਕ ਰਾਸ਼ਟਰ ਖੇਤਰ ਹੈ ਜੋ ਕੈਨੇਡਾ ਦੇ ਕਿਊਬਕ ਤੇ ਓਨਟਾਰੀਓ ਰਾਜਾਂ ਵਿਚ ਸੇਂਟ ਲਾਰੈਂਸ ਦਰਿਆ ਦੇ ਨਾਲ ਨਾਲ ਫੈਲਿਆ ਹੋਇਆ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਮਾਰੇ ਗਏ ਸਾਰੇ ਲੋਕ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼



ਵਿਚ ਸਨ। ਅਕਵੈਸਾਸਨ ਮੋਹਾਕ ਪੁਲਿਸ ਮੁੱਖੀ ਸ਼ਾਨ ਡੂਲਿਊਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮ੍ਰਿਤਕਾਂ ਵਿਚ 6 ਬਾਲਗ ਤੇ 2 ਬੱਚੇ ਸ਼ਾਮਿਲ ਹਨ। ਪੁਲਿਸ ਨੇ ਕਿਹਾ ਹੈ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਮ੍ਰਿਤਕਾਂ ਵਿਚ ਇਕ ਰੋਮਾਨੀਅਨ ਤੇ ਇਕ ਭਾਰਤੀ ਪਰਿਵਾਰ ਦੇ ਲੋਕ ਸ਼ਾਮਿਲ ਹਨ। ਦਰਿਆ ਵਿਚੋਂ ਪੁਲਿਸ ਹੋਰ ਸੰਭਾਵੀ ਲਾਸ਼ਾਂ ਦੀ ਭਾਲ ਕਰ ਰਹੀ ਹੈ।

# ਅਮਰੀਕੀ ਫੌਜ ਦੇ ਦੋ ਹੈਲੀਕਾਪਟਰ ਆਪਸ ਵਿਚ ਟਕਰਾਏ, 9 ਸੈਨਿਕਾਂ ਦੀ ਮੌਤ



**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਕੈਂਟੁਕੀ ਰਾਜ ਦੇ ਦੱਖਣ-ਪੱਛਮ ਵਿਚ ਸਿਖਲਾਈ ਦੌਰਾਨ ਅਮਰੀਕੀ ਫੌਜ ਦੇ ਦੋ ਬਲੈਕ ਹਾਵਕ ਹੈਲੀਕਾਪਟਰਾਂ ਦੇ ਟਕਰਾਉਣ ਕਾਰਨ 9 ਸੈਨਿਕਾਂ ਦੀ ਮੌਤ ਹੋ ਗਈ। ਇਹ ਹਾਦਸਾ ਪਿਛਲੀ ਰਾਤ ਵਾਪਰਿਆ। ਫੌਜ ਦੇ ਟਿਕਾਣੇ ਫੋਰਟ ਕੈਂਪਬੈਲ ਦੇ ਬੁਲਾਰੇ ਨਾਨਡਾਈਸ ਥਰਮੈਨ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਫੌਜ ਦੀ 101 ਵੀਂ ਏਅਰਬੋਰਨ ਡਵੀਜ਼ਨ ਦੇ ਡਿਪਟੀ ਕਮਾਂਡਰ ਬ੍ਰਿਗੇਡੀਅਰ ਜਨ ਜੌਹਨ ਲੂਬਾਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮਲਟੀ-ਸ਼ਿੱਪ ਅਭਿਆਸ ਦੌਰਾਨ ਵਾਪਰੇ ਹਾਦਸੇ ਵਿਚ 2 ਹੈਲੀਕਾਪਟਰਾਂ ਵਿਚ ਸਵਾਰ ਸਾਰੇ 9 ਫੌਜੀ ਮਾਰੇ ਗਏ ਹਨ। ਹਾਦਸੇ ਦਾ ਸ਼ਿਕਾਰ ਹੋਏ ਇਕ ਹੈਲੀਕਾਪਟਰ ਵਿਚ 5 ਜਦ ਕਿ ਦੂਸਰੇ ਵਿਚ 4 ਸੈਨਿਕ ਸਵਾਰ ਸਨ।

# ਅਮਰੀਕਾ ਵਿਚ ਘਰੇਲੂ ਝਗੜਾ ਸੁਲਝਾਉਣ ਗਏ ਇਕ ਪੁਲਿਸ ਅਫਸਰ ਦੀ ਗੋਲੀ ਮਾਰ ਕੇ ਹੱਤਿਆ ਤੇ ਦੂਸਰਾ ਗੰਭੀਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ–**ਅਮਰੀਕਾ ਦੇ ਅਲਾਬਾਮਾ ਰਾਜ ਵਿਚ ਹੰਟਸਵਿਲੇ ਵਿਖੇ ਘਰੇਲੂ ਝਗੜੇ ਦੇ ਮਾਮਲੇ ਵਿਚ ਮੌਕੇ 'ਤੇ ਪੁੱਜੇ 2 ਪੁਲਿਸ ਅਫਸਰਾਂ ਉਪਰ ਘਰ ਵਿਚ ਲੁਕੇ ਸ਼ੱਕੀ ਵੱਲੋਂ ਗੋਲੀ ਚਲਾਉਣ ਦੀ ਖ਼ਬਰ ਹੈ। ਹੰਟਸਵਿਲੇ ਪੁਲਿਸ ਵਿਭਾਗ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਇਕ ਔਰਤ ਉਪਰ ਹਮਲਾ ਹੋਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਸਨ।

ਅਚਾਨਕ ਸ਼ੱਕੀ ਵੱਲੋਂ ਚਲਾਈਆਂ ਗੋਲੀਆਂ ਕਾਰਨ ਜ਼ਖਮੀ ਹੋਏ ਦੋ ਪੁਲਿਸ ਅਫਸਰਾਂ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਇਕ ਪੁਲਿਸ ਅਫਸਰ ਦੀ ਮੌਤ ਹੋ ਗਈ ਜਦ ਕਿ ਦੂਸਰੇ ਦੀ ਹਾਲਤ ਗੰਭੀਰ ਹੈ। ਮ੍ਰਿਤਕ



ਪੁਲਿਸ ਅਫਸਰ ਦੀ ਪਛਾਣ ਗਰੈਟ ਕਰਮਬੀ (36) ਵਜੋਂ ਹੋਈ ਹੈ ਜਦ ਕਿ 34 ਸਾਲਾ ਅਲਬਰਟ ਮੋਰਿਨ ਹਸਪਤਾਲ ਵਿਚ ਇਲਾਜ਼ ਅਧੀਨ ਹੈ। ਅਲਾਬਾਮਾ ਦੇ ਅਟਾਰਨੀ ਜਨਰਲ ਸਟੀਵ ਮਾਰਸ਼ਲ ਨੇ ਕਿਹਾ ਹੈ ਕਿ ਕਰਮਬੀ ਹੰਟਸਵਿਲੇ ਪੁਲਿਸ ਵਿਭਾਗ ਵਿਚ ਪਿਛਲੇ 3 ਸਾਲ ਤੋਂ ਕੰਮ ਕਰ ਰਿਹਾ ਸੀ ਤੇ ਇਸ ਸਾਲ ਆਪਣੀ ਡਿਊਟੀ ਦੌਰਾਨ ਜਾਨ ਗਵਾਉਣ ਵਾਲਾ ਉਹ ਪਹਿਲਾ ਪੁਲਿਸ ਅਫਸਰ ਹੈ। ਪੁਲਿਸ ਨੇ ਸ਼ੱਕੀ ਜੁਆਨ ਰਾਬਰਟ (24) ਨੂੰ ਗ੍ਰਿਫਤਾਰ ਕਰ ਲਿਆ ਹੈ ਤੇ ਉਸ ਵਿਰੁੱਧ ਲਾਅ ਇਨਫੋਰਸਮੈਂਟ ਪੁਲਿਸ ਅਫਸਰ ਦੀ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਉਸ ਨੂੰ ਮੈਡੀਸਨ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ।

# ਅਮਰੀਕਾ ਦੀ ਇਕ ਬਾਰ ਵਿਚ ਹੋਈ ਗੋਲੀਬਾਰੀ ਵਿੱਚ 3 ਮੌਤਾਂ ਤੇ 3 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ–** ਬੀਤੀ ਰਾਤ ਅਮਰੀਕਾ ਦੇ ਓਕਲਾਹੋਮਾ ਰਾਜ ਦੇ ਓਕਲਾਹੋਮਾ ਸ਼ਹਿਰ ਵਿਚ ਹੋਈ ਗੋਲੀਬਾਰੀ ਵਿਚ 3 ਵਿਅਕਤੀਆਂ ਦੀ ਮੌਤ ਹੋਣ ਤੇ 3 ਹੋਰਨਾਂ ਦੇ ਜ਼ਖਮੀ ਹੋਣ ਦੀ ਖ਼ਬਰ ਹੈ। ਸੂਚਨਾ ਮਿਲਣ 'ਤੇ ਪੁਲਿਸ ਅਫਸਰ ਰਾਤ 10 ਵਜੇ ਦੇ ਆਸਪਾਸ ਬਾਰ ਵਿਚ ਪੁੱਜੇ ਜਿਥੇ ਗੋਲੀਆਂ ਵੱਜਣ ਕਾਰਨ 3 ਵਿਅਕਤੀ ਦਮ ਤੋੜ ਚੁੱਕੇ ਸਨ। ਓਕਲਾਹੋਮਾ ਸਿਟੀ ਪੁਲਿਸ ਅਨੁਸਾਰ 3 ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ ਹੈ ਜਿਨਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ ਜਦ ਕਿ 2 ਦੀ ਹਾਲਤ ਸਥਿਰ ਹੈ। ਅਜੇ ਇਹ ਪਤਾ ਨਹੀਂ ਲੱਗ ਸਕਿਆ ਕਿ ਕਿਸ ਕਾਰਨ ਗੋਲੀਆਂ ਚੱਲੀਆਂ। ਪੁਲਿਸ ਨੇ ਇਕ ਟਵੀਟ ਵਿਚ ਲੋਕਾਂ ਨੂੰ ਕਿਹਾ ਹੈ ਕਿ ਮਾਮਲਾ ਜਾਂਚ ਅਧੀਨ ਹੈ ਇਸ ਲਈ ਘਟਨਾ ਵਾਲੇ ਸਥਾਨ 'ਤੇ ਜਾਣ ਤੋਂ ਬਚਿਆ ਜਾਵੇ।

# ਅਮਰੀਕਾ ਵਿਚ ਖ਼ਰਾਬ ਮੌਸਮ ਕਾਰਨ ਹਜਾਰਾਂ ਉਡਾਣਾਂ ਰੱਦ, ਵਧੀਆਂ ਯਾਤਰੀਆਂ ਦੀਆਂ ਮੁਸ਼ਕਿਲਾਂ

**ਸੈਕਰਾਮੈਂਟੋ, ਕੈਲੀਫੋਰਨੀਆ–** ਕੇਂਦਰੀ ਅਮਰੀਕਾ ਦੇ ਜਿਆਦਾਤਰ ਹਿੱਸੇ ਵਿਚ ਜਬਰਦਸਤ ਤੂਫ਼ਾਨ ਆਉਣ ਦੀ ਕੀਤੀ ਗਈ ਭਵਿੱਖਬਾਣੀ ਦੇ ਦਰਮਿਆਨ ਵੱਖ ਵੱਖ ਏਅਰਲਾਈਨਾਂ ਨੇ ਹਜਾਰਾਂ ਉਡਾਣਾਂ ਰੱਦ ਕਰ ਦਿੱਤੀਆਂ ਹਨ ਜਾਂ ਉਨਾਂ ਦੇ ਸਮੇ ਵਿਚ ਤਬਦੀਲੀ ਕੀਤੀ ਗਈ ਹੈ ਜਿਸ ਕਾਰਨ ਯਾਤਰੀਆਂ ਦੀਆਂ ਪ੍ਰੇਸ਼ਾਨੀਆਂ ਵਧ ਗਈਆਂ ਹਨ। ਫਲਾਈਟ ਟਰੈਕਿੰਗ ਵੈਬਸਾਈਟ ਫਲਾਈਅਵੇਅਰ ਅਨੁਸਾਰ ਦੁਪਹਿਰ ਬਾਅਦ 1।30 ਵਜੇ ਤੱਕ 670 ਤੋਂ ਵਧ ਉਡਾਣਾਂ ਰੱਦ ਕੀਤੀਆਂ ਜਾ ਚੁੱਕੀਆਂ ਸਨ ਜਦ ਕਿ 2700 ਉਡਾਣਾਂ ਦੇ ਸਮੇ ਵਿਚ ਤਬਦੀਲੀ ਕੀਤੀ ਗਈ ਹੈ। ਡੈਲਟਾ ਏਅਰ ਲਾਈਨਜ਼ ਨੇ ਆਪਣੀਆਂ 303 ਅਰਥਾਤ 9% ਉਡਾਣਾਂ ਰੱਦ ਕਰ ਦਿੱਤੀਆਂ ਹਨ। ਜਿਆਦਾਤਰ ਮਾਮਲਿਆਂ ਵਿਚ ਰੱਦ ਹੋਈਆਂ ਉਡਾਣਾਂ ਦੇ ਯਾਤਰੀ ਆਪਣਾ ਪੂਰਾ ਪੈਸਾ ਵਪਿਸ ਲੈ ਸਕਦੇ ਹਨ ਜਾਂ ਨਵੇਂ ਸਿਰੇ ਤੋਂ ਬਦਲਵੀਂ ਤਰੀਕ 'ਤੇ ਆਪਣੀ ਸੀਟ ਬੁੱਕ ਕਰਵਾ ਸਕਦੇ ਹਨ।

# ਚੀਨ 'ਚ 40 ਲੱਖ ਤੱਕ ਪੁੱਜਾ 'ਬ੍ਰਾਈਡ ਪ੍ਰਾਈਜ਼'

**ਬੀਜਿੰਗ–** ਚੀਨ 'ਚ 'ਇੱਕ ਬੱਚਾ' ਨੀਤੀ ਲੰਬੇ ਸਮੇਂ ਤੋਂ ਲਾਗੂ ਰਹੀ ਹੈ। ਘਟਦੀ ਆਬਾਦੀ ਤੋਂ ਪਰੇਸ਼ਾਨ ਚੀਨੀ ਸਰਕਾਰ ਨੇ ਪਰਿਵਾਰ ਨਿਯੋਜਨ ਦੇ ਨਿਯਮਾਂ ਵਿਚ ਢਿੱਲ ਦੇਣ ਦਾ ਐਲਾਨ ਕੀਤਾ ਹੈ, ਜਿਸ ਦੇ ਚੱਲਦੇ ਉੱਥੇ ਜੋੜੇ ਹੁਣ 3 ਬੱਚੇ ਪੈਦਾ ਕਰ ਸਕਣਗੇ। ਚੀਨ 'ਚ 'ਇੱਕ ਬੱਚਾ' ਨੀਤੀ ਦੇ ਦੌਰ ਵਿੱਚ ਬਹੁਤੇ ਲੋਕ ਧੀਆਂ ਦੀ ਥਾਂ ਪੁੱਤਰਾਂ ਨੂੰ ਤਰਜੀਹ ਦੇਣ ਲੱਗ ਪਏ ਸਨ। ਨਤੀਜੇ ਵਜੋਂ, ਅੱਜ ਚੀਨ ਵਿੱਚ ਲਿੰਗ ਅਨੁਪਾਤ ਕਾਫ਼ੀ ਵਿਗੜ ਗਿਆ ਹੈ। ਮੁੰਡਿਆਂ ਨੂੰ ਵਿਆਹ ਲਈ ਕੁੜੀਆਂ ਨਹੀਂ ਮਿਲ ਰਹੀਆਂ ਹਨ।



ਉਥੇ ਹੀ ਜਿਨ੍ਹਾਂ ਕੁੜੀਆਂ ਦੀ ਵਿਆਹ ਦੀ ਉਮਰ ਹੋ ਗਈ ਹੈ, ਉਨ੍ਹਾਂ ਦੇ ਮਾਪੇ ਦਾਜ ਵਿਚ ਮੋਟੀ ਰਕਮ ਮੰਗ ਰਹੇ ਹਨ। ਕਿਉਂਕਿ ਚੀਨ ਵਿਚ ਪਰੰਪਰਾ ਹੈ ਕਿ ਮੁੰਡੇ ਵਾਲੇ ਕੁੜੀ ਵਾਲਿਆਂ ਨੂੰ ਦਾਜ ਦਿੰਦੇ ਹਨ। ਇਸ ਪਰੰਪਰਾ ਨੂੰ ਕੈਲੀ ਜਾਂ ਬ੍ਰਾਈਡ ਪ੍ਰਾਈਜ਼ ਕਿਹਾ ਜਾਂਦਾ ਹੈ ਪਰ ਹੁਣ ਇਹ ਪਰੰਪਰਾ ਭਾਰਤ ਦੀ ਦਾਜ ਪ੍ਰਥਾ ਦੀ ਤਰ੍ਹਾਂ ਵਿਗੜ ਚੁੱਕੀ ਹੈ। ਕਿਉਂਕਿ ਕੁੜੀਆਂ ਦੇ ਮਾਪੇ ਇਸ ਪਰੰਪਰਾ ਤਹਿਤ ਔਸਤਨ 16-17 ਲੱਖ ਦੇ ਦਾਜ ਦੀ ਮੰਗ ਕਰਦੇ ਹਨ। ਕਈ ਵਾਰ ਇਹ ਦਾਜ 40 ਲੱਖ ਤੋਂ ਵੀ ਵੱਧ ਹੋ ਜਾਂਦਾ ਹੈ। ਚੀਨ ਦੇ ਪੇਂਡੂ ਖੇਤਰਾਂ ਵਿੱਚ ਗਰੀਬ ਕਿਸਾਨ ਪਰਿਵਾਰਾਂ ਦੇ ਮੁੰਡੇ ਇਸ ਪਰੰਪਰਾ ਕਾਰਨ ਵਿਆਹ ਨਹੀਂ ਕਰਵਾ ਪਾ ਰਹੇ ਹਨ। ਆਬਾਦੀ ਘਟਣ ਦੇ ਖਦਸ਼ੇ ਤੋਂ ਪਰੇਸ਼ਾਨ ਚੀਨ ਲਈ ਹੁਣ ਬ੍ਰਾਈਡ ਪ੍ਰਾਈਜ਼ ਪਰੰਪਰਾ ਨਵੀਂ ਮੁਸੀਬਤ ਬਣ ਗਈ ਹੈ।

# ਰੈਜ਼ੀਡੈਂਟ ਵੀਜ਼ੇ-ਲੇਖਾ-ਜੋਖਾ- 168,013 ਲੋਕ ਹੋ ਗਏ ਪੱਕੇ, 82.35% ਅਰਜ਼ੀਆਂ ਨਿਬੜੀਆਂ-ਬਚੀਆਂ ਸਿਰਫ 18,722

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਇਮੀਗ੍ਰੇਸ਼ਨ ਨਿਊਜ਼ੀਲੈਂਡ ਵੱਲੋਂ '2021 ਰੈਜ਼ੀਡੈਂਟ ਵੀਜ਼ਾ ਸ਼੍ਰੇਣੀ' ਅਧੀਨ ਦੋ ਗੇੜਾਂ ਵਿਚ ਅਰਜ਼ੀਆਂ ਮੰਗੀਆਂ ਗਈਆਂ ਸਨ ਅਤੇ ਇਹ 31 ਜੁਲਾਈ 2022 ਤੱਕ ਦਾਖਿਲ ਕਰਨ ਵਾਸਤੇ ਸਨ। ਇਸ ਸ਼੍ਰੇਣੀ ਅਧੀਨ ਹੁਣ ਤੱਕ (01 ਅਪ੍ਰੈਲ 2023 ਤੱਕ) ਅੱਪਡੇਟ ਹੋਏ ਅੰਕੜੇ ਅਤੇ ਮੇਰੇ ਵੱਲੋਂ ਦਫਤਰ ਤੋਂ ਲਈ ਵਿਸ਼ੇਸ਼ ਜਾਣਕਾਰੀ ਅਨੁਸਾਰ ਹੁਣ ਤੱਕ ਕੁੱਲ 168,013 ਲੋਕ ਪੱਕੇ ਹੋ ਗਏ ਹਨ। ਇਸ ਸ਼੍ਰੇਣੀ ਅਧੀਨ ਕੁੱਲ 106,101 ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿਚ ਕੁੱਲ 214,311 ਲੋਕ ਸ਼ਾਮਿਲ ਸਨ। ਇਨ੍ਹਾਂ ਅਰਜ਼ੀਆਂ ਵਿਚੋਂ 87,081 ਅਰਜ਼ੀਆਂ ਨਿਬੜ ਚੁੱਕੀਆਂ ਹਨ। 298 ਅਰਜ਼ੀਆਂ ਅਯੋਗ ਕਰਾਰ ਦਿੱਤੀਆਂ ਗਈਆਂ ਹਨ ਜਾਂ ਫਿਰ ਵਾਪਿਸ ਲੈ ਲਈਆਂ ਗਈਆਂ ਹਨ। ਇਨ੍ਹਾਂ ਮੰਜ਼ੂਰ ਹੋਈਆਂ ਅਰਜ਼ੀਆਂ ਦੇ ਵਿਚ 33,109 ਅਰਜ਼ੀਆਂ ਤੋਂ ਵੱਧ ਭਾਰਤੀ ਮੂਲ ਦੇ ਲੋਕਾਂ ਦੀਆਂ ਸਨ ਜਿਨ੍ਹਾਂ ਵਿਚੋਂ 28,074 ਤੋਂ ਵੱਧ ਦਾ ਨਿਬੇੜਾ ਹੋ ਚੁੱਕਾ ਹੈ ਅਤੇ 5000 ਦੇ ਕਰੀਬ ਰਹਿ ਗਈਆਂ ਹਨ। ਭਾਰਤੀ ਮੂਲ ਦੇ ਕੁੱਲ 56,250 ਵਿਚੋਂ 45,781 ਤੋਂ ਵੱਧ ਲੋਕ ਹੁਣ ਤੱਕ ਪੱਕੇ ਹੋ ਚੁੱਕੇ ਹਨ।




# ਜਾਰਜੀਆ ਦੀ ਵਿਧਾਨ ਸਭਾ ਵੱਲੋਂ ਹਿੰਦੂਤਵ ਵਿਰੁੱਧ ਹਮਲਿਆਂ ਬਾਰੇ ਨਿੰਦਾ ਪ੍ਰਸਤਾਵ ਪਾਸ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਜਾਰਜੀਆ ਦੀ ਵਿਧਾਨ ਸਭਾ ਨੇ ਹਿੰਦੂਤਵ ਉਪਰ ਹੋ ਰਹੇ ਹਮਲਿਆਂ ਬਾਰੇ ਨਿੰਦਾ ਪ੍ਰਸਤਾਵ ਪਾਸ ਕੀਤਾ ਹੈ। ਪ੍ਰਸਤਾਵ ਵਿਚ ਹਿੰਦੂਫੋਬੀਆ, ਹਿੰਦੂ ਧਰਮ ਵਿਰੁੱਧ ਕੱਟੜਤਾ ਤੇ ਅਸਹਿਣਸ਼ੀਲਤਾ ਦੀ ਨਿੰਦਾ ਕੀਤੀ ਗਈ ਹੈ। ਵਿਧਾਨ ਸਭਾ ਵਿਚ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਥੇ ਜ਼ਿਕਰਯੋਗ ਹੈ ਕਿ ਅਮਰੀਕਾ ਭਰ ਦੇ ਰਾਜਾਂ ਵੱਲੋਂ ਹੋਰ ਧਰਮਾਂ ਬਾਰੇ ਵਿਖਾਈ ਜਾਂਦੀ ਕੱਟੜਤਾ ਵਿਰੁੱਧ ਮਤੇ ਪਾਸ ਕੀਤੇ ਗਏ ਹਨ ਪਰੰਤੂ ਹਿੰਦੂ ਧਰਮ ਬਾਰੇ ਕਿਸੇ ਵੀ ਰਾਜ ਵੱਲੋਂ ਅਜਿਹਾ ਮਤਾ ਪਾਸ ਨਹੀਂ ਕੀਤਾ ਗਿਆ। ਹਿੰਦੂ ਧਰਮ ਬਾਰੇ ਮਤਾ ਪਾਸ ਕਰਨ ਵਾਲਾ ਜਾਰਜੀਆ ਪਹਿਲਾ ਰਾਜ ਬਣ ਗਿਆ ਹੈ। ਇਹ ਮਤਾ 5 ਵਿਧਾਇਕਾਂ ਵੱਲੋਂ ਪੇਸ਼ ਕੀਤਾ ਗਿਆ ਸੀ ਜਿਸ ਵਿਚ ਹਿੰਦੂਆਂ ਤੇ ਹਿੰਦੂ ਧਰਮ ਦੀ ਵਿਸ਼ਵ ਨੂੰ ਦੇਣ ਦਾ ਵਰਣਨ ਕੀਤਾ ਗਿਆ ਹੈ। ਮਤੇ ਵਿਚ ਕਿਹਾ ਗਿਆ ਹੈ ਕਿ ਵਿਧਾਨ ਸਭਾ ਹਿੰਦੂ ਅਮਰੀਕੀਆਂ ਵੱਲੋਂ ਲਿਆਂਦੀ ਭਿੰਨਤਾ ਤੇ ਪਰਿਵਾਰਕ ਕਦਰਾਂ ਕੀਮਤਾਂ ਬਹਾਲ ਰਖਣ ਦਾ ਸਵਾਗਤ ਕਰਦੀ ਹੈ ਤੇ ਉਨਾਂ ਸਾਰੇ ਲੋਕਾਂ ਨੂੰ ਜੀ ਆਇਆਂ ਕਹਿੰਦੀ ਹੈ ਜਿਨਾਂ ਨੇ ਸਖਤ ਮਿਹਨਤ ਦੁਆਰਾ ਆਰਥਕ ਤੇ ਸਮਾਜਿਕ ਵਿਕਾਸ ਵਿਚ ਯੋਗਦਾਨ ਪਾਇਆ।

# ਅਮਰੀਕਾ ਵਿਚ ਅਧਿਆਪਕ ਵੱਲੋਂ ਸਕੂਲ ਪ੍ਰਸ਼ਾਸਕਾਂ ਤੇ ਸਕੂਲ ਬੋਰਡ ਵਿਰੁੱਧ 4 ਕਰੋੜ ਡਾਲਰ ਦੇ ਮੁਆਵਜ਼ੇ ਦਾ ਦਾਅਵਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਨਿਊਪੋਰਟ ਨਿਊਜ, ਵਰਜੀਨੀਆ ਦੇ ਰਿਚਨੈਕ ਐਲੀਮੈਂਟਰੀ ਸਕੂਲ ਦੀ ਫਸਟ ਗਰੇਡ ਅਧਿਆਪਕਾ ਜਿਸ ਉਪਰ ਇਸ ਸਾਲ ਦੇ ਸ਼ੁਰੂ ਵਿਚ ਇਕ 6 ਸਾਲ ਦੇ ਵਿਦਿਆਰਥੀ ਵੱਲੋਂ ਗੋਲੀ ਚਲਾਈ ਗਈ ਸੀ, ਨੇ ਅਦਾਲਤ ਵਿਚ ਸਕੂਲ ਪ੍ਰਸ਼ਾਸਕਾਂ ਤੇ ਸਕੂਲ ਬੋਰਡ ਵਿਰੁੱਧ ਪਟੀਸ਼ਨ ਦਾਇਰ ਕਰਕੇ 4 ਕਰੋੜ ਡਾਲਰ ਦੇ ਮੁਆਵਜ਼ੇ ਦੀ ਮੰਗ ਕੀਤੀ ਹੈ। ਐਬੀਗੇਲ ਵਰਨਰ (25) ਵੱਲੋਂ ਦਾਇਰ ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ ਸਕੂਲ ਪ੍ਰਸ਼ਾਸਕ ਤੇ ਸਕੂਲ ਬੋਰਡ ਵਿਦਿਆਰਥੀ ਦੇ ਹਿੰਸਕ ਰਵਈਏ ਤੋਂ ਜਾਣੂ ਸਨ ਪਰੰਤੂ ਉਨਾਂ ਨੇ ਲੋੜੀਂਦੇ ਕਦਮ ਨਹੀਂ ਚੁੱਕੇ ਜਿਸ ਕਾਰਨ ਵਿਦਿਆਰਥੀ ਕਲਾਸ ਵਿਚ ਹਥਿਆਰ ਲਿਆਉਣ ਵਿੱਚ ਕਾਮਯਾਬ ਰਿਹਾ। ਅਧਿਆਪਕਾ ਨੇ ਕਿਹਾ ਹੈ ਕਿ ਸਕੂਲ ਦਾ ਸਟਾਫ ਤੇ ਪ੍ਰਸ਼ਾਸਕ ਜਾਣਦੇ ਸਨ ਕਿ ਬੱਚਾ ਆਪਣੇ ਘਰ ਵਿਚ ਹਿੰਸਕ ਹੋ ਜਾਂਦਾ ਸੀ ਤੇ ਬੱਚੇ ਦੇ ਮਾਪਿਆਂ ਨੇ ਉਸ ਨੂੰ ਵਿਸ਼ੇਸ਼ ਕਲਾਸ ਰੂਮ ਵਿਚ ਪੜਾਉਣ ਤੋਂ ਨਾਂਹ ਕਰ ਦਿੱਤੀ ਸੀ। ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ ਸਹਾਇਕ ਪ੍ਰਿੰਸੀਪਲ ਨੇ ਅਧਿਆਪਕਾਂ ਤੇ ਸਟਾਫ ਮੈਂਬਰਾਂ ਵੱਲੋਂ ਬੱਚੇ ਬਾਰੇ ਪ੍ਰਗਟਾਈ ਗਈ ਚਿੰਤਾ ਵਲ ਧਿਆਨ ਨਹੀਂ ਦਿੱਤਾ ਜਿਸ ਕਾਰਨ 6 ਜਨਵਰੀ ਨੂੰ ਗੋਲੀਬਾਰੀ ਦੀ ਘਟਨਾ ਵਾਪਰੀ। ਜਿਕਰਯੋਗ ਹੈ ਕਿ ਬੱਚੇ ਵੱਲੋਂ ਚਲਾਈ ਗੋਲੀ ਅਧਿਆਪਕਾ ਦੇ ਹੱਥ ਉਪਰ ਲੱਗੀ ਸੀ ਜਿਸ ਕਾਰਨ ਉਸ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ ਸੀ।**

# ਕੈਂਟਰਬਰੀ ਕੱਦੂ ਮੇਲੇ ਵਿਚ 211.6 ਕਿਲੋਗ੍ਰਾਮ ਦੇ ਕੱਦੂ ਨੇ ਜਿਤਿਆ ਪਹਿਲਾ ਇਨਾਮ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਦੱਖਣੀ ਟਾਪੂ ਵਿਖੇ 'ਕੈਂਟਰਬਰੀ'ਜ਼ ਲਿਟਲ ਰਿਵਰ ਪੰਪਕਿਨ ਫੈਸਟੀਵਲ' (ਕੱਦੂ ਮੇਲੇ) ਵਿਚ ਖੂਬ ਰੌਣਕ ਰਹੀ। ਕਿਸਾਨਾਂ ਨੇ ਆਪਣੇ ਬੱਚਿਆਂ ਦੇ ਨਾਲ ਇਸ ਮੇਲੇ ਨੂੰ ਸ਼ਾਨਦਾਰ ਬਣਾਇਆ ਅਤੇ ਕੱਦੂ ਤੋਂ ਤਿਆਰ ਮਠਿਆਈਆਂ ਅਤੇ ਹੋਰ ਸਮਾਨ ਖਾਧਾ। ਵੱਡੇ ਕੱਦੂਆਂ ਦਾ ਮੁਕਾਬਲਾ ਖੂਬ ਚਰਚਾ ਵਿਚ ਰਿਹਾ ਹੈ ਅਤੇ 211.6 ਕਿਲੋਗ੍ਰਾਮ ਦਾ ਕੱਦੂ ਜੇਤੂ ਬਣ ਗਿਆ। ਇਸ ਕੱਦੂ ਨੂੰ ਬੜੇ ਸ਼ਾਨ ਦੇ ਨਾਲ ਵੱਡੀਆਂ ਗੱਡੀਆਂ ਦੇ ਵਿਚ ਲਿਆਂਦਾ ਗਿਆ। ਲੱਦ ਲਦਾਈ ਵਾਸਤੇ ਮਸ਼ੀਨਰੀ ਦੀ ਵੀ ਵਰਤੋਂ ਕੀਤੀ ਗਈ। ਇਸ ਕੱਦੂ ਮੇਲੇ ਵਿਚ ਕਈ ਤਰ੍ਹਾਂ ਦੀਆਂ ਕਿਸਮਾਂ ਸ਼ਾਮਿਲ ਸਨ। ਮੇਲੇ ਵਿਚ ਜਮ੍ਹਾ ਹੋਇਆ ਸਹਾਇਤਾ ਫੰਡ ਸਥਾਨਕ ਸਕੂਲ ਲਈ ਭੇਟ ਕੀਤਾ ਗਿਆ।









# ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 20 ਮਈ ਤੋਂ ਸ਼ੁਰੂ

**ਮੁਹਾਲੀ–** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਜੀ ਦੀ ਪਵਿੱਤਰ ਯਾਤਰਾ 20 ਮਈ ਤੋਂ ਸ਼ੁਰੂ ਹੋ ਰਹੀ ਹੈ। ਇਹ ਜਾਣਕਾਰੀ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਇਸ ਸਮੇਂ ਗੁਰਦੁਆਰਾ ਸ੍ਰੀ ਗੋਵਿੰਦ ਧਾਮ ਤੋਂ 6 ਕਿਲੋਮੀਟਰ ਅੱਗੇ ਗੁਰਦੁਆਰਾ ਸਾਹਿਬ ਨੂੰ ਜਾਂਦੇ ਯਾਤਰਾ ਮਾਰਗ 'ਤੇ ਬਰਫ਼ ਹੈ । ਰਸਤੇ 'ਤੇ ਪਈ ਬਰਫ਼ ਨੂੰ ਹਰ ਸਾਲ ਫ਼ੌਜ ਦੇ ਜਵਾਨਾਂ ਵੱਲੋਂ ਦਿਨ-ਰਾਤ ਮਿਹਨਤ ਕਰਕੇ ਰਾਹਗੀਰਾਂ ਦੇ ਆਉਣ-ਜਾਣ ਯੋਗ ਬਣਾਇਆ ਜਾਂਦਾ ਹੈ । ਇਸ ਵਾਰ ਰਸਤੇ 'ਤੇ ਕਾਫੀ ਬਰਫ ਪਈ ਹੈ। ਜਿਸ ਕਾਰਨ ਫੌਜ ਦੇ ਜਵਾਨਾਂ ਨੂੰ ਇੱਕ ਮਹੀਨਾ ਪਹਿਲਾਂ ਬਰਫ ਸਾਫ਼ ਕਰਨ ਲਈ ਜਾਣਾ ਪੈਂਦਾ ਹੈ।

ਬਿੰਦਰਾ ਨੇ ਦੱਸਿਆ ਕਿ ਇਸ ਸਬੰਧੀ ਉੱਤਰਾਖੰਡ ਸਰਕਾਰ ਦੇ ਮੁੱਖ ਸਕੱਤਰ ਡਾ ਐਸਐਸਸੰਧੂ ਨਾਲ ਮੀਟਿੰਗ ਅੱਜ ਬੁੱਧਵਾਰ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮੀਟਿੰਗ ਤੋਂ ਬਾਅਦ ਫੈਸਲਾ ਕੀਤਾ ਗਿਆ ਕਿ ਗੁਰਦੁਆਰਾ ਟਰੱਸਟ ਵੱਲੋਂ ਸਰਕਾਰ ਦੇ ਸਹਿਯੋਗ ਨਾਲ ਇਸ ਸਾਲ 20 ਮਈ ਨੂੰ ਗੁਰਦੁਆਰਾ ਸਾਹਿਬ ਦੇ ਦਰਵਾਜ਼ੇ ਖੋਲ੍ਹੇ ਜਾਣਗੇ। ਉਨ੍ਹਾਂ ਦੱਸਿਆ ਕਿ ਯਾਤਰਾ ਮਾਰਗ 'ਤੇ ਪਈ ਬਰਫ਼ ਨੂੰ ਹਟਾਉਣ ਲਈ ਭਾਰਤੀ ਫ਼ੌਜ ਦੇ ਜਵਾਨ 20 ਅਪਰੈਲ ਨੂੰ ਘਨਘੜੀਆ ਲਈ ਰਵਾਨਾ ਹੋਣਗੇ।

ਉਨ੍ਹਾਂ ਦੱਸਿਆ ਕਿ ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਦੇਸ਼-ਵਿਦੇਸ਼ ਤੋਂ ਪੁੱਜਦੀਆਂ ਹਨ। ਇਸ ਸਬੰਧੀ ਲੰਗਰ-ਪਾਣੀ, ਡਾਕਟਰੀ ਸਹਾਇਤਾ ਅਤੇ ਹੋਰ ਸਹੂਲਤਾਂ ਦੇਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਬਿੰਦਰਾ ਨੇ ਟਰੱਸਟ ਦੀ ਤਰਫੋਂ ਯਾਤਰਾ ਲਈ ਆਉਣ ਵਾਲੀਆਂ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਫਵਾਹਾਂ 'ਤੇ ਧਿਆਨ ਨਾ ਦੇਣ ਅਤੇ ਯਾਤਰਾ ਸਬੰਧੀ ਪੂਰੀ ਜਾਣਕਾਰੀ ਗੁਰਦੁਆਰਿਆਂ ਨਾਲ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਉਤਰਾਖੰਡ ਸਰਕਾਰ ਨੇ ਵੀ ਯਾਤਰੀਆਂ ਨੂੰ ਪ੍ਰਸ਼ਾਸਨ ਅਤੇ ਟਰੱਸਟ ਵੱਲੋਂ ਸਮੇਂ-ਸਮੇਂ 'ਤੇ ਦਿੱਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਉਨ੍ਹਾਂ ਦੀ ਯਾਤਰਾ ਨੂੰ ਸੁਚਾਰੂ ਢੰਗ ਨਾਲ ਪੂਰਾ ਕੀਤਾ ਜਾ ਸਕੇ।

****

# ਪਾਕਿ 'ਚ 81 ਹਿੰਦੂ ਕੁੜੀਆਂ ਦਾ ਹੋਇਆ ਜ਼ਬਰਦਸਤੀ ਧਰਮ ਪਰਿਵਰਤਨ- ਅੰਕੜੇ

**ਇਸਲਾਮਾਬਾਦ–** ਪਾਕਿਸਤਾਨ ਵਿੱਚ ਜਬਰੀ ਧਰਮ ਪਰਿਵਰਤਨ ਦੇ ਮਾਮਲੇ ਵੱਧ ਰਹੇ ਹਨ। ਪਾਕਿਸਤਾਨ ਵਿੱਚ 2022 ਵਿੱਚ ਜਬਰੀ ਧਰਮ ਪਰਿਵਰਤਨ ਦੀਆਂ ਘੱਟ ਤੋਂ ਘੱਟ 124 ਘਟਨਾਵਾਂ ਘਟਨਾਵਾਂ ਸਾਹਮਣੇ ਆਈਆਂ, ਜਿਨ੍ਹਾਂ ਵਿੱਚ ਘੱਟ ਗਿਣਤੀ ਭਾਈਚਾਰਿਆਂ ਦੀਆਂ ਕੁੜੀਆਂ ਅਤੇ ਔਰਤਾਂ ਸ਼ਾਮਲ ਸਨ। ਇਹਨਾਂ ਵਿੱਚ 81 ਹਿੰਦੂ, 42 ਈਸਾਈ ਅਤੇ ਇੱਕ ਸਿੱਖ ਭਾਈਚਾਰੇ ਨਾਲ ਸਬੰਧਤ ਸੀ। ਡਾਨ ਨਿਊਜ਼ ਦੀ ਰਿਪੋਰਟ ਮੁਤਾਬਕ ਇੱਕ ਮਨੁੱਖੀ ਅਧਿਕਾਰ ਆਬਜ਼ਰਵਰ 2023 ਦੀ ਤੱਥ ਸ਼ੀਟ ਨੇ ਖੁਲਾਸਾ ਕੀਤਾ ਕਿ 23 ਪ੍ਰਤੀਸ਼ਤ ਕੁੜੀਆਂ 14 ਸਾਲ ਤੋਂ ਘੱਟ ਉਮਰ ਦੀਆਂ ਸਨ, ਉਨ੍ਹਾਂ ਵਿੱਚੋਂ 36 ਪ੍ਰਤੀਸ਼ਤ 14 ਤੋਂ 18 ਸਾਲ ਦੀ ਉਮਰ ਦੇ ਵਿਚਕਾਰ ਸਨ ਅਤੇ ਪੀੜਤਾਂ ਵਿੱਚੋਂ ਸਿਰਫ 12 ਪ੍ਰਤੀਸ਼ਤ ਬਾਲਗ ਸਨ, ਜਦੋਂ ਕਿ 28 ਫੀਸਦੀ ਦੀ ਉਮਰ ਦੀ ਰਿਪੋਰਟ ਨਹੀਂ ਕੀਤੀ ਗਈ।



2022 ਵਿੱਚ ਸਿੰਧ ਵਿੱਚ ਜਬਰੀ ਧਰਮ ਪਰਿਵਰਤਨ ਦੇ 65 ਫੀਸਦੀ ਮਾਮਲੇ ਸਾਹਮਣੇ ਆਏ। ਇਸ ਤੋਂ ਬਾਅਦ ਪੰਜਾਬ ਵਿੱਚ 33 ਫੀਸਦੀ ਅਤੇ ਖੈਬਰ ਪਖਤੂਨਖਵਾ ਅਤੇ ਬਲੋਚਿਸਤਾਨ ਵਿੱਚ 0।8 ਫੀਸਦੀ ਮਾਮਲੇ ਸਾਹਮਣੇ ਆਏ। ਡਾਨ ਨੇ ਰਿਪੋਰਟ ਕੀਤੀ ਕਿ ਤੱਥ ਸ਼ੀਟ ਨੇ ਖੁਲਾਸਾ ਕੀਤਾ ਕਿ ਸਾਲ 2022 ਦੌਰਾਨ ਪਾਠਕ੍ਰਮ ਅਤੇ ਪਾਠ ਪੁਸਤਕਾਂ ਵਿੱਚ ਘੱਟ ਗਿਣਤੀਆਂ ਵਿਰੁੱਧ ਧਾਰਮਿਕ ਸਮੱਗਰੀ ਵਧੀ ਹੈ ਅਤੇ ਸਿੱਖਿਆ ਪ੍ਰਣਾਲੀ ਵਿੱਚ ਕਈ ਸਦੀਵੀ ਅਤੇ ਨਵੀਆਂ ਚੁਣੌਤੀਆਂ ਸਾਹਮਣੇ ਆਈਆਂ ਹਨ।ਸੈਂਟਰ ਫਾਰ ਸੋਸ਼ਲ ਜਸਟਿਸ (ਸੀਐਸਜੇ) ਦੀ ਇੱਕ ਰਿਪੋਰਟ ਵਿੱਚ ਧਾਰਮਿਕ ਘੱਟ ਗਿਣਤੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਪੰਜ ਮੁੱਖ ਮੁੱਦਿਆਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਵਿੱਚ ਸਿੱਖਿਆ ਪ੍ਰਣਾਲੀ ਵਿੱਚ ਵਿਤਕਰਾ, ਜ਼ਬਰਦਸਤੀ ਧਰਮ ਪਰਿਵਰਤਨ ਦਾ ਪ੍ਰਚਲਨ, ਈਸ਼ਨਿੰਦਾ ਕਾਨੂੰਨਾਂ ਦੀ ਦੁਰਵਰਤੋਂ, ਘੱਟ ਗਿਣਤੀਆਂ ਲਈ ਰਾਸ਼ਟਰੀ ਕਮਿਸ਼ਨ ਦੀ ਸਥਾਪਨਾ ਅਤੇ ਘੱਟ ਗਿਣਤੀ ਕੈਦੀਆਂ ਲਈ ਜੇਲ੍ਹ ਮੁਆਫੀ ਸ਼ਾਮਲ ਹਨ। ਤੱਥ ਸ਼ੀਟ ਤੋਂ ਪਤਾ ਚੱਲਦਾ ਹੈ ਕਿ ਈਸ਼ਨਿੰਦਾ ਕਾਨੂੰਨ ਤਹਿਤ 171 ਲੋਕ ਦੋਸ਼ੀ ਸਨ, ਜਿਨ੍ਹਾਂ ਵਿੱਚੋਂ 65 ਫੀਸਦੀ ਮਾਮਲੇ ਪੰਜਾਬ ਅਤੇ 19 ਫੀਸਦੀ ਸਿੰਧ ਵਿੱਚ ਸਾਹਮਣੇ ਆਏ ਹਨ।

ਸਭ ਤੋਂ ਵੱਧ ਘਟਨਾਵਾਂ ਕਰਾਚੀ ਦੇ ਜ਼ਿਲ੍ਹਿਆਂ ਵਿੱਚ ਦੇਖੀਆਂ ਗਈਆਂ। ਇਸ ਤੋਂ ਬਾਅਦ ਚਿਨਿਓਟ, ਫੈਸਲਾਬਾਦ, ਗੁਜਰਾਂਵਾਲਾ, ਡੇਰਾ ਗਾਜ਼ੀ ਖਾਨ, ਨਨਕਾਣਾ ਸਾਹਿਬ, ਲਾਹੌਰ ਅਤੇ ਸ਼ੇਖੂਪੁਰਾ ਵਿੱਚ ਹਨ। ਸਭ ਤੋਂ ਵੱਧ ਪੀੜਤ (88) ਮੁਸਲਮਾਨ ਸਨ, ਇਸ ਤੋਂ ਬਾਅਦ 75 ਅਹਿਮਦੀ, ਚਾਰ ਈਸਾਈ ਅਤੇ ਦੋ ਹਿੰਦੂ ਸਨ, ਜਦੋਂ ਕਿ ਦੋ ਦੋਸ਼ੀਆਂ ਦੀ ਧਾਰਮਿਕ ਪਛਾਣ ਦਾ ਪਤਾ ਨਹੀਂ ਲੱਗ ਸਕਿਆ। ਡਾਨ ਨੇ ਰਿਪੋਰਟ ਦਿੱਤੀ ਕਿ ਚਾਰ ਮੁਲਜ਼ਮਾਂ ਨੂੰ ਗੈਰ-ਨਿਆਇਕ ਤੌਰ 'ਤੇ ਮਾਰਿਆ ਗਿਆ।

### ਪਾਕਿ 'ਚ ਜਬਰੀ ਧਰਮ ਖ਼ਿਲਾਫ਼ ਹਿੰਦੂ ਭਾਈਚਾਰੇ ਵੱਲੋਂ ਪ੍ਰਦਰਸ਼ਨ

ਪਾਕਿਸਤਾਨ 'ਚ ਹਿੰਦੂ ਕੁੜੀਆਂ ਦੇ ਜਬਰੀ ਧਰਮ ਪਰਿਵਰਤਨ ਜਾਰੀ ਹਨ। ਪਾਕਿਸਤਾਨ ਦੇ ਘੱਟ ਗਿਣਤੀ ਹਿੰਦੂ ਭਾਈਚਾਰੇ ਦੇ ਕਈ ਮੈਂਬਰਾਂ ਨੇ ਦੇਸ਼ ਵਿੱਚ ਹਿੰਦੂ ਕੁੜੀਆਂ ਅਤੇ ਔਰਤਾਂ ਦੇ ਜਬਰੀ ਧਰਮ ਪਰਿਵਰਤਨ ਅਤੇ ਵਿਆਹਾਂ ਦੀ ਸਮੱਸਿਆ ਵੱਲ ਧਿਆਨ ਖਿੱਚਣ ਲਈ ਵੀਰਵਾਰ ਨੂੰ ਕਰਾਚੀ ਸ਼ਹਿਰ ਵਿੱਚ ਇੱਕ ਰੋਸ ਮਾਰਚ ਕੱਢਿਆ। ਹਿੰਦੂ ਸੰਗਠਨ ਪਾਕਿਸਤਾਨ ਦਰਾਵਰ ਇਤੇਹਾਦ (ਪੀਡੀਆਈ) ਨੇ ਕਰਾਚੀ ਪ੍ਰੈੱਸ ਕਲੱਬ ਅਤੇ ਸਿੰਧ ਅਸੈਂਬਲੀ ਦੀ ਇਮਾਰਤ ਦੇ ਪ੍ਰਵੇਸ਼ ਦੁਆਰ 'ਤੇ ਇਸ ਪ੍ਰਦਰਸ਼ਨ ਦਾ ਆਯੋਜਨ ਕੀਤਾ ਸੀ। ਪੀਡੀਆਈ ਦੇ ਇੱਕ ਮੈਂਬਰ ਨੇ ਕਿਹਾ, 'ਅਸੀਂ ਸਿੰਧੀ ਹਿੰਦੂਆਂ ਨੂੰ ਦਰਪੇਸ਼ ਆ ਰਹੀ ਇਸ ਵੱਡੀ ਸਮੱਸਿਆ ਨੂੰ ਉਜਾਗਰ ਕਰਨਾ ਚਾਹੁੰਦੇ ਹਾਂ, ਖ਼ਾਸ ਕਰਕੇ ਪੇਂਡੂ ਖੇਤਰਾਂ ਵਿੱਚ ਜਿੱਥੇ ਸਾਡੀਆਂ ਨੌਜਵਾਨ ਕੁੜੀਆਂ ਨੂੰ ਦਿਨ-ਦਿਹਾੜੇ ਅਗਵਾ ਕੀਤਾ ਜਾਂਦਾ ਹੈ, ਅਤੇ ਫਿਰ ਇਸਲਾਮ ਕਬੂਲ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ।'

# ਰੋਮ ਵਿਖੇ ਵਿਸ਼ਾਲ ਨਗਰ ਕੀਰਤਨ 23 ਅਪ੍ਰੈਲ ਨੂੰ -ਅਟਵਾਲ

**ਰੋਮ (ਇਟਲੀ) (ਟੇਕਚੰਦ ਜਗਤਪੁਰ)–** ਇਟਲੀ ਵਿੱਚ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਸਜਾਏ ਜਾਂਦੇ ਨਗਰ ਕਰਿਤਨਾਂ ਦੀ ਲੜੀ ਤਹਿਤ ਇਟਲੀ ਦੀ ਰਾਜਧਾਨੀ ਰੋਮ ਵਿਖੇ ਹਰ ਸਾਲ ਸਜਾਇਆ ਜਾਂਦਾ ਨਗਰ ਕੀਰਤਨ ਇਸ ਸਾਲ 23 ਅਪ੍ਰੈਲ ਦਿਨ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆ ਕੁਲਵਿੰਦਰ ਸਿੰਘ ਬੌਬੀ ਅਟਵਾਲ ਵੱਲੋਂ ਦੱਸਿਆ ਗਿਆ ਕਿ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਰੋਮ ਸ਼ਹਿਰ ਵਿੱਚ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਰੋਮ ਅਤੇ ਗੁਰਦੁਆਰਾ ਗੁਰੂ ਹਰਿਗੋਬਿੰਦ ਸਹਿਬ ਸੇਵਾ ਸੋਸਾਇਟੀ ਰੋਮ ਵੱਲੋਂ ਲਾਸੀਓ ਸੂਬੇ ਦੇ ਸਮੂਹ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ 23 ਅਪ੍ਰੈਲ ਨੂੰ ਸਜਾਇਆ ਜਾ ਰਿਹਾ ਹੈ। ਜਿਸਦੀਆਂ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ। ਨਗਰ ਕੀਰਤਨ ਰੋਮ ਦੇ ਪਿਆਸਾ ਵਿਕਟੋਰੀਆਂ ਵਿਖੇ ਸਜਾਇਆਂ ਜਾਵੇਗਾ।ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਅਤੇ ਪੰਜ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਹੇਠ ਸਜਾਇਆਂ ਜਾਵੇਗਾ। ਉਹਨਾਂ ਦੱਸਿਆ ਕਿ ਸੰਗਤਾਂ ਲਈ ਵੱਖ ਵੱਖ ਤਰਾਂ ਦੇ ਲੰਗਰ ਦੇ ਸਟਾਲ ਲਗਾਏ ਜਾਣਗੇ। ਇਹ ਜਾਣਕਾਰੀ ਦੇਣ ਵਾਲਿਆਂ ਵਿੱਚ ਸ਼ੁਸ਼ੀਲ ਕੁਮਾਰ, ਦਲਵਿੰਦਰ ਸਿੰਘ, ਜਿੰਦਰ ਸੰਧੂ, ਸੁਖਵਿੰਦਰ ਸਿੰਘ, ਜਗਦੀਪ ਸਿੰਘ ਵਿੱਕੀ,ਬੱਗਾ ਸਿੰਘ, ਸੁਖਦੇਵ ਸਿੰਘ ਆਦਿ ਮੌਜੂਦ ਸਨ।





# ਮਨਦੀਪ ਖੁਰਮੀ ਹਿੰਮਤਪੁਰਾ ਦਾ ਗੀਤ "ਮੈਂ ਪੰਜਾਬ" ਸੰਗੀਤ ਜਗਤ ਦੀ ਝੋਲੀ ਪਾਉਣ ਹਿਤ ਸਮਾਗਮ ਹੋਇਆ



**ਗਲਾਸਗੋ (ਨਿਊਜ ਡੈਸਕ)–** ਗੁਰੂ ਨਾਨਕ ਸਿੱਖ ਗੁਰਦੁਆਰਾ ਗਲਾਸਗੋ ਦੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਵਿੱਚ ਵਿਸ਼ੇਸ਼ ਇਕੱਤਰਤਾ ਹੋਈ ਜਿਸ ਦੌਰਾਨ ਮਨਦੀਪ ਖੁਰਮੀ ਹਿੰਮਤਪੁਰਾ ਦੇ ਗੀਤ 'ਮੈਂ ਪੰਜਾਬ' ਨੂੰ ਸੰਗੀਤ ਜਗਤ ਦੀ ਝੋਲੀ ਪਾਇਆ ਗਿਆ। ਪੰਜਾਬ ਦੇ ਮੌਜੂਦਾ ਕਰੂਰ ਹਾਲਾਤਾਂ ਤੇ ਹਰ ਵਕਤ ਮੂੰਹ ਅੱਡੀ ਖੜ੍ਹੀਆਂ ਸਮੱਸਿਆਵਾਂ ਦਾ ਵਰਣਨ ਕਰਦਾ ਇਹ ਗੀਤ ਪੰਜਾਬ ਵੱਲੋਂ ਪਾਈ ਦੁਹਾਈ ਦਾ ਪ੍ਰਤੀਕ ਹੈ। ਇਸ ਸਮਾਗਮ ਦੌਰਾਨ ਐਸੋਸੀਏਸ਼ਨ ਆਫ ਇੰਡੀਅਨ ਆਰਗੇਨਾਈਜਸਨਜ (ਏ ਆਈ ਓ) ਦੇ ਮੀਤ ਪ੍ਰਧਾਨ ਸੋਹਣ ਸਿੰਘ ਰੰਧਾਵਾ, ਗੁਰੂ ਨਾਨਕ ਸਿੱਖ ਗੁਰਦੁਆਰਾ ਗਲਾਸਗੋ ਦੇ ਮੀਤ ਪ੍ਰਧਾਨ ਜਸਵੀਰ ਸਿੰਘ ਬਮਰਾਹ, ਕਾਰੋਬਾਰੀ ਜਿੰਦਰ ਸਿੰਘ ਚਾਹਲ, ਉੱਘੇ ਖੇਡ ਪ੍ਰੋਮੋਟਰ ਤੇ ਸਮਾਜਸੇਵੀ ਦਲਜਿੰਦਰ ਸਿੰਘ ਸਮਰਾ, ਇਕਬਾਲ ਸਿੰਘ ਕਲੇਰ, ਮਨਜੀਤ ਸਿੰਘ ਗਿੱਲ, ਰਣਜੀਤ ਸਿੰਘ ਸੰਘਾ, ਓਂਕਾਰ ਸਿੰਘ ਜੰਡੂ, ਕੁਲਵੰਤ ਸਿੰਘ ਲੋਟਾ, ਮਾਤਾ ਧਰਤਿ ਮੁਹਿੰਮ ਦੇ ਆਗੂ ਲਾਭ ਗਿੱਲ ਦੋਦਾ, ਪਰਮਿੰਦਰ ਬਮਰਾਹ ਧੱਲੇਕੇ, ਗਿਆਨੀ ਸ਼ਮਸ਼ੇਰ ਸਿੰਘ, ਸਤਨਾਮ ਸਿੰਘ ਸੌਂਦ, ਅਵਤਾਰ ਸਿੰਘ ਹੁੰਝਣ, ਗੁਰਬਖਸ਼ ਸਿੰਘ ਸੱਗੂ, ਰਿੱਕੀ, ਵਰਿੰਦਰ ਖੁਰਮੀ ਆਦਿ ਵੱਲੋਂ ਗੀਤ ਨੂੰ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ ਗਈ। ਇਸ ਸਮੇਂ ਸੋਹਣ ਸਿੰਘ ਰੰਧਾਵਾ, ਜਿੰਦਰ ਸਿੰਘ ਚਾਹਲ, ਪਰਮਿੰਦਰ ਬਮਰਾਹ ਧੱਲੇਕੇ, ਇਕਬਾਲ ਸਿੰਘ ਕਲੇਰ ਅਤੇ ਗਿਆਨੀ ਸ਼ਮਸ਼ੇਰ ਸਿੰਘ ਨੇ ਬੋਲਦਿਆਂ ਮਨਦੀਪ ਖੁਰਮੀ ਹਿੰਮਤਪੁਰਾ ਨੂੰ ਹਾਰਦਿਕ ਵਧਾਈ ਪੇਸ਼ ਕੀਤੀ। ਬੁਲਾਰਿਆਂ ਨੇ ਕਿਹਾ ਕਿ ਮਨਦੀਪ ਖੁਰਮੀ ਹਿੰਮਤਪੁਰਾ ਨੇ ਪੰਜਾਬ ਦੇ ਮੂੰਹੋਂ ਉਸਦੇ ਦੁੱਖ ਬਿਆਨ ਕਰਵਾਉਂਦਾ ਗੀਤ 'ਮੈਂ ਪੰਜਾਬ' ਗਾ ਕੇ ਬਹੁਤ ਵੱਡਾ ਉਪਰਾਲਾ ਕੀਤਾ ਹੈ।

ਉਹਨਾਂ ਕਿਹਾ ਕਿ ਅਜਿਹੇ ਗੀਤ ਸਮੇਂ ਦੀ ਲੋੜ ਹਨ। ਉਹਨਾਂ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਅਜਿਹੇ ਉਸਾਰੂ ਅਤੇ ਸਮਾਜਿਕ ਸ਼ਬਦਾਵਲੀ ਵਾਲੇ ਗੀਤਾਂ ਨੂੰ ਪਰਿਵਾਰਾਂ ਵਿੱਚ ਬੈਠ ਕੇ ਸੁਣਨ।

# ਬਲਵਿੰਦਰ ਸਿੰਘ ਧਾਲੀਵਾਲ ਨੇ ਬੇਮੌਸਮੀ ਬਰਸਾਤ ਤੋਂ ਬਾਅਦ ਪੇਂਡੂ ਖੇਤਰਾਂ ਦਾ ਦੌਰਾ ਕਰਦਿਆਂ ਫਸਲਾਂ ਦੀ ਹੋਈ ਤਬਾਹੀ ਦਾ ਲਿਆ ਜਾਇਜ਼ਾ

## 15 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਮੁਆਵਜ਼ੇ ਨੂੰ ਦੱਸਿਆ ਘੱਟ, ਕੱਚੇ ਮਕਾਨਾਂ ਦੇ ਨੁਕਸਾਨ ਦੀ ਭਰਪਾਈ ਵੀ ਜ਼ਰੂਰੀ

**ਫਗਵਾੜਾ 4 ਅਪ੍ਰੈਲ (ਬੀਕੇ ਰੱਤੂ)–** ਵਿਧਾਨ ਸਭਾ ਹਲਕਾ ਫਗਵਾੜਾ 'ਚ ਪਿਛਲੇ ਕਈ ਦਿਨਾਂ ਤੋਂ ਬੇਮੌਸਮੀ ਬਰਸਾਤ ਕਾਰਨ ਕਟਾਈ ਲਈ ਤਿਆਰ ਖੜ੍ਹੀ ਕਣਕ ਦੀ ਫਸਲ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਜ਼ਿਲਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਹਲਕੇ ਦੇ ਪੇਂਡੂ ਖੇਤਰਾਂ ਦਾ ਦੌਰਾ ਕੀਤਾ। ਪਿੰਡ ਢੱਡੇ, ਲੱਖਪੁਰ, ਰਾਵਲਪਿੰਡੀ ਤੇ ਰਾਮਪੁਰ ਸੁੰਨੜਾ ਦਾ ਦੌਰਾ ਕਰਨ ਸਮੇਂ ਗੱਲਬਾਤ ਦੌਰਾਨ ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੱਧ ਤੋਂ ਵੱਧ ਨੁਕਸਾਨ ਦੇ ਮਾਮਲੇ 'ਚ ਸਿਰਫ਼ 15 ਹਜਾਰ ਰੁਪਏ ਦੇ ਮੁਆਵਜ਼ੇ ਦਾ ਐਲਾਨ ਕੀਤਾ ਗਿਆ ਹੈ ਜੋ ਕਿ ਬਿਲਕੁਲ ਵੀ ਜਾਇਜ ਨਹੀਂ ਹੈ ਇਸ ਨੂੰ ਜਰੂਰਤ ਮੁਤਾਬਿਕ ਵਧਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬੇਮੌਸਮੀ ਬਰਸਾਤ ਅਤੇ ਤੇਜ਼ ਹਵਾਵਾਂ ਨੇ ਫਸਲਾਂ ਦੀ ਭਾਰੀ ਤਬਾਹੀ ਕੀਤੀ ਹੈ, ਇਸ ਲਈ ਗਿਰਦਾਵਰੀ ਦਾ ਕੰਮ ਜਲਦੀ ਅਤੇ ਪੂਰੀ ਪਾਰਦਰਸ਼ਤਾ ਨਾਲ ਕਰਵਾ ਕੇ ਕਿਸਾਨਾਂ ਨੂੰ ਫਸਲ ਦੇ ਅਸਲ ਨੁਕਸਾਨ ਦੀ ਪੂਰਤੀ ਕੀਤੀ ਜਾਵੇ। ਵਿਧਾਇਕ ਧਾਲੀਵਾਲ ਨੇ ਕਿਹਾ ਕਿ ਪੰਜਾਬ ਦੀਆਂ ਮੁੱਖ ਤੌਰ 'ਤੇ ਦੋ ਫ਼ਸਲਾਂ ਕਣਕ ਅਤੇ ਝੋਨੇ ਦਾ



ਨੁਕਸਾਨ ਕਿਸਾਨਾਂ ਦੀਆਂ ਸਾਰੀਆਂ ਆਸਾਂ 'ਤੇ ਪਾਣੀ ਫੇਰ ਜਾਂਦਾ ਹੈ ਅਤੇ ਕਿਸਾਨ ਦਾ ਸਾਲ ਭਰ ਦਾ ਬਜਟ ਵਿਗੜ ਜਾਂਦਾ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਕੁਦਰਤੀ ਆਫਤ ਦਾ ਸ਼ਿਕਾਰ ਹੋਏ ਕਿਸਾਨਾਂ ਨੂੰ ਉਨ੍ਹਾਂ ਦੇ ਨੁਕਸਾਨ ਦੇ ਹਿਸਾਬ ਨਾਲ ਉਚਿਤ ਮੁਆਵਜ਼ਾ ਦਿੱਤਾ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਭਾਰੀ ਬਰਸਾਤ ਨਾਲ ਗਰੀਬ ਲੋਕਾਂ ਦੇ ਕੱਚੇ ਮਕਾਨਾਂ ਨੂੰ ਵੀ ਨੁਕਸਾਨ ਪਹੁੰਚਦਾ ਹੈ, ਜੋ ਕਈ ਵਾਰ ਫੌਰੀ ਤੌਰ ਤੇ ਨਜ਼ਰ ਨਹੀਂ ਆਉਂਦਾ। ਭਾਰੀ ਮੀਂਹ ਤੋਂ ਬਾਅਦ ਜਦੋਂ ਤੇਜ਼ ਧੁੱਪ ਨਿਕਲਦੀ ਹੈ ਤਾਂ ਕੱਚੇ ਅਤੇ ਕਮਜ਼ੋਰ ਘਰਾਂ ਦੀਆਂ ਛੱਤਾਂ ਅਤੇ ਕੰਧਾਂ ਵਿੱਚ ਤਰੇੜਾਂ ਪੈ ਜਾਂਦੀਆਂ ਹਨ। ਇਸ ਲਈ ਉਹ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਨ ਕਿ ਅਜਿਹੇ ਮਾਮਲਿਆਂ ਨੂੰ ਵੀ ਧਿਆਨ ਵਿੱਚ ਰੱਖਦਿਆਂ ਉਚਿਤ ਮੁਆਵਜ਼ੇ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਕੋਈ ਵੀ ਗਰੀਬ ਵਿਅਕਤੀ ਕੁਦਰਤੀ ਆਫ਼ਤ ਸਮੇਂ ਮੁਆਵਜ਼ੇ ਦੇ ਹੱਕ ਤੋਂ ਵਾਂਝਾ ਨਾ ਰਹੇ। ਇਸ ਮੌਕੇ ਬਲਾਕ ਫਗਵਾੜਾ ਦਿਹਾਤੀ ਕਾਂਗਰਸ ਦੇ ਪ੍ਰਧਾਨ ਜਸਵੰਤ ਸਿੰਘ ਨੀਟਾ ਜਗਪਾਲਪੁਰ, ਬਲਾਕ ਸਮਿਤੀ ਚੇਅਰਮੈਨ ਗੁਰਦਿਆਲ ਸਿੰਘ ਭੁੱਲਾਰਾਈ, ਮਾਰਕੀਟ ਕਮੇਟੀ ਫਗਵਾੜਾ ਦੇ ਸਾਬਕਾ ਉਪ ਚੇਅਰਮੈਨ ਜਗਜੀਵਨ ਲਾਲ ਖਲਵਾੜਾ, ਰਵੀ ਸਰਪੰਚ, ਨਿਰਮਲਜੀਤ ਸਿੰਘ ਹੈਪੀ ਸਰਪੰਚ, ਕੁਲਦੀਪ ਸਿੰਘ ਲੱਖਪੁਰ, ਰਤਨ ਸਿੰਘ ਢੱਡੇ, ਖੇਮਰਾਜ ਸਰਪੰਚ, ਰੂਪ ਲਾਲ, ਜੋਗਿੰਦਰ ਸਿੰਘ ਸਰਪੰਚ, ਸੁੱਖਾ ਰਾਮਪੁਰ ਸੁੰਨੜਾ, ਗੱਬਰੂ ਖੁਰਮਪੁਰ ਅਤੇ ਜਤਿੰਦਰ ਸਿੰਘ ਆਦਿ ਹਾਜ਼ਰ ਸਨ।

# ਮੁੱਖ ਸਕੱਤਰ ਬੀਕੇ ਜੰਜੂਆ ਅਤੇ ਹੋਰ ਅਧਿਕਾਰੀਆਂ ਨੇ ਸ਼ਾਹਪੁਰਕੰਡੀ ਬੈਰਾਜ ਡੈਮ ਦਾ ਨਿਰੀਖਣ ਕੀਤਾ

**ਪਠਾਨਕੋਟ 3 ਅਪ੍ਰੈਲ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਦੇ ਮੁੱਖ ਸਕੱਤਰ ਬੀਕੇ ਜੰਜੂਆ, ਸੈਰ ਸਪਾਟਾ ਵਿਭਾਗ ਦੇ ਸਕੱਤਰ ਅੰਮ੍ਰਿਤ ਸਿੰਘ, ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਅਤੇ ਹੋਰ ਅਧਿਕਾਰੀਆਂ ਨੇ ਸ਼ਾਹਪੁਰ ਕੰਢੀ ਬੈਰਾਜ ਡੈਮ ਵਿਖੇ ਪਹੁੰਚ ਕੇ ਸੈਰ ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਹਾਸਲ ਕੀਤੀ ਅਤੇ ਨਿਰੀਖਣ ਕੀਤਾ।

ਪੰਜਾਬ ਸਰਕਾਰ ਵੱਲੋਂ ਰਣਜੀਤ ਸਾਗਰ ਡੈਮ ਪ੍ਰੋਜੈਕਟ ਦੇ ਨਾਲ ਲੱਗਦੇ ਖੇਤਰਾਂ ਨੂੰ ਵਿਕਸਤ ਕਰਨ ਅਤੇ ਸੈਰ ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਇੱਕ ਨਿ-ਰੀਖਣ ਕੀਤਾ ਗਿਆ। ਜਿਸ ਕਾਰਨ ਸੋਮਵਾਰ ਨੂੰ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਬੀ।ਕੇ ਜੰਝੂਆ, ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ, ਸੈਰ ਸਪਾਟਾ ਵਿਕਾਸ ਵਿਭਾਗ ਦੇ ਸਕੱਤਰ ਅੰਮ੍ਰਿਤ ਸਿੰਘ (ਆਈਏਐਸ), ਡੀ।ਸੀ ਪਠਾਨਕੋਟ ਹਰਵੀਰ ਸਿੰਘ, ਐਸ।ਐਸ।ਪੀ ਹਰਕਮਲ ਪ੍ਰੀਤ ਸਿੰਘ ਖੱਖ, ਐਸਡੀਐਮ ਧਾਰ ਕਲਾਂ ਡਾ ਹਰਜਿੰਦਰ ਸਿੰਘ।, ਚੀਫ ਇੰਜਨੀਅਰ ਡੈਮੇਜ ਐਡਮਿਨਸਟ੍ਰੇਸ਼ਨ ਸ਼ੇਰ ਸਿੰਘ ਅਤੇ



ਹੋਰ ਕਈ ਅਧਿਕਾਰੀਆਂ ਨੇ ਬੈਰਾਜ ਡੈਮ 'ਤੇ ਪਹੁੰਚ ਕੇ ਪਹਿਲਾਂ ਬੈਰਾਜ ਡੈਮ 'ਤੇ ਚੱਲ ਰਹੇ ਨਿਰਮਾਣ ਕਾਰਜਾਂ ਦਾ ਨਿਰੀਖਣ ਕੀਤਾ ਅਤੇ ਉਥੋਂ ਜੰਮੂ-ਕਸ਼ਮੀਰ ਵੱਲ ਚੱਲ ਰਹੇ ਨਿਰਮਾਣ ਕਾਰਜਾਂ ਨੂੰ ਵੀ ਦੇਖਿਆ। ਦੂਜੇ ਪਾਸੇ ਸੈਰ ਸਪਾਟਾ ਵਿਭਾਗ ਦੇ ਸਕੱਤਰ ਅੰਮ੍ਰਿਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਵੇਂ ਪੇਸ਼ ਕੀਤੇ ਗਏ ਬਜਟ ਵਿੱਚ ਉਨ੍ਹਾਂ ਨੂੰ ਕਈ ਸਕੀਮਾਂ ਖਾਸ ਕਰਕੇ ਸੈਰ ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ, ਜਿਸ ਤਹਿਤ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਬੀ।ਕੇ। ਕਈ ਵਿਭਾਗਾਂ ਦੇ ਮੁਖੀ ਜਿੱਥੇ ਵੀ ਹੋਣਗੇ ਪਹੁੰਚਣਗੇ ਅਤੇ ਸਰਕਾਰ ਨੂੰ ਸਾਰੀ ਸਥਿਤੀ ਬਾਰੇ ਜਾਣਕਾਰੀ ਦੇਣਗੇ। ਦੂਜੇ ਪਾਸੇ ਮੁੱਖ ਸਕੱਤਰ ਬੀਕੇ ਜੰਝੂਆ ਅਤੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੇ ਦੱਸਿਆ ਕਿ ਸਰਕਾਰ ਦੇ ਹੁਕਮਾਂ ਅਨੁਸਾਰ ਇਸ ਖੇਤਰ ਵਿੱਚ ਜਲ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਤੌਰ 'ਤੇ ਕਈ ਯੋਜਨਾਵਾਂ 'ਤੇ ਕੰਮ ਕਰਨ ਦੀ ਯੋਜਨਾ ਹੈ।

ਸੈਰ ਸਪਾਟਾ ਵਿਭਾਗ ਦੇ ਸਕੱਤਰ ਅੰਮ੍ਰਿਤ ਸਿੰਘ ਨੇ ਦੱਸਿਆ ਕਿ ਇੱਥੇ ਸੈਰ ਸਪਾਟੇ ਨੂੰ ਪ੍ਰਫੁੱਲਤ ਕਰਨ ਲਈ ਨਿਵੇਸ਼ਕਾਂ ਨੂੰ ਬੁਲਾਇਆ ਜਾਵੇਗਾ, ਜਿਸ ਲਈ ਉਹ ਇੱਥੇ ਪਹਿਲਾਂ ਤੋਂ ਹੀ ਤਿਆਰੀਆਂ ਕਰ ਰਹੇ ਹਨ। ਇੱਥੇ ਖਾਸ ਤੌਰ 'ਤੇ ਵਾਟਰ ਗੇਮਜ਼, ਕਿਸ਼ਤੀਆਂ, ਰਾਫਟਿੰਗ, ਸਪੀਡ ਬੋਟ ਅਤੇ ਸੈਰ-ਸਪਾਟੇ ਨਾਲ ਸਬੰਧਤ ਹੋਰ ਕਈ ਯੋਜਨਾਵਾਂ ਲਾਗੂ ਕੀਤੀਆਂ ਜਾਣਗੀਆਂ। ਇਸ ਲਈ ਪੰਜਾਬ ਸਰਕਾਰ ਵੱਲੋਂ ਪੂਰਨ ਸਹਿਯੋਗ ਅਤੇ ਫੰਡਾਂ ਦਾ ਭਰੋਸਾ ਦਿੱਤਾ ਗਿਆ ਹੈ। ਇਸ ਮੌਕੇ ਮੁੱਖ ਸਕੱਤਰ ਬੀ।ਕੇ ਜੰਝੂਆ, ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ, ਸਕੱਤਰ ਸੈਰ ਸਪਾਟਾ ਅੰਮ੍ਰਿਤ ਸਿੰਘ, ਡੀਸੀ ਹਰਵੀਰ ਸਿੰਘ, ਐਸਐਸਪੀ ਹਰਕਮਲ ਪ੍ਰੀਤ ਸਿੰਘ ਖੱਖ, ਐਸਡੀਐਮ ਧਾਰ ਕਲਾਂ ਡਾ: ਹਰਜਿੰਦਰ ਸਿੰਘ ਆਈਏਐਸ, ਡੀਐਫਓ ਧਰਮਵੀਰ ਦਿੜ੍ਹ, ਚੀਫ ਇੰਜਨੀਅਰ ਸ਼ੇਰ ਸਿੰਘ, ਐਕਸੀਅਨ ਹੈਡਕੁਆਰਟਰ ਲਖਵਿੰਦਰ ਸਿੰਘ, ਐਕਸੀਅਨ ਬਿਕਾਂਤ ਆਨੰਦ, ਐਕਸੀਅਨ ਆਰ।ਐਸ ਜਸਰੋਟੀਆ, ਡੀ।ਐਸ।ਪੀ ਧਾਰ ਕਲਾਂ ਰਾਜਿੰਦਰ ਸਿੰਘ ਮਨਹਾਸ, ਅਲਕਾ ਕਪੂਰ ਸੀਨੀਅਰ ਮੈਨੇਜਰ ਸੈਰ ਸਪਾਟਾ ਵਿਭਾਗ, ਰਿਤਿਕਾ ਭਾਟੀਆ, ਅਸ਼ਵਨੀ ਥਾਪਾ, ਰਾਜ ਸ਼ੇਖਰ, ਜੋਗਿੰਦਰ ਸਿੰਘ ਤੇ ਹੋਰ ਹਾਜ਼ਰ ਸਨ।

# ਬਲਵੀਰ ਕੌਰ ਰੀਹਲ ਦੀ ਪੁਸਤਕ 'ਸਫ਼ਰ ਅਜੇ ਬਾਕੀ ਹੈ' ਜਾਰੀ

**ਮਾਹਿਲਪੁਰ–** ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੀ ਪ੍ਰੋਫੈਸਰ ਡਾਕਟਰ ਬਲਵੀਰ ਕੌਰ ਰੀਹਲ ਦੀ ਪੁਸਤਕ 'ਸਫ਼ਰ ਅਜੇ ਬਾਕੀ ਹੈ' ਇੱਕ ਸਮਾਰੋਹ ਵਿੱਚ ਪ੍ਰਧਾਨਗੀ ਨੂੰ ਸਫ਼ਲ ਕਰਨ ਲਈ ਇਹ ਇਕ ਗਾਈਡ ਬੁੱਕ ਹੈ । ਪ੍ਰੋਫ਼ੈਸਰ ਅਜੀਤ ਲੰਗੇਰੀ ਨੇ ਇਸ ਗੱਲ ਤੇ ਫਖ਼ਰ ਕੀਤਾ ਕਿ ਇਲਾਕੇ ਦੀਆਂ ਲੜਕੀਆਂ ਬੜੇ ਲੰਬੇ ਸਮੇਂ ਤੋਂ ਖ਼ਾਸ ਮੁਕਾਮ ਹਾਸਲ ਕਰ



ਮੰਡਲ ਵੱਲੋਂ ਜਾਰੀ ਕੀਤੀ ਗਈ। ਪੁਸਤਕ ਬਾਰੇ ਬੋਲਦਿਆਂ ਉੱਘੇ ਚਿੰਤਕ ਡਾਕਟਰ ਪਿਆਰੇ ਲਾਲ ਗਰਗ ਨੇ ਕਿਹਾ ਕੀ ਅਜਿਹੀਆਂ ਪੁਸਤਕਾਂ ਨਵੀਂ ਪਨੀਰੀ ਨੂੰ ਨਰੋਈ ਦਿਸ਼ਾ ਪ੍ਰਦਾਨ ਕਰਦੀਆਂ ਹਨ।ਪ੍ਰਿੰਸੀਪਲ ਹਰਭਜਨ ਸਿੰਘ ਵਿਚਾਰ ਮੰਚ ਵੱਲੋਂ ਆਯੋਜਿਤ ਇਸ ਸਮਾਰੋਹ ਵਿਚ ਆਲ ਇੰਡੀਆ ਰੇਡੀਓ ਦੇ ਡਿਪਟੀ ਡਾਇਰੈਕਟਰ ਸੁਰਿੰਦਰ ਪਾਲ ਝੱਲ ਅਤੇ ਉੱਘੇ ਸ਼ਾਇਰ ਗੁਰਦਿਆਲ ਰੌਸ਼ਨ ਉਚੇਚੇ ਤੌਰ ਤੇ ਹਾਜ਼ਰ ਹੋਏ। ਉਨ੍ਹਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਡਾ।ਰੀਹਲ ਨੇ ਇਸ ਤੋਂ ਪਹਿਲਾਂ ਵੀ ਇਕ ਦਰਜਨ ਪੁਸਤਕਾਂ ਦਾ ਯੋਗਦਾਨ ਪਾਇਆ। ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਇਸ ਪੁਸਤਕ ਵਿੱਚੋਂ ਨਾਵਲ, ਕਹਾਣੀ, ਨਾਟਕ ਅਤੇ ਸਫਰਨਾਮੇ ਦੇ ਰਸ ਵੇਖੇ ਜਾ ਸਕਦੇ ਹਨ। ਨੌਜਵਾਨਾਂ ਲਈਆਂ ਹਨ। ਇਸ ਮੌਕੇ ਵੈਟਰਨ ਅਥਲੀਟ ਦਵਿੰਦਰ ਕੌਰ ਦਾ ਸਨਮਾਨ ਵੀ ਕੀਤਾ ਗਿਆ। ਇਸ ਪੁਸਤਕ ਰਿਲੀਜ਼ ਸਮਾਰੋਹ ਵਿਚ ਪ੍ਰਿੰਸੀਪਲ ਜਸਪਾਲ ਸਿੰਘ, ਪ੍ਰਿੰਸੀਪਲ ਰੋਹਤਸ਼, ਪ੍ਰੋਫੈਸਰ ਵਿਕਰਮ ਚੰਦੇਲ, ਸੁਰਿੰਦਰ ਪਾਲ ਸਿੰਘ ਪ੍ਰਦੇਸੀ, ਰੌਸ਼ਨਜੀਤ ਸਿੰਘ ਪਨਾਮ, ਮੈਡਮ ਦਲਵਿੰਦਰ ਅਜੀਤ, ਵਿੰਗ ਕਮਾਂਡਰ ਹਰਦੇਵ ਸਿੰਘ ਢਿੱਲੋਂ, ਕਰਨਲ ਜੀ ਐਸ ਢਿੱਲੋਂ, ਮੈਡਮ ਜਸਦੀਪ, ਐਡਵੋਕੇਟ ਹਰਮਨਜੀਤ ਸਿੰਘ ਥਿਆੜਾ, ਗੁਰਦੀਪ ਕੌਰ, ਕਪਿਲ ਸ਼ਰਮਾ, ਐਕਸੀਅਨ ਪ੍ਰੇਮ ਪਾਲ, ਪਰਵਿੰਦਰ ਸਿੰਘ ਕਿਤਨਾ, ਸੁਖਮਨ ਸਿੰਘ, ਬੱਗਾ ਸਿੰਘ ਆਰਟਿਸਟ, ਚੈਚਲ ਸਿੰਘ ਬੈਂਸ, ਸਰਪੰਚ ਬਲਵਿੰਦਰ ਸਿੰਘ, ਰੁਪਿੰਦਰਜੋਤ ਸਿੰਘ, ਡਾ। ਪਰਵਿੰਦਰ ਸਿੰਘ, ਹਰਭਜਨ ਸਿੰਘ ਚੇੜਾ ਸਮੇਤ ਦੂਰ-ਨੇੜੇ ਦੇ ਸਾਹਿਤ ਪ੍ਰੇਮੀ, ਸਟਾਫ ਮੈਂਬਰ ਅਤੇ ਸਾਹਿਤਕਾਰ ਹਾਜ਼ਰ ਸਨ।


“ਦੇਸ਼ ਦੁਆਬਾ”

ਹਫਤਾਵਾਰੀ ਅਖ਼ਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਦਲਿਤ ਸਮਾਜ ਦੇ ਮਹਾਨ ਯੋਧੇ "ਸਿੰਗਾਰਾ ਰਾਮ ਸਹੂੰਗੜਾ" ਦੀ ਪਹਿਲੀ ਬਰਸੀ ਮਨਾਈ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਬਹੁਜਨ ਸਮਾਜ ਪਾਰਟੀ ਦੀ ਟਿਕਟ ਤੇ 1992 ਅਤੇ 1997 ਵਿੱਚ ਗੜ੍ਹਸ਼ੰਕਰ ਹਲਕੇ ਤੋਂ ਜਿੱਤ ਕੇ ਵਿਧਾਨ ਸਭਾ ਵਿੱਚ ਦਲਿਤ ਸਮਾਜ ਦੀ ਆਵਾਜ ਬੁਲੰਦ ਕਰਨ ਵਾਲੇ ਮਹਾਨ ਯੋਧੇ ਸਿੰਗਾਰਾ ਰਾਮ ਸਹੂੰਗੜਾ ਦੀ ਪਰਿਵਾਰ ਤੇ ਬਹੁਜਨ ਸਮਾਜ ਵਲੋਂ ਪਹਿਲੀ ਬਰਸੀ ਮਨਾਈ। ਮੁਹੱਲਾ ਨੌਂ ਗਰੁੱਪ ਦੇ ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਵਿਖੇ ਪਹਿਲਾ ਸਮੂਹ ਸੰਗਤਾਂ ਦੀ ਹਾਜਰੀ ਵਿੱਚ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਉਪਰੰਤ ਖੁੱਲੇ ਪੰਡਾਲ ਵਿੱਚ ਸਿੰਗਾਰਾ ਰਾਮ ਸਹੂੰਗੜਾ ਨੂੰ ਸ਼ਰਧਾ ਸੁਮਨ ਅਰਪਿਤ ਕੀਤੇ ਗਏ। ਸਟੇਜ ਤੇ ਰੱਖੇ ਸਹੂੰਗੜਾ ਦੇ ਫੋਟੋ ਤੇ ਸਮੂਹ ਸੰਗਤ ਵਲੋਂ ਫੁੱਲ ਅਰਪਣ ਕਰਕੇ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਤੇ ਬਹੁਜਨ ਸਮਾਜ ਦੇ ਲੇਖਕ ਤੇ ਚਿੰਤਕ ਚਮਨ ਲਾਲ ਚਣਕੋਆ ਨੇ ਸੰਬੋਧਨ ਕਰਦਿਆ ਕਿਹਾ ਕਿ ਸਿੰਗਾਰਾ ਰਾਮ ਦੀਆਂ ਐਮ ਐਲ ਏ ਬਣਨ ਉਪਰੰਤ ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਹੁੰਦੇ ਅੱਤਿਆਚਾਰਾਂ ਨੂੰ ਠੱਲ੍ਹ ਪਾਈ। ਜੁਲਮ ਕਰਨ ਵਾਲੇ ਅਫਸਰ ਸਹੂੰਗੜਾ ਦੇ ਨਾਂ ਸੁਣਕੇ ਡਰਦੇ ਮਾਰੇ ਕੰਮ ਕਰ ਦਿੰਦੇ ਸਨ। ਪੰਜਾਬ ਤੇ ਹਰਿਆਣਾ ਹਾਈਕੋਰਟ ਤੋਂ ਐਡਵੋਕੇਟ ਨਵਰਾਜ ਨੇ ਕਿਹਾ ਕਿ ਇਹੋ ਜਿਹਾ ਜੁਰਅੱਤ ਵਾਲੇ ਲੀਡਰ ਹਰ ਘਰ ਨਹੀਂ ਜੰਮਦੇ ਹੁੰਦੇ, ਇਸ ਲਈ ਸਾਨੂੰ ਇਹਨਾਂ ਵਲੋਂ ਦਰਸਾਏ ਮਾਰਗ ਤੇ ਚੱਲਣਾ ਚਾਹੀਦਾ ਹੈ। ਅਪ੍ਰੈਲ ਮਹੀਨੇ ਵਿੱਚ ਬਾਕੀ ਬਹੁਜਨ ਰਹਿਬਰਾਂ ਦੇ ਦਿਨ ਵਾਂਗ ਹੁਣ ਸਾਨੂੰ ਸਹੂੰਗੜਾ ਜੀ ਦਾ ਵੀ ਦਿਨ ਹਰ ਸਾਲ ਮਨਾਉਣਾ ਚਾਹੀਦਾ ਹੈ। ਐਡਵੋਕੇਟ ਸੰਜੀਵ ਕੁਮਾਰ ਭੌਰਾ ਨੇ ਆਖਿਆ ਕਿ ਦਲਿਤ ਸਮਾਜ ਵਿੱਚ ਪੈਦਾ ਹੋਏ ਸਾਰੇ ਲੀਡਰ ਦਲਿਤਾਂ ਦੀ ਬਾਂਹ ਨਹੀਂ ਫੜਦੇ ਹੁੰਦੇ। ਇਸ ਕੰਮ ਲਈ ਕੁਦਰਤ ਵਲੋਂ ਵੱਖਰੇ ਤੌਰ ਤੇ ਖਾਸ ਹਸਤੀ ਨੂੰ ਭੇਜਿਆ ਜਾਂਦਾ ਹੈ ਜੋ ਆਪਣੀ ਲਿਆਕਤ ਨਾਲ ਅੱਤਿਆਚਾਰਾਂ ਨੂੰ ਥੰਮਣ ਦੀ ਕਾਬਲੀਅਤ ਨਾਲ ਭਰਪੂਰ ਹੋਵੇ। ਮੂੰਹ ਤੇ ਸੱਚ ਬੋਲ ਕੇ ਦਹਾੜਨਾ ਹਰ ਇੱਕ ਦੇ ਵੱਸ 'ਚ ਨਹੀਂ ਹੁੰਦਾ। ਇਸ ਲਈ ਸਾਨੂੰ ਇਹਨਾਂ ਕੁਦਰਤ ਵਲੋਂ ਭੇਜੀਆਂ ਸਖਸ਼ੀਅਤਾਂ ਤੋਂ ਕੁੱਝ ਸਿੱਖਣਾ ਚਾਹੀਦਾ ਹੈ। ਕਾਮਰੇਡ ਦਰਸ਼ਨ ਮੱਟੂ ਨੇ ਆਖਿਆ ਕਿ ਸਿੰਗਾਰਾ ਰਾਮ ਸਹੂੰਗੜਾ ਵਾਕਿਆ ਹੀ ਸਾਹਿਬ ਕਾਂਸ਼ੀ ਰਾਮ ਜੀ ਦਾ ਸੱਚਾ ਪੈਰੋਕਾਰ ਸੀ ਜੋ ਹਰ ਗਰੀਬ ਲਈ ਜਾਨ ਦੇਣ ਤੱਕ ਤਿਆਰ ਰਹਿੰਦਾ ਸੀ। ਇਸ ਖਾਸ ਮੌਕੇ ਤੇ ਸਾਹਿਬ ਕਾਂਸ਼ੀ ਰਾਮ ਜੀ ਦੀ ਭੈਣ ਸਵਰਨ ਕੌਰ ਵੀ ਵਿਸ਼ੇਸ਼ ਤੌਰ ਤੇ ਪਹੁੰਚੇ। ਉਹਨਾਂ ਪਰਿਵਾਰ ਨੂੰ ਆਸ਼ੀਰਵਾਦ ਦਿੰਦਿਆ ਕਿਹਾ ਕਿ ਸਾਡਾ ਸਾਥ ਦੇਣ ਦੀ ਸਜਾ ਸਹੂੰਗੜਾ ਨੂੰ ਪਾਰਟੀ ਵਿੱਚੋਂ ਕੱਢ ਕੇ ਦਿੱਤੀ ਗਈ। ਹੁਣ ਅਸੀਂ ਇਸ ਪਰਿਵਾਰ ਨੂੰ ਭਰੋਸਾ ਦਿੰਦੇ ਹਾਂ ਕਿ ਜਦੋਂ ਵੀ ਕਿਤੇ ਸਾਡੀ ਜਰੂਰਤ ਹੋਵੇ ਤਾਂ ਇਕ ਆਵਾਜ ਮਾਰ ਦਿਓ ਅਸੀਂ ਹਰ ਸਮੇਂ ਤੁਹਾਡੇ ਨਾਲ ਹਾਂ। ਇਸ ਮੌਕੇ ਤੇ ਸਹੂੰਗੜਾ ਦੇ ਵੱਡੇ ਬੇਟੇ ਕੁੰਵਰ ਜਗਵੀਰ ਸਿੰਘ ਵਲੋਂ ਸ਼ਰਧਾਂਜਲੀ ਦੇਣ ਪਹੁੰਚੇ ਸਾਰੇ ਹਮਦਰਦਾਂ ਦਾ ਬਹੁਤ ਬਹੁਤ ਧੰਨਵਾਦ ਕਰਦਿਆਂ ਕਿਹਾ ਕਿ ਕਿ ਤੁਹਾਡਾ ਇਥੇ ਚੱਲ ਕੇ ਆਉਣ ਤੇ ਹਰ ਕਦਮ ਸਾਨੂੰ ਕਬੂਲ ਹੈ। ਇਸੇ ਤਰ੍ਹਾਂ ਆਪਣਾ ਪਿਆਰ ਬਣਾਈ ਰੱਖਿਓ। ਇਸ ਮੌਕੇ ਤੇ ਬਹੁਜਨ ਸਮਾਜ ਦੇ ਮਿਸ਼ਨਰੀ ਗਾਇਕ ਹਰਨਾਮ ਸਿੰਘ ਬਹਿਲਪੁਰੀ ਵਲੋਂ ਮਿਸ਼ਨਰੀ ਗੀਤ ਗਾ ਕੇ ਸਿੰਗਾਰਾ ਰਾਮ ਸਹੂੰਗੜਾ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਤੇ ਚਰਨਜੀਤ ਸਿੰਘ ਜੱਸੋਵਾਲ ਸ਼੍ਰੋਮਣੀ ਕਮੇਟੀ ਮੈਂਬਰ ਦਮਦਮੀ ਟਕਸਾਲ ਭਿੰਡਰਾਂਵਾਲੇ, ਸਵਾਮੀ ਇੰਦਰ ਹਰਿਆਣਾ ਕਿਰਤੀ ਕਿਸਾਨ ਆਗੂ, ਸ਼੍ਰੋਮਣੀ ਅਕਾਲੀ ਦਲ ਅਮ੍ਰਿਤਸਰ ਤੋਂ ਕੁਸ਼ਲਪਾਲ ਸਿੰਘ ਮਾਨ, ਸਮਾਜ ਸੇਵੀ ਧਰਮਿੰਦਰ ਸਿੰਘ ਭੁੱਲਾਰਾਈ, ਹਰਬੰਸ ਸਿੰਘ ਪੈਲੀ, ਕੌਮੀ ਜਨਰਲ ਸਕੱਤਰ ਮਾਨ ਦਲ ਕੁਲਦੀਪ ਸਿੰਘ ਭਾਗੂਵਾਲ, ਹਰਜੀਤ ਸਿੰਘ ਚਿਤਾਂਮਲਾ, ਨਗਰ ਕੌਂਸਲ ਗੜ੍ਹਸ਼ੰਕਰ ਦੇ ਵਾਈਸ ਪ੍ਰਧਾਨ ਸੋਮਨਾਥ ਬੰਗੜ, ਬਾਬਾ ਬੀਰੂ ਰਾਮ, ਹਰਜਿੰਦਰ ਸਿੰਘ ਮਾਹਲ, ਪ੍ਰਧਾਨ ਨਿੱਕੂ ਰਾਮ ਜਨਾਗਲ, ਤਰਲੋਕ ਸਿੰਘ ਨਾਗਪਾਲ, ਕੁੰਦਨ ਲਾਲ ਬਡੇਸਰੋਂ, ਅਸ਼ੋਕ ਬਡੇਸਰੋਂ, ਅੰਬੇਡਕਰ ਸੈਨਾ ਤੋਂ ਕੁਲਵੰਤ ਭੂਨੋ, ਸ਼੍ਰੀ ਰਾਮ ਪੁਰਖੋਵਾਲ, ਨੰਬਰਦਾਰ ਚਰਨਜੀਤ ਸੱਲ੍ਹਾਂ, ਕੁਲਵਿੰਦਰ ਸੁੱਧਾ ਮਾਜਰਾ, ਐਡਵੋਕੇਟ ਕ੍ਰਿਸ਼ਨ ਭੁੱਟਾ, ਕੁਲਵਿੰਦਰ ਸਹੂੰਗੜਾ, ਖਜਾਨਚੀ ਤੱਪ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਡਾਕਟਰ ਹਰਭਜਨ ਸਿੰਘ ਸਹੂੰਗੜਾ, ਜਗਤਾਰ ਸਹੂੰਗੜਾ ਕੈਸ਼ੀਅਰ ਪੀ ਐਨ ਬੀ, ਹਰਮੇਲ ਸਹੂੰਗੜਾ, ਚਰੰਜੀ ਲਾਲ ਸਹੂੰਗੜਾ, ਅਮਰਜੀਤ ਸਿੰਘ ਸੰਤੋਖਗੜ੍ਹ, ਸਤਨਾਮ ਸੱਤੂ, ਜਸਵਿੰਦਰ ਕਾਲਾ, ਰਛਪਾਲ ਪੱਪੂ, ਸੁੱਚਾ ਰਾਮ ਸਹੂੰਗੜਾ, ਐਡਵੋਕੇਟ ਬਲਜਿੰਦਰ ਕੁੱਲੇਵਾਲ, ਪਰਗਣ ਸਿੰਘ ਬਿਲਗਾ, ਹਰਦੇਵ ਕੁਮਾਰ ਗੁਲਮਰਗ, ਪ੍ਰਭਜੀਤ ਸਾਹਿਬ ਕਾਂਸ਼ੀ ਰਾਮ ਜੀ ਦਾ ਭਾਣਜਾ, ਸਤਵਿੰਦਰ ਮਢਾਰ, ਸੰਤ ਮਹਿੰਦਰ ਦਾਸ ਬੀਰਮਪੁਰ, ਜੈਪਾਲ ਸੈਂਪਲਾ, ਪ੍ਰਧਾਨ ਰਜਿੰਦਰ ਸਿੰਘ ਸ਼ੂਕਾ, ਰਮੇਸ਼ ਲਾਲ ਕਾਲਾ ਵਾਈਸ ਪ੍ਰਧਾਨ ਬਹੁਜਨ ਮੁਕਤੀ ਪਾਰਟੀ ਸਮੇਤ ਸਹੂੰਗੜਾ ਦੀ ਪਤਨੀ ਸੁਮਨ ਸਹੂੰਗੜਾ ਅਤੇ ਸਵ: ਸਹੂੰਗੜਾ ਦੇ ਬਹੁਜਨ ਹਿਤੈਸ਼ੀ ਲੋਕ ਹਾਜਰ ਸਨ।



# ਸਾਬਕਾ ਮੰਤਰੀ ਚੌਧਰੀ ਸਵਰਨਾ ਰਾਮ ਦਾ ਸਰਕਾਰੀ ਸਨਮਾਨਾਂ ਨਾਲ ਸੰਸਕਾਰ

**ਫਗਵਾੜਾ 4 ਅਪ੍ਰੈਲ (ਬੀਕੇ ਰੱਤੂ)–** ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਚੌਧਰੀ ਸਵਰਨਾ ਰਾਮ ਦਾ ਫਗਵਾੜਾ ਵਿਖੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਹੋਇਆ। ਪੰਜਾਬ ਸਰਕਾਰ ਵਿਚ ਸਮੇਂ-ਸਮੇਂ ਵੱਖ-ਵੱਖ ਵਿਭਾਗਾਂ ਦੇ ਮੰਤਰੀ ਰਹੇ ਚੌਧਰੀ ਸਵਰਨਾ ਰਾਮ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਅੱਜ ਫਗਵਾੜਾ ਵਿਖੇ ਉਨ੍ਹਾਂ ਦੇ ਅੰਤਿਮ ਸੰਸਕਾਰ ਮੌਕੇ ਡਿਪਟੀ ਕਮਿਸ਼ਨਰ ਸ਼੍ਰੀ ਵਿਸ਼ੇਸ਼ ਸਾਰੰਗਲ ਵਲੋਂ ਪੰਜਾਬ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਦੀ ਤਰਫੋਂ ਮ੍ਰਿਤਕ ਦੇਹ 'ਤੇ ਰੀਥ ਰੱਖਕੇ ਸ਼ਰਧਾਂਜਲੀ ਦਿੱਤੀ ਗਈ ਤੇ ਉਨਾਂ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ਗਿਆ। ਇਸ ਤੋਂ ਇਲਾਵਾ ਐਸਐਸਪੀ ਕਪੂਰਥਲਾ ਸ਼੍ਰੀ ਰਾਜਪਾਲ ਸਿੰਘ ਵਲੋਂ ਵੀ ਸਵਰਗੀ ਚੌਧਰੀ ਸਵਰਨਾ ਰਾਮ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਤੇ ਪੰਜਾਬ ਪੁਲਿਸ ਦੀ ਟੁਕੜੀ ਵਲੋਂ ਸੋਗ ਸਲਾਮੀ ਦਿੱਤੀ ਗਈ।



ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਫਗਵਾੜਾ ਡਾ ਨਯਨ ਜੱਸਲ, ਐਸ।ਡੀ।ਐਮ। ਫਗਵਾੜਾ ਡਾ ਜੈ ਇੰਦਰ ਸਿੰਘ ਤੇ ਹੋਰ ਹਾਜ਼ਰ ਸਨ।

# ਪਿੰਡ ਪਿੰਡ ਅਭਿਆਨ ਲਈ ਸੂਬਾ ਕਾਰਜਕਾਨੀ ਦੀ ਮੀਟਿੰਗ 8 ਅਪ੍ਰੈਲ ਨੂੰ ਜਲੰਧਰ ਹੋਵੇਗੀ - ਜਸਵੀਰ ਸਿੰਘ ਗੜ੍ਹੀ

**ਫਗਵਾੜਾ 4 ਅਪ੍ਰੈਲ (ਬੀਕੇ ਰੱਤੂ)–** ਬਹੁਜਨ ਸਮਾਜ ਪਾਰਟੀ ਦੀ ਸੂਬਾ ਪੱਧਰੀ ਮੰਥਨ ਮੀਟਿੰਗ ਸੂਬਾ ਕੇਂਦਰੀ ਕੋਆਰਡੀਨੇਟਰ ਸ਼੍ਰੀ ਰਣਧੀਰ ਸਿੰਘ ਬੈਨੀਵਾਲ ਜੀ ਦੀ ਅਗਵਾਈ ਵਿੱਚ ਹੋਈ, ਜਿਸ ਵਿਚ ਲਾਗਾਤਾਰ ਛੇ ਘੰਟੇ ਮੰਥਨ ਹੋਇਆ। ਮੀਟਿੰਗ ਤਹਿਤ ਸੂਬੇ ਦੀਆਂ 117 ਵਿਧਾਨ ਸਭਾ ਵਿਚ ਸੰਗਠਨ ਦੀ ਚੁਸਤ ਦਰੁਸਤ ਤੇ ਮਜ਼ਬੂਤੀ ਲਈ ਅਹਿਮ ਵਿਚਾਰਾਂ ਹੋਈਆਂ। ਜਾਰੀ ਪ੍ਰੈਸ ਨੋਟ ਵਿੱਚ ਲੋਕ ਸਭਾ ਜਲੰਧਰ ਦੀ ਉਪ ਚੋਣ ਦੇ ਮੁੱਦੇ ਦੇ ਸ਼੍ਰੀ ਬੈਨੀਵਾਲ ਜੀ ਨੇ ਕਿਹਾ ਕਿ ਬਸਪਾ ਅਕਾਲੀ ਦਲ ਗਠਜੋੜ ਦਾ ਉਮੀਦਵਾਰ ਤੇ ਅੰਤਿਮ ਫੈਸਲਾ ਭੈਣ ਕੁਮਾਰੀ ਮਾਇਆਵਤੀ ਕਰਨਗੇ, ਇਹ ਉਮੀਦਵਾਰ ਬਹੁਜਨ ਸਮਾਜ ਪਾਰਟੀ ਅਤੇ ਸ਼ਿਰੋਮਣੀ ਅਕਾਲੀ ਦਲ ਦੀ ਆਪਸੀ ਸਹਿਮਤੀ ਨਾਲ ਦਿੱਤਾ ਜਾਵੇਗਾ। ਸ਼੍ਰੀ ਬੈਨੀਵਾਲ ਨੇ ਸਪੱਸ਼ਟ ਕੀਤਾ ਕਿ ਬਸਪਾ ਦਾ ਅਕਾਲੀ ਦਲ ਨਾਲ ਗਠਜੋੜ ਲੰਬਾ ਚਲੇਗਾ ਅਤੇ 2024 ਦੀਆਂ ਲੋਕ ਸਭਾ ਚੋਣਾਂ ਨੂੰ ਧਿਆਨ ਵਿੱਚ ਰਖਦਿਆਂ ਹੀ ਸੰਗਠਨ ਨੂੰ ਮਜ਼ਬੂਤ ਕਰਨ ਲਈ ਜੋਰ ਸ਼ੋਰ ਨਾਲ ਯੋਜਨਾਬੰਦੀ ਕੀਤੀ ਗਈ ਹੈ ਜਿਸ ਤਹਿਤ ਲੀਡਰਸ਼ਿਪ ਦੇ ਕੰਮ ਨੂੰ ਵੰਡਿਆਂ ਜਾ ਰਿਹਾ ਹੈ। ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਰਾਸ਼ਟਰੀ ਪੱਧਰ ਤੇ ਭੈਣ ਕੁਮਾਰੀ ਮਾਇਆਵਤੀ ਜੀ ਦੇ ਨਿਰਦੇਸ਼ਾਂ ਵਿੱਚ ਪਿੰਡ ਪਿੰਡ ਚਲੋ ਅਭਿਆਨ ਦੀ ਸ਼ੁਰੂਆਤ ਕੀਤੀ ਜਾ ਚੁੱਕੀ ਹੈ, ਜਿਸ ਤਹਿਤ ਪਹਿਲੇ ਪੜਾਅ ਵਿੱਚ ਪੰਜਾਬ ਵਿੱਚ ਹਰੇਕ ਵਿਧਾਨ ਸਭਾ ਵਿਚ 50/50 ਪਿੰਡਾਂ ਵਿਚ ਬਸਪਾ ਦਾ ਸੰਗਠਨ ਮਜ਼ਬੂਤ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਜਾ ਚੁੱਕੀ ਹੈ। ਜਿਸਦੀ ਅਗਲੀ ਯੋਜਨਾਬੰਦੀ ਤਹਿਤ ਸੂਬਾ ਪੱਧਰੀ ਕਾਰਜਕਾਰਨੀ ਦੀ ਮੀਟਿੰਗ 8 ਅਪ੍ਰੈਲ ਨੂੰ ਜਲੰਧਰ ਦਫਤਰ ਵਿਖੇ ਬੁਲਾਈ ਗਈ ਹੈ। ਇਸ ਮੌਕੇ ਸੂਬਾ ਇੰਚਾਰਜ ਡਾ ਅਵਤਾਰ ਸਿੰਘ ਕਰੀਮਪੁਰੀ, ਸੂਬਾ ਇੰਚਾਰਜ ਤੇ ਵਿਧਾਇਕ ਡਾ ਨਛੱਤਰ ਪਾਲ, ਸੂਬਾ ਇੰਚਾਰਜ ਸ਼੍ਰੀ ਅਜੀਤ ਸਿੰਘ ਭੈਣੀ ਜੀ, ਸੂਬਾ ਜਨਰਲ ਸਕੱਤਰ ਸ਼੍ਰੀ ਗੁਰਲਾਲ ਸੈਲਾ ਜੀ ਸ਼ਾਮਿਲ ਰਹੇ।



# ਅਪ੍ਰੈਲ ਮਹੀਨਾ ਦਲਿਤ ਇਤਿਹਾਸ ਮਹੀਨਾ ਦੀ ਮਹੱਤਤਾ ਅਤੇ ਪਿਛੋਕੜ

(ਸਫਾ 6 ਦੀ ਬਾਕੀ

ਸੂਰਜ ਨੂੰ ਕਹਿੰਦਾ ਹੈ ਤੂੰ ਕੰਮੀਆਂ ਦੇ ਵਿਹੜੇ ਸਦਾ ਮੱਘਦਾ ਹੋਇਆ ਸੰਘਰਸ਼ ਅਤੇ ਇਨਕਲਾਬ ਦਾ ਸੁਨੇਹਾ ਦਿੰਦਾ ਰਹੀ ਇਹ ਉਦਾਸੀ ਦੀ ਹਰਮਨ ਪਿਆਰੀ ਰਚਨਾ ਸੀ। 22 ਅਪ੍ਰੈਲ ਦਾ ਦਿਨ ਗਦਰ ਲਹਿਰ ਦੇ ਆਗੂ ਅਤੇ ਆਦ ਧਰਮ ਮੰਡਲ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਨਾਲ ਸਬੰਧਿਤ ਹੈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਭਾਰਤ ਨੂੰ ਆਜ਼ਾਦ ਕਰਾਉਣ ਲਈ ਲਾਲਾ ਹਰਦਿਆਲ ਦੀ ਪ੍ਰੇਰਨਾ ਸਦਕਾ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਿਆ। ਬਾਬੂ ਮੁੱਗੋਵਾਲੀਆ ਨੇ ਆਪਣੇ ਪਿੰਡ ਦੇ ਆਦਿ ਧਰਮੀਆਂ ਨੂੰ ਪੜ੍ਹਾਉਣ ਲਈ ਪਿੰਡ ਵਿਚ 'ਆਦਿ ਧਰਮ ਸਕੂਲ' ਸਕੂਲ ਖੋਲ੍ਹਿਆ। ਆਦਿ ਧਰਮੀਆਂ ਨੂੰ ਲਾਮਬੰਦ ਕਰ ਕੇ ਸੰਘਰਸ਼ ਵਿੱਢਣ ਲਈ ਆਪਣੇ ਪਿੰਡ ਮੁੱਗੋਵਾਲ ਵਿਖੇ 11-12 ਜੂਨ 1926 ਨੂੰ ਆਦਿ ਧਰਮੀਆਂ ਦੀ ਇਕ ਕਾਨਫਰੰਸ ਬੁਲਾ ਕੇ 'ਆਦਿ ਧਰਮ ਮੰਡਲ' ਦੀ ਸਥਾਪਨਾ ਕੀਤੀ। ਸੰਨ 1931 ਦੀ ਮਰਦਮ-ਸ਼ੁਮਾਰੀ ਸਮੇਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਆਦਿ ਧਰਮੀਆਂ ਨੂੰ ਕਿਹਾ ਉਹ ਆਪਣਾ ਧਰਮ 'ਆਦਿ ਧਰਮ' ਲਿਖਵਾਉਣ। ਲੰਡਨ ਵਿਖੇ ਹੋਈਆਂ ਗੋਲਮੇਜ਼ ਕਾਨਫਰੰਸਾਂ ਦੌਰਾਨ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੇ ਆਦਿ ਧਰਮੀਆਂ ਦੇ ਹੱਕ ਵਿਚ ਡਾਕਟਰ ਅੰਬੇਡਕਰ ਦਾ ਸਾਥ ਦਿੱਤਾ। ਸੰਨ 1932 ਦੀ ਗੋਲਮੇਜ਼ ਕਾਨਫਰੰਸ ਦੌਰਾਨ ਜਦੋਂ ਗਾਂਧੀ ਨੇ ਆਦਿ ਧਰਮੀਆਂ ਨੂੰ ਮਿਲ ਰਹੇ ਅਧਿਕਾਰਾਂ ਦੇ ਖ਼ਿਲਾਫ਼ ਪੂਨੇ ਦੀ ਯਰਵਦਾ ਜੇਲ੍ਹ ਵਿਚ ਮਰਨ ਵਰਤ ਰੱਖਿਆ ਤਾਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਵੀ ਗਾਂਧੀ ਦੇ ਖ਼ਿਲਾਫ਼ ਅਤੇ ਆਦਿ ਧਰਮੀਆਂ ਦੇ ਹੱਕ ਵਿਚ ਸ਼ਿਮਲਾ ਵਿਖੇ ਮਰਨ ਵਰਤ ਰੱਖਿਆ । ਆਪ ਦੇ ਯਤਨਾਂ ਸਦਕਾ ਆਦਿ ਧਰਮੀਆਂ ਨੂੰ ਮਿਲੇ ਅਧਿਕਾਰਾਂ ਅਧੀਨ 1937 ਦੀ ਪੰਜਾਬ ਅਸੈਂਬਲੀ ਚੋਣ ਵਿਚ ਰਿਜ਼ਰਵ ਹੋਈਆਂ 8 ਸੀਟਾਂ ਵਿੱਚੋਂ 7 ਉੱਤੇ 'ਆਦਿ-ਧਰਮ ਮੰਡਲ' ਦੇ ਨੁਮਾਇੰਦੇ ਚੋਣ ਜਿੱਤਣ ਵਿਚ ਸਫਲ ਹੋਏ। 'ਦਿ ਪੰਜਾਬ ਲੈਂਡ ਏਲਾਈਨੇਸ਼ਨ ਐਕਟ' ਅਨੁਸਾਰ ਆਦਿ ਧਰਮੀ ਜ਼ਮੀਨ ਦੇ ਮਾਲਕ ਨਹੀਂ ਸਨ ਬਣ ਸਕਦੇ। ਆਪ ਨੇ ਇਹ ਕਾਨੂੰਨ ਖ਼ਤਮ ਕਰਾਇਆ ਤੇ ਆਦਿ ਧਰਮੀਆਂ ਨੂੰ ਜ਼ਮੀਨਾਂ ਦੇ ਮਾਲਕ ਬਣਨ ਦਾ ਹੱਕ ਲੈ ਕੇ ਦਿੱਤਾ। 15 ਅਗਸਤ 1972 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪ ਨੂੰ ਸਨਮਾਨਿਤ ਕੀਤਾ ਅਤੇ ਸਰਕਾਰੀ ਪੈਨਸ਼ਨ ਲਗਵਾਈ। 22 ਅਪ੍ਰੈਲ 1980 ਨੂੰ ਪੀਜੀਆਈ ਚੰਡੀਗੜ੍ਹ ਵਿਖੇ ਉਹ ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ। ਭਾਰਤ ਦੇਸ਼ ਨੂੰ ਅਜ਼ਾਦ ਹੋਏ 75 ਸਾਲ ਬੀਤ ਚੁੱਕੇ ਹਨ ਪਰੰਤੂ ਅਜੇ ਤੱਕ ਵੀ ਦਲਿਤਾਂ ਨਾਲ ਵਾਪਰਦੀਆਂ ਅਤਿੱਆਚਾਰ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਹਨ। ਸਾਡੇ ਸਭ ਲਈ ਇਹ ਸੋਚਣਾ ਮਹੱਤਵਪੂਰਨ ਹੈ ਕਿ ਅਸੀਂ ਜਾਤੀਵਾਦ ਤੋਂ ਰਹਿਤ ਸਮਾਜ ਦੀ ਸਿਰਜਣਾ ਲਈ ਹਰ ਰੋਜ਼ ਕੀ ਕਰ ਰਹੇ ਹਾਂ। ਸਾਨੂੰ ਸਾਰਿਆਂ ਨੂੰ ਅਜਿਹੀਆਂ ਆਦਤਾਂ ਵਿਕਸਿਤ ਕਰਨੀਆਂ ਚਾਹੀਦੀਆਂ ਹਨ ਜੋ ਸੰਗਠਨਾਤਮਕ ਅਤੇ ਵਿਆਪਕ ਸਮਾਜਿਕ ਸੱਭਿਆਚਾਰ ਤੇ ਆਪਣੀ ਪਕੜ ਨੂੰ ਕਮਜ਼ੋਰ ਕਰਨ ਲਈ ਇਸ ਢਾਂਚੇ ਦੇ ਵਿਰੁੱਧ ਸਰਗਰਮੀ ਨਾਲ ਕੰਮ ਕਰਦੀਆਂ ਹਨ। ਸਰਕਾਰੀ ਅਤੇ ਗੈਰ ਸਰਕਾਰੀ ਸੰਗਠਨਾਂ ਨੂੰ ਮਿਲਕੇ ਦਲਿਤਾਂ ਨਾਲ ਹੋ ਰਹੇ ਵਿਤਕਰੇ ਨੂੰ ਖਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਸਾਡੇ ਰਹਿਵਰਾਂ ਵਲੋਂ ਵੇਖੇ ਗਏ ਸੁਪਨਿਆਂ ਵਾਲਾ ਸਮਾਜ ਬਣ ਸਕੇ ਅਤੇ ਅਪ੍ਰੈਲ ਮਹੀਨਾ ਜਿਸਨੂੰ ਦਲਿਤ ਇਤਿਹਾਸ ਮਹੀਨਾ ਘੋਸ਼ਿਤ ਕੀਤਾ ਗਿਆ ਹੈ ਦੀ ਮਹੱਤਤਾ ਕਾਇਮ ਰਹਿ ਸਕੇ।

# ਅਮਰੀਕਾ ਦੀਆਂ ਬਾਰਾਂ ਤੇ ਨਾਈਟ ਕਲੱਬਾਂ ਵਿਚ ਲੁੱਟਮਾਰ ਤੇ ਕਤਲ ਕਰਨ ਦੇ ਮਾਮਲੇ ਵਿਚ 4 ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਨਿਊਯਾਰਕ ਦੀਆਂ ਬਾਰਾਂ ਤੇ ਨਾਇਟ ਕਲੱਬਾਂ ਵਿਚ ਲੁੱਟਮਾਰ ਕਰਨ ਦੀਆਂ ਦਰਜ਼ਨ ਤੋਂ ਵਧ ਘਟਨਾਵਾਂ ਵਿਚ ਸ਼ਾਮਿਲ 4 ਵਿਅਕਤੀਆਂ ਨੂੰ ਗਿਫ਼ਤਾਰ ਕਰਨ ਦੀ ਖ਼ਬਰ ਹੈ। ਮੈਨਹਟਨ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਇਨਾਂ ਵਿਚ ਦੋ ਸ਼ੱਕੀਆਂ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਰਾਬਰਟ ਡੈਮਾਇਓ (34) ਤੇ ਜੈਕੋਬ ਬਾਰੋਸੋ (30) ਵਿਰੁੱਧ ਦੂਸਰਾ ਦਰਜ ਕਤਲ, ਲੁੱਟਮਾਰ ਤੇ ਸਾਜਿਸ਼ ਰਚਣ ਦੇ ਦੋਸ਼ ਆਇਦ ਕੀਤੇ ਗਏ ਹਨ ਜਦ ਕਿ ਆਂਦਰੇ ਬਟਸ ਤੇ ਸ਼ੇਨ ਹੋਸਕਿੰਸ ਵਿਰੁੱਧ ਲੁੱਟਮਾਰ ਕਰਨ ਤੇ ਸਾਜਿਸ਼ ਰਚਣ ਦੇ ਦੋਸ਼ ਲਾਏ ਗਏ ਹਨ। ਇਸਤਗਾਸਾ ਪੱਖ ਅਨੁਸਾਰ ਇਹ ਚਾਰੇ ਸ਼ੱਕੀ ਬਾਰ ਜਾਂ ਨਾਇਟ ਕਲੱਬ ਵਿਚੋਂ ਨਿਕਲੇ ਸ਼ਰਾਬੀਆਂ ਨੂੰ ਨਿਸ਼ਾਨਾ ਬਣਾਉਂਦੇ ਸਨ। ਇਹ ਸ਼ੱਕੀ ਬਾਰਾਂ ਵਿਚੋਂ ਨਿਕਲ ਰਹੇ ਲੋਕਾਂ ਨਾਲ ਗੱਲਬਾਤ ਕਰਦੇ ਸਨ ਤੇ ਉਨਾਂ ਨੂੰ ਗੈਰ ਕਾਨੂੰਨੀ ਜ਼ਹਿਰੀਲੇ ਪਦਾਰਥ ਦੀ ਪੇਸ਼ਕਸ਼ ਕਰਦੇ ਸਨ । ਉਹ ਸ਼ਰਾਬੀ ਹਾਲਤ ਵਿਚ ਪੀੜਤਾਂ ਕੋਲੋਂ ਕਰੈਡਿਟ ਕਾਰਡ ਦੀ ਜਾਣਕਾਰੀ ਲੈਂਦੇ ਸਨ ਤਾਂ ਜੋ ਉਹ ਉਸ ਦੀ ਵਰਤੋਂ ਸਟੋਰਾਂ ਤੋਂ ਖਰੀਦਦਾਰੀ ਕਰਨ ਲਈ ਕਰ ਸਕਣ। ਡੈਮਾਇਓ ਤੇ ਬਾਰੋਸੋ ਵਿਰੁੱਧ 21 ਅਪ੍ਰੈਲ, 2022 ਨੂੰ ਲੁੱਟਮਾਰ ਦੌਰਾਨ ਜੂਲੀਓ ਸੇਸਰ ਰਮੀਰੇਜ਼ (25) ਨਾਮੀ ਵਿਅਕਤੀ ਦੀ ਹੱਤਿਆ ਕਰਨ ਦੇ ਦੋਸ਼ ਵੀ ਲਾਏ ਗਏ ਹਨ। ਡੈਮਾਇਓ 28 ਮਈ 2022 ਨੂੰ ਜੌਹਨ ਉਮਰਗਰ (33) ਨਾਮੀ ਵਿਅਕਤੀ ਦੀ ਲੁੱਟਮਾਰ ਦੌਰਾਨ ਹੱਤਿਆ ਕਰਨ ਦਾ ਵੀ ਸ਼ੱਕੀ ਦੋਸ਼ੀ ਹੈ। ਇਹ ਦੋਨੋਂ ਹੱਤਿਆਵਾਂ ਮੈਨਹਟਨ ਦੀਆਂ ਗੇਅ ਬਾਰਾਂ ਵਿਚ ਹੋਈਆਂ ਸਨ।



# ਭ੍ਰਿਸ਼ਟਾਚਾਰ, ਭਰਾ-ਭਤੀਜਾਵਾਦ ਤੇ ਹੋਰ ਚੁਣੌਤੀਆਂ ਤੋਂ ਭਾਰਤ ਨੂੰ ਮੁਕਤ ਕਰਾਉਣ ਲਈ ਅਸੀਂ ਦ੍ਰਿੜ- ਮੋਦੀ

**ਨਵੀਂ ਦਿੱਲੀ-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਨ੍ਹਾਂ ਦਾ ਸੱਭਿਆਚਾਰ ਪਰਿਵਾਰਵਾਦ, ਵੰਸ਼ਵਾਦ, ਜਾਤੀਵਾਦ ਅਤੇ ਖੇਤਰਵਾਦ ਦਾ ਰਿਹਾ ਹੈ, ਜਦਕਿ ਭਾਰਤੀ ਜਨਤਾ ਪਾਰਟੀ ਦਾ ਸਿਆਸੀ ਸੱਭਿਆਚਾਰ ਹਰ ਦੇਸ਼ ਵਾਸੀ ਨੂੰ ਨਾਲ ਲੈ ਕੇ ਚੱਲਦ ਦੀ ਹੈ।

ਭਾਜਪਾ ਦੇ 44ਵੇਂ ਸਥਾਪਨਾ ਦਿਵਸ ਮੌਕੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਮੋਦੀ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਭਾਰਤ ਨੂੰ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ ਅਤੇ ਕਾਨੂੰਨ ਵਿਵਸਥਾ ਦੀਆਂ ਚੁਣੌਤੀਆਂ ਤੋਂ ਮੁਕਤ ਕਰਨ ਲਈ ਸਖ਼ਤ ਕਦਮ ਚੁੱਕਣ ਲਈ ਦ੍ਰਿੜ ਹੈ। ਇਸ ਮੌਕੇ ਉਨ੍ਹਾਂ ਭਗਵਾਨ ਹਨੂੰਮਾਨ ਅਤੇ ਭਾਜਪਾ ਦੇ ਸਮਾਨ-ਤਾਵਾਂ ਨੂੰ ਦੱਸੀਆਂ ਅਤੇ ਕਿਹਾ ਕਿ ਪਾਰਟੀ ਨਿਰਸਵਾਰਥ ਸੇਵਾ ਦੇ ਆਦਰਸ਼ਾਂ ਵਿੱਚ ਵਿਸ਼ਵਾਸ ਰੱਖਦੀ ਹੈ।

**ਸੁਪਰੀਮ ਕੋਰਟ ਨੇ ਵੀ ਦਿੱਤਾ ਝਟਕਾ**

ਸੁਪਰੀਮ ਕੋਰਟ ਨੇ ਕਾਂਗਰਸ ਦੀ ਅਗਵਾਈ ਵਾਲੀ 14 ਸਿਆਸੀ ਪਾਰਟੀਆਂ ਦੀ ਉਸ ਅਪੀਲ 'ਤੇ ਸੁਣਵਾਈ ਤੋਂ ਨਾਂਹ ਕਰ ਦਿੱਤੀ, ਜਿਸ ਵਿੱਚ ਵਿਰੋਧੀ ਧਿਰਾਂ ਦੇ ਆਗੂਆਂ ਖਿਲਾਫ਼ ਕੇਂਦਰੀ ਜਾਂਚ ਏਜੰਸੀਆਂ ਦੀ ਕਥਿਤ ਆਪਹੁਦਰੇ ਢੰਗ ਨਾਲ ਵਰਤੋਂ ਕੀਤੇ ਜਾਣ ਦਾ ਦੋਸ਼ ਲਗਾਇਆ ਗਿਆ ਸੀ। ਸਿਖਰਲੀ ਕੋਰਟ ਨੇ ਜ਼ੋਰ ਦੇ ਕੇ ਆਖਿਆ ਕਿ ਬਿਨਾਂ ਤੱਥਾਂ ਦੇ ਫੌਜਦਾਰੀ ਕੇਸ ਲਈ ਦਿਸ਼ਾ-ਨਿਰਦੇਸ਼ ਨਿਰਧਾਰਿਤ ਕੀਤੇ ਜਾਣਾ 'ਖ਼ਤਰਨਾਕ' ਹੋਵੇਗਾ। ਚੀਫ਼ ਜਸਟਿਸ ਡੀਵਾਈ ਚੰਦਰਚੂੜ ਤੇ ਜਸਟਿਸ ਜੇਬੀ ਪਾਰਦੀਵਾਲਾ ਦੇ ਬੈਂਚ ਨੇ ਪਟੀਸ਼ਨ 'ਤੇ ਸੁਣਵਾਈ ਲਈ ਸੰਕੋਚ ਜਤਾਉਂਦਿਆਂ ਕਿਹਾ ਕਿ ਅਦਾਲਤਾਂ ਸਿਆਸੀ ਆਗੂਆਂ



ਦੀਆਂ ਸ਼ਿਕਾਇਤਾਂ ਸੁਣਨ ਲਈ ਹਮੇਸ਼ਾਂ ਮੌਜੂਦ ਰਹਿੰਦੀਆਂ ਹਨ, ਜਿਵੇਂ ਕਿ ਉਹ ਆਮ ਨਾਗਰਿਕਾਂ ਦੇ ਮਾਮਲੇ ਵਿੱਚ ਰਹਿੰਦੀ ਹੈ। ਬੈਂਚ ਨੇ ਕਿਹਾ, ''ਸਿਆਸੀ ਆਗੂਆਂ ਨੂੰ ਆਮ ਨਾਗਰਿਕਾਂ ਨਾਲੋਂ ਵੱਧ ਛੋਟ ਨਹੀਂ ਮਿਲ ਸਕਦੀ। ਇੱਕ ਵਾਰ ਜਦੋਂ ਅਸੀਂ ਇਹ ਸਵੀਕਾਰ ਕਰ ਲੈਂਦੇ ਹਾਂ ਕਿ ਸਿਆਸੀ ਆਗੂ ਵੀ ਆਮ ਨਾਗਰਿਕਾਂ ਦੇ ਬਰਾਬਰ ਹਨ ਤੇ ਇਨ੍ਹਾਂ ਨੂੰ ਕੋਈ ਵਾਧੂ ਛੋਟ ਹਾਸਲ ਨਹੀਂ ਹੈ, ਫਿਰ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਉਦੋਂ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋ ਸਕਦੀ ਜਦੋਂ ਤੱਕ ਤਿੰਨ ਮਾਪਦੰਡਾਂ 'ਤੇ ਅਧ-ਾਰਿਤ ਜਾਂਚ ਤੋਂ ਤਸੱਲੀ ਨਹੀਂ ਹੋ ਜਾਂਦੀ।'' ਪਟੀਸ਼ਨ 'ਤੇ ਗੌਰ ਕਰਨ ਵਿੱਚ ਸਿਖਰਲੀ ਅਦਾਲਤ ਦੇ ਸੰਕੋਚ ਨੂੰ ਸਮਝਦਿਆਂ ਸਿਆਸੀ ਪਾਰਟੀਆਂ ਵੱਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਪਟੀਸ਼ਨ ਵਾਪਸ ਲੈਣ ਦੀ ਪ੍ਰਵਾਨਗੀ ਮੰਗੀ, ਜਿਸ ਨੂੰ ਕੋਰਟ ਨੇ ਮਨਜ਼ੂਰੀ ਦੇ ਦਿੱਤੀ। ਬੈਂਚ ਨੇ ਹੁਕਮ ਦਿੱਤਾ, ''ਵਕੀਲ ਇਸ ਪੜਾਅ 'ਤੇ ਪਟੀਸ਼ਨ ਵਾਪਸ ਲੈਣ ਦੀ ਇਜ਼ਾਜਤ ਮੰਗ ਰਿਹਾ ਹੈ। ਲਿਹਾਜ਼ਾ ਪਟੀਸ਼ਨ ਨੂੰ ਵਾਪਸ ਲਈ ਗਈ ਮੰਨ ਕੇ ਖਾਰਜ ਕੀਤਾ ਜਾਂਦਾ ਹੈ।''

ਬੈਂਚ ਨੇ ਕਿਹਾ, ''ਮਿਹਰਬਾਨੀ ਕਰਕੇ ਤੁਸੀਂ ਸਾਡੇ ਕੋਲ ਉਦੋਂ ਆਇਓ ਜਦੋਂ ਤੁਹਾਡੇ ਕੋਲ ਕੋਈ ਵਿਅਕਤੀਗਤ ਅਪਰਾਧਿਕ ਮਾਮਲਾ ਜਾਂ ਮਾਮਲੇ ਹੋਣ। ਬਿਨਾਂ ਤੱਥਾਂ ਦੇ ਫੌਜਦਾਰੀ ਕੇਸ ਲਈ ਦਿਸ਼ਾ-ਨਿਰਦੇਸ਼ ਨਿਰਧਾਰਿਤ ਕੀਤੇ ਜਾਣਾ 'ਖ਼ਤਰਨਾਕ' ਹੋਵੇਗਾ।''

ਸ਼ੁਰੂਆਤ ਵਿੱਚ ਸਿੰਘਵੀ ਨੇ ਕੁਝ ਅੰਕੜਿਆਂ ਦੇ ਹਵਾਲੇ ਨਾਲ ਕਿਹਾ ਕਿ ਵਿਰੋਧੀ ਧਿਰਾਂ ਦੇ ਆਗੂਆਂ ਨੂੰ 2014 ਤੋਂ 2022 ਤੱਕ ਸੰਘੀ ਜਾਂਚ ਏਜੰਸੀਆਂ ਵੱਲੋਂ ਨਿਸ਼ਾਨਾ ਬਣਾਇਆ ਗਿਆ ਹੈ ਤੇ ਸੀਬੀਆਈ ਤੇ ਈਡੀ ਦੇ ਕੇਸਾਂ ਵਿੱਚ 600 ਫੀਸਦ ਦਾ ਇਜ਼ਾਫ਼ਾ ਹੋਇਆ ਹੈ। ਉਨ੍ਹਾਂ ਦਾਅਵਾ ਕੀਤਾ, ''2014 ਤੇ 2002 ਦਰਮਿਆਨ ਈਡੀ ਵੱਲੋਂ 121 ਆਗੂਆਂ ਖਿਲਾਫ਼ ਜਾਂਚ ਕੀਤੀ ਗਈ ਹੈ, ਜਿਨ੍ਹਾਂ ਵਿਚੋਂ 95 ਫੀਸਦ ਵਿਰੋਧੀ ਪਾਰਟੀਆਂ 'ਚੋਂ ਹਨ।''

ਨਰਿੰਦਰ ਮੋਦੀ ਸਰਕਾਰ ਪਹਿਲੀ ਵਾਰ ਮਈ 2014 ਵਿੱਚ ਸੱਤਾ 'ਚ ਆਈ ਸੀ। ਸਿੰਘਵੀ ਨੇ ਦਾਅਵਾ ਕੀਤਾ ਕਿ ਸੀਬੀਆਈ ਨੇ 124 ਸਿਆਸੀ ਆਗੂਆਂ ਦੀ ਜਾਂਚ ਕੀਤੀ ਹੈ ਤੇ ਇਨ੍ਹਾਂ ਵਿਚੋਂ 108 ਵਿਰੋਧੀ ਸਿਆਸੀ ਪਾਰਟੀਆਂ ਦੇ ਹਨ।

# ਇਮਾਨਦਾਰੀ ਅਤੇ ਨੇਕਨੀਅਤੀ ਕਾਮਯਾਬ ਜ਼ਿੰਦਗੀ ਦੇ ਸਭ ਤੋਂ ਵੱਡੇ ਗੁਣ- ਸਪੀਕਰ ਕੁਲਤਾਰ ਸਿੰਘ ਸੰਧਵਾਂ

**ਨਵਾਂਸ਼ਹਿਰ-** ਪੰਜਾਬ ਵਿਧਾਨ ਸਭਾ ਦੇ ਸਪੀਕਰ, ਸ। ਕੁਲਤਾਰ ਸਿੰਘ ਸੰਧਵਾਂ ਨੇ ਅੱਜ ਇੱਥੇ ਆਖਿਆ ਕਿ ਇਮਾਨਦ-ਾਰੀ ਅਤੇ ਨੇਕਨੀਅਤੀ ਕਾਮਯਾਬ ਜ਼ਿੰਦਗੀ ਦਾ ਸਭ ਤੋਂ ਵੱਡਾ ਗੁਣ ਹੈ, ਜਿਸ ਨਾਲ ਅਸੀਂ ਤਰੱਕੀ ਦੀਆਂ ਮੰਜ਼ਿਲ੍ਹਾਂ ਛੋਹਣ ਦੇ ਨਾਲ-ਨਾਲ ਸਮਾਜ ਲਈ ਵੀ ਆਦਰਸ਼ ਬਣਦੇ ਹਾਂ।



ਅੱਜ ਨਵਾਂਸ਼ਹਿਰ ਦੇ ਬੀ ਐਲ ਐਮ ਗਰਲਜ਼ ਕਾਲਜ ਵਿਖੇ ਕਾਨਵੋਕੇਸ਼ਨ (ਡਿਗਰੀ ਵੰਡ ਸਮਾਰੋਹ) 'ਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ, ਸਪੀਕਰ ਪੰਜਾਬ ਵਿਧਾਨ ਸਭਾ ਨੇ ਕਿਹਾ ਕਿ ਕੇਵਲ ਡਿਗਰੀ ਸਾਡੀ ਮੰਜ਼ਿਲ ਦੀ ਪ੍ਰਾਪਤੀ ਨਹੀਂ ਸਗੋਂ ਇਸ ਨਾਲ ਸਾਡੀ ਅਸਲ ਤਪੱਸਿਆ ਸ਼ੁਰੂ ਹੁੰਦੀ ਹੈ। ਅਸੀਂ ਜੋ ਵਿਦਿਅਕ ਪ੍ਰਾਪਤੀ ਕੀਤੀ ਹੈ, ਉਸ ਗਿਆਨ ਨੂੰ ਅੱਗੇ ਵਰਤ ਕੇ ਹੁਣ ਅਸੀਂ ਸਮਾਜ ਪ੍ਰਤੀ ਆਪਣੀ ਜ਼ਿੰਮੇਂਵਾਰੀ ਨੂੰ ਨਿਭਾਉਣਾ ਹੈ। ਉਨ੍ਹਾਂ ਕਿਹਾ ਕਿ ਕਿਤਾਬੀ ਗਿਆਨ ਅਤੇ ਅਮਲੀ ਗਿਆਨ ਦੋ ਵੱਖ-ਵੱਖ ਅਹਿਮ ਪੜਾਅ ਹਨ। ਉਨ੍ਹਾਂ ਸੈਸ਼ਨ 2014 ਤੋਂ 2021 ਤੱਕ ਦੀਆਂ ਸਫ਼ਲ ਵਿਦਿਆਰਥਣਾਂ 'ਚੋਂ ਮੌਜੂਦ 190 ਨੂੰ ਉਨ੍ਹਾਂ ਦੀਆਂ ਮਾਸਟਰ ਅਤੇ ਬੈਚੂਲਰ ਡਿਗਰੀਆਂ ਸੌਂਪਣ ਬਾਅਦ ਸੰਬੋਧਿਤ ਹੁੰਦਿਆਂ ਕਿਹਾ ਕਿ ਜ਼ਿੰਦਗੀ 'ਚ ਸੰਘਰਸ਼ ਬਹੁਤ ਕੁੱਝ ਸਿਖਾਉਂਦਾ ਹੈ। ਜੇਕਰ ਅਸੀਂ ਇਮਾਨਦਾਰੀ ਦਾ ਰਾਹ ਨਹੀਂ ਛੱਡਦੇ ਤਾਂ ਸਫ਼ਲਤਾ ਹਮੇਸ਼ਾਂ ਸਾਡੇ ਪੈਰ ਚੁੰਮਦੀ ਹੈ।

ਉਨ੍ਹਾਂ ਆਪਣੇ ਸਮਾਜਿਕ ਅਤੇ ਸਿਆਸੀ ਜੀਵਨ ਦੀ ਉਦਾਹਰਨ ਦਿੰਦਿਆਂ ਕਿਹਾ ਕਿ ਕਾਲਜ ਛਡਣ ਵੇਲੇ ਉਨ੍ਹਾਂ ਨੂੰ ਆਪਣੇ ਇੱਕ ਅਧਿਆਪਕ ਦੇ ਕਹੇ ਲਫ਼ਜ਼ ਕਿ ਅੱਜ ਤੋਂ ਤੁਹਾਡਾ ਬੇਰੋਜ਼ਗਾਰੀ ਸਫ਼ਰ ਸ਼ੁਰੂ ਹੁੰਦਾ ਹੈ, ਅੱਜ ਵੀ ਯਾਦ ਹਨ ਪਰ ਉਨ੍ਹਾਂ ਨੂੰ ਮੇਹਨਤ ਅਤੇ ਲਗਨ ਦੇ ਸਿਰ 'ਤੇ ਅੱਜ ਪੰਜਾਬ ਦੇ ਲੋਕਾਂ ਵੱਲੋਂ ਰਾਜ ਦੇ ਸਭ ਤੋਂ ਪਵਿੱਤਰ ਸਦਨ ਦੀ ਜ਼ਿੰਮੇਂਵਾਰੀ ਸੌਂਪਣ ਤੱਕ ਦਾ ਸਫ਼ਰ ਉਨ੍ਹਾਂ ਦੀ ਇਮਾਨਦਾਰੀ ਸਦਕਾ ਹੀ ਹੈ।

ਵਿਦਿਆਰਥਣਾਂ ਨੂੰ ਦੇਸ਼ ਪ੍ਰੇਮ ਦਾ ਸੰਦੇਸ਼ ਦਿੰਦਿਆਂ ਦੇਸ਼ ਤੋੜਨ ਵਾਲੀਆਂ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿ-ਦਿਆਂ ਉਨ੍ਹਾਂ ਕਿਹਾ ਕਿ ਦੇਸ਼ ਇਸ ਵਿੱਚ ਰਹਿਣ ਵਾਲੇ ਲੋਕਾਂ ਅਤੇ ਉਨ੍ਹਾਂ ਦੀ ਸਦਭਾਵਨਾ ਅਤੇ ਭਾਈਚਾਰਕ ਸਾਂਝ ਨਾਲ ਬਣਿਆ ਹੈ। ਇਸ ਲਈ ਸਾਡਾ ਇਹ ਫ਼ਰਜ਼ ਬਣ ਜਾਂਦਾ ਹੈ ਕਿ ਅਸੀਂ ਆਪਣੇ ਦੇਸ਼ ਪ੍ਰਤੀ ਸੁਹਿਰਦ ਹੁੰਦੇ ਹੋਏ ਹਮੇਸ਼ਾਂ ਇਸ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ 'ਚ ਯੋਗਦਾਨ ਦੇਈਏ।

ਉਨ੍ਹਾਂ ਗੁਰੂ ਨਾਨਕ ਦੇਵ ਜੀ ਅਤੇ ਮਹਾਂਰਿਸ਼ੀ ਸਵਾਮੀ ਦਯਾਨੰਦ ਜੀ, ਜਿਨ੍ਹਾਂ ਦੀ ਦੂਸਰੀ ਜਨਮ ਸ਼ਤਾਬਦੀ (1824-2024) ਨੂੰ ਅੱਜ ਦਾ ਕਾਨਵੋਕੇਸ਼ਨ ਸਮਰਪਿਤ ਕੀਤਾ ਗਿਆ ਹੈ, ਵੱਲੋਂ ਮਹਿਲਾਵਾਂ ਦੇ ਸਮਾਜ 'ਚ ਸਭ ਤੋਂ ਉੱਚੇ ਦਰਜੇ ਅਤੇ ਉਨ੍ਹਾਂ ਦੀ ਬਰਾਬਰੀ ਲਈ ਆਵਾਜ਼ ਉਠਾਉਣ ਅਤੇ ਸੁਧਾਰ ਲਈ ਕੀਤੇ ਗਏ ਉਪਰਾਲਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਤੋਂ ਭਲੀ-ਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਸ ਸਮੇਂ ਔਰਤਾਂ ਲਈ ਸਮਾਜ 'ਚ ਕਿਸ ਤਰ੍ਹਾਂ ਦੀ ਮੁਸ਼ਕਿਲਾਂ ਸਨ। ਉਨ੍ਹਾਂ ਕਿਹਾ ਕਿ ਅੱਜ ਮਹਿਲਾਵਾਂ ਸਮਾਜ ਦਾ ਸਤਿਕਾਰਯੋਗ ਹਿੱਸਾ ਤਾਂ ਹਨ ਹੀ ਬਲਕਿ ਆਪਣੀਆਂ ਪ੍ਰਾਪਤੀਆਂ ਨਾਲ ਵਿਲੱਖਣ ਸਥਾਨ ਵੀ ਰੱਖਦੀਆਂ ਹਨ। ਉਨ੍ਹਾਂ ਇਸ ਮੌਕੇ ਆਰਟਸ, ਇਕਨਾਮਿਕਸ, ਕੰਪਿਊਟਰ ਐਪਲੀਕੇਸ਼ਨਜ਼, ਕੰਪਿਊਟਰ ਸਾਇੰਸ ਆਦਿ ਵਿਸ਼ਿਆਂ 'ਚ ਆਪਣੀ ਸਿਖਿਆ ਹਾਸਲ ਕਰਕੇ ਡਿਗਰੀ/ਯੂਨੀਵਰਸਿਟੀ ਮੈਡਲ ਪ੍ਰਾਪਤ ਕਰਨ ਵਾਲੀ ਵਿਦਿਆਰਥਣਾਂ ਨੂੰ ਉਜਵਲ ਭਵਿੱਖ ਲਈ ਮੁਬਾਰਕਬਾਦ ਵੀ ਦਿੱਤੀ।

ਉਨ੍ਹਾਂ ਸ਼ਹੀਦ-ਏ-ਆਜ਼ਮ ਸ। ਭਗਤ ਸਿੰਘ ਦੇ ਪਰਿਵਾਰ ਅਤੇ ਪੁਰਖਿਆ ਨਾਲ ਜੁੜੀ ਇਸ ਧਰਤੀ ਨੂੰ ਬਹੁਤ ਹੀ ਮਹਾਨ ਸਥਾਨ ਕਰਾਰ ਦਿੰਦਿਆਂ ਕਿਹਾ ਕਿ ਜਦੋਂ ਸਾਡੇ ਪ੍ਰੇਰਣਾਸ੍ਰੋਤ ਅਜਿਹੇ ਦੇਸ਼ ਨੂੰ ਸਮਰਪਿਤ ਨੌਜੁਆਨ ਵੀਰ ਬਲੀਦਾਨੀ ਹਨ ਤਾਂ ਸਾਨੂੰ ਵੀ ਆਪਣੇ ਦੇਸ਼ ਅਤੇ ਰਾਜ ਦੀ ਬੇਹਤਰੀ ਲਈ ਕੰਮ ਕਰਨਾ ਚਾਹੀਦਾ ਹੈ।

ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪੰਜਾਬ 'ਚ ਸਿਖਿਆ ਅਤੇ ਸਿਹਤ ਢਾਂਚੇ ਨੂੰ ਵਿਸ਼ੇਸ਼ ਪ੍ਰਮੁਖਤਾ ਦੇ ਕੇ ਸ਼ੁਰੂ ਕੀਤੇ ਸੁਧਾਰਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਨਾਲ ਸੂਬੇ ਦੇ ਨੌਜੁਆਨਾਂ ਅਤੇ ਲੋਕਾਂ ਨੂੰ ਵੱਡਾ ਲਾਭ ਮਿਲੇਗਾ।

ਨਾਮਵਰ ਪੱਤਰਕਾਰ ਅਤੇ ਸੰਪਾਦਕ ਵਰਿੰਦਰ ਵਾਲੀਆ ਨੇ ਇਸ ਮੌਕੇ ਵਿਦਿਆਰਥਣਾਂ ਨੂੰ ਆਪਣੀ ਦਿਵਿਆਂਗਤਾ ਨੂੰ ਚਣੌਤੀ ਮੰਨ ਕੇ ਖੇਡਾਂ 'ਚ ਮੁਕਾਮ ਹਾਸਲ ਕਰਨ ਵਾਲੀ ਅਨੁਪਮਾ ਸਿਨਹਾ, ਸਾਲ 2015 'ਚ ਮੁੰਬਈ ਦੇ ਸਲੱਮ 'ਚ ਰਹਿ ਕੇ ਵੀ ਆਈ ਏ ਐਸ ਬਣਨ ਵਾਲੀ ਉਮਰ ਅਤੇ ਪੁਲਿਸ ਲਾਈਨ 'ਚ ਪੇਂਟਰ ਪਿਤਾ ਨਾਲ ਰਹਿਣ ਵਾਲੀ ਧੀ ਵੱਲੋਂ ਵੱਡੀ ਹੋ ਕੇ ਆਈ ਪੀ ਐਸ ਬਣਨ ਵਾਲੀਆਂ ਸਫ਼ਲ ਮਹਿਲਾਵਾਂ ਦੀ ਪ੍ਰੇਰਨਾਮਈ ਕਹਾਣੀ ਸੁਣਾ ਕੇ ਉਨ੍ਹਾਂ ਨੂੰ ਆਪਣੇ ਵੱਡੇ ਟੀਚਟ ਮਿੱਥਣ ਲਈ ਆਖਿਆ।

ਆਰੀਆ ਪ੍ਰਤੀਨਿਧ ਸਭਾ ਪੰਜਾਬ ਦੇ ਜਨਰਲ ਸਕੱਤਰ ਪ੍ਰੇਮ ਭਾਰਦਵਾਜ ਨੇ ਮਹਾਂਰਿਸ਼ੀ ਸਵਾਮੀ ਦਯਾਨੰਦ ਦੀ ਨਾਰੀ ਸ਼ਕਤੀ ਨੂੰ ਸੰਗਠਿਤ ਕਰਨ ਲਈ ਸਿਖਿਆ ਦੀ ਲੋੜ 'ਤੇ ਜ਼ੋਰ ਦੇਣ ਲਈ ਸਥਾਪਿਤ ਸੰਸਥਾਂਵਾਂ ਦੇ ਯੋਗਦਾਨ ਬਾਰੇ ਦੱਸਿਆ।

ਪ੍ਰਿੰਸੀਪਲ ਤਰਨਪ੍ਰੀਤ ਕੌਰ ਵਾਲੀਆ ਨੇ ਕਾਲਜ ਦੀਆਂ ਵਿਦਿਅਕ ਅਤੇ ਸਹਿ-ਸਿਖਿਆ ਗਤੀਵਿਧੀਆਂ ਦੀ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਧੰਨਵਾਦ ਕਾਲਜ ਦੀ ਅਧਿਆਪਕਾ ਸੁਰਿੰਦਰ ਕੌਰ ਨੇ ਕੀਤਾ ਜਦਕਿ ਮੰਚ ਸੰਚਾਲਨ ਪ੍ਰੋ। ਨਿਵੇਦਿਤਾ ਨੇ ਕੀਤਾ। ਇਸ ਮੌਕੇ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਦੇਸ਼ ਬੰਧੂ ਭੱਲਾ, ਜਨਰਲ ਸਕੱਤਰ ਵਿਨੋਦ ਭਾਰਦਵਾਜ, ਸੀਨੀਅਰ ਆਪ ਆਗੂ ਲਲਿਤ ਮੋਹਨ ਪਾਠਕ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਜਲਾਲਪੁਰ, ਇੰਪਰੂਵਮੈਂਟ ਟ੍ਰੱਸਟ ਨਵਾਂਸ਼ਹਿਰ ਦੇ ਚੇਅਰਮੈਨ ਸਤਨਾਮ ਜਲਵਾਹਾ, ਆਪ ਦੇ ਜ਼ਿਲ੍ਹਾ ਸਕੱਤਰ ਗਗਨ ਅਗਨੀਹੋਤਰੀ, ਜ਼ਿਲ੍ਹਾ ਮਹਿਲਾ ਪ੍ਰਧਾਨ ਰਾਜਦੀਪ ਸ਼ਰਮਾ, ਜ਼ਿਲ੍ਹਾ ਯੂਥ ਪ੍ਰਧਾਨ ਵਿਨੀਤ ਰਾਣਾ ਤੋਂ ਇਲਾਵਾ ਜੀਆ ਲਾਲ ਸ਼ਰਮਾ, ਸੁਸ਼ੀਲ ਪੁਰੀ, ਆਰ।ਕੇ। ਆਰਿਆ ਕਾਲਜ ਦੇ ਪ੍ਰਿੰਸੀਪਲ ਡਾ। ਸੰਜੀਵ ਡਾਵਰ, ਗੁਰਵਿੰਦਰ ਕੌਰ, ਪ੍ਰਿੰਸੀਪਲ ਡੀ।ਏ।ਐਨ ਕਾਲਜ ਆਫ਼ ਐਜੂਕੇਸ਼ਨ, ਰਜਿੰਦਰ ਗਿੱਲ ਪ੍ਰਿੰਸੀਪਲ ਦੋਆਬਾ ਆਰਿਆ ਸਕੂਲ ਅਤੇ ਐਸ ਕੇ ਬਰੂਟਾ ਸਕੱਤਰ ਆਰਕੇ ਆਰਿਆ ਕਾਲਜ ਸ਼ਾਮਲ ਸਨ।

# ਸਕੂਲ ਵਿਚ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ







**ਲੋਹੀਆ-** ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ ਅਤੇ ਹੈਡ ਟੀਚਰ ਸ੍ਰੀਮਤੀ ਮਨਦੀਪ ਕੌਰ ਦੀ ਯੋਗ ਅਗਵਾਈ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਲੋਹੀਆਂ ਖਾਸ (ਕੁੜੀਆਂ) ਵਿਖੇ ਗ੍ਰੈਜੂਏਸ਼ਨ ਅਤੇ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਵਿਚ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਮਾਣਯੋਗ ਬੀ. ਪੀ. ਈ. ਓ. ਲੋਹੀਆਂ ਖਾਸ ਸ੍ਰੀ ਰਾਕੇਸ਼ ਚੰਦ ਅਰੋੜਾ, ਬੀ. ਪੀ. ਈ. ਓ. ਸ਼ਾਹਕੋਟ-2 ਸ੍ਰੀ ਰਾਮੇਸ਼ਵਰ ਚੰਦਰ ਸ਼ਰਮਾ ਅਤੇ ਮੈਡਮ ਨੀਰਜ ਬਾਲਾ ਨੇ ਪੜ੍ਹਾਈ ਵਿਚ ਮੱਲਾਂ ਮਾਰਨ ਵਾਲੇ ਬੱਚਿਆਂ ਅਤੇ ਉਹਨਾਂ ਦੇ ਗਾਈਡ ਅਧਿਆਪਕਾਂ ਨੂੰ ਮੁਬਾਰਕਬਾਦ ਦੇਣ ਲਈ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਸਮਾਗਮ ਦੌਰਾਨ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕਰਦੇ ਹੋਏ ਸ੍ਰੀ ਸੰਤੋਖ ਸਿੰਘ ਗਿੱਲ (ਯੂ. ਐਸ. ਏ.) ਨੇ ਸਕੂਲ ਨੂੰ 11000 ਰੁਪਏ ਦਾ ਯੋਗਦਾਨ ਦਿੱਤਾ ਅਤੇ ਸਕੂਲ ਵਿਚ ਵੱਖ-ਵੱਖ ਗਤੀਵਿਧੀਆਂ ਲਈ ਪੱਕੀ ਸਟੇਜ ਬਣਾ ਕੇ ਦੇਣ ਦਾ ਮੌਕੇ 'ਤੇ ਹੀ ਐਲਾਨ ਕੀਤਾ। ਇਸ ਮੌਕੇ ਉਘੇ ਸਮਾਜ ਸੇਵਕ ਪ੍ਰਿੰਸੀਪਲ ਕਰਮਚੰਦ ਸ਼ਰਮਾ ਵੱਲੋਂ ਬੱਚਿਆਂ ਲਈ ਪੀਣ ਵਾਲੇ ਪਾਣੀ ਦੀ ਘਾਟ ਨੂੰ ਪੂਰਾ ਕਰਦਿਆਂ ਹੋਇਆਂ ਸਬਮਰਸੀਬਲ ਮੋਟਰ ਲਗਵਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ।

ਮੈਡਮ ਰੇਨੂੰ ਸ਼ਰਮਾ, ਅਲਕਾ ਰਾਣੀ ਅਤੇ ਸੁਨੀਤਾ ਰਾਣੀ ਵੱਲੋਂ ਬੱਚਿਆਂ ਦੀ ਸਾਲਾਨਾ ਕਾਰਗੁਜ਼ਾਰੀ ਦੱਸਦੇ ਹੋਏ ਨਤੀਜਿਆਂ ਦਾ ਐਲਾਨ ਕੀਤਾ ਗਿਆ।

ਇਸ ਮੌਕੇ ਮੈਡਮ ਪੂਨਮ ਸ਼ਰਮਾ ਅਤੇ ਮੋਨਿਕਾ ਗਰਗ ਦੀ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਵੱਲੋਂ ਰੰਗਾ-ਰੰਗ ਪ੍ਰੋਗਰਾਮ ਵੀ ਪੇਸ਼ ਕੀਤੇ ਗਏ। ਸਹਾਇਕ ਸਟਾਫ ਸਿਮਰਨਜੀਤ ਕੌਰ, ਬਲਵਿੰਦਰ ਕੌਰ, ਸੁਦੇਸ਼ ਰਾਣੀ ਅਤੇ ਰਮਿੰਦਰ ਕੌਰ ਤੋਂ ਇਲਾਵਾ ਵਿਦਿਆਰਥੀਆਂ ਦੇ ਮਾਪੇ ਵੀ ਉਕਤ ਸਮਾਗਮ ਵਿਚ ਹਾਜ਼ਰ ਹੋਏ।

****

# ਪੁਲਿਸ ਵਿਭਾਗ ਵਿੱਚ ਸ਼ਾਨਦਾਰ ਤੇ ਬੇਦਾਗ ਸੇਵਾਵਾਂ ਦੇਣ ਉਪਰੰਤ ਏ ਐਸਆਈ ਹੁਸਨ ਲਾਲ ਹੋਏ ਸੇਵਾਮੁਕਤ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੁਲਿਸ ਲਾਈਨ ਨਵਾਂਸ਼ਹਿਰ ਵਿਖੇ ਪੁਲਿਸ ਅਧਿਕਾਰੀਆਂ ਦੀ ਸ਼ਾਨਦਾਰ ਵਿਦਾਇਗੀ ਪਾਰਟੀ ਮੌਕੇ ਜਿਲ੍ਹਾ ਪੁਲਿਸ ਮੁਖੀ ਭਾਗੀਰਥ ਸਿੰਘ ਮੀਣਾ, ਐਸ ਪੀ ਗੁਰਮੀਤ ਕੌਰ ਚਾਹਲ, ਡੀ ਐਸ ਪੀ ਸੁਰਿੰਦਰ ਚਾਂਦ, ਡੀ ਐਸ ਪੀ ਰਣਜੀਤ ਸਿੰਘ ਬਦੇਸ਼ਾ, ਡੀ ਐਸ ਪੀ ਸ਼ਹਿਬਾਜ, ਇੰਸਪੈਕਟਰ ਨਰੇਸ਼ ਕੁਮਾਰੀ ਤੇ ਪੁਲਿਸ ਪ੍ਰਸ਼ਾਸਨ ਨੇ ਏ ਐਸ।ਆਈ ਹੁਸਨ ਲਾਲ ਮੀਰਪੁਰੀ ਨੂੰ ਸ਼ਾਨਦਾਰ ਤੇ ਬੇਦਾਗ ਸੇਵਾਵਾਂ ਦੇਣ ਉਪਰੰਤ ਸਨਮਾਨ ਚਿੰਨ੍ਹ, ਪ੍ਰਸ਼ੰਸਾ ਪੱਤਰ, ਮਮੈਂਟੋ ਤੇ ਹਾਰ ਪਾ ਕੇ ਵਿਦਾਇਗੀ ਦਿੱਤੀ। ਇਸ ਮੌਕੇ ਸੇਵਾਮੁਕਤ ਹੋਏ ਅੱਠ ਹੋਰ ਅਧਿਕਾਰੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਜਿਲ੍ਹਾ ਪੁਲਿਸ ਮੁਖੀ ਨੇ ਬੇਦਾਗ ਤੇ ਸ਼ਾਨਦਾਰ ਸੇਵਾ ਦੇਣ ਬਦਲੇ ਏ ਐਸ।ਆਈ ਹੁਸਨ ਲਾਲ ਸਮੇਤ ਸਾਰੇ ਅਫਸਰਾਂ ਨੂੰ ਮੁਬਾਰਕਬਾਦ ਦਿੱਤੀ। ਇੰਜੀਨੀਅਰ ਨਰਿੰਦਰ ਬੰਗਾ ਦੂਰਦਰਸ਼ਨ ਜਲੰਧਰ ਨੇ ਬੋਲਦਿਆਂ ਕਿਹਾ ਕਿ ਹੁਸਨ ਲਾਲ ਨੂੰ ਪੁਲਸ ਅਫਸਰਾਂ ਵਲੋਂ ਬੇਦਾਗ, ਇਮਾਨਦਾਰੀ ਤੇ ਸ਼ਾਨਦਾਰ ਸੇਵਾਵਾਂ ਬਦਲੇ 27 ਵਾਰੀ ਪ੍ਰਸ਼ੰਸਾ ਪੱਤਰ ਦੇ ਕੇ ਵੀ ਸਨਮਾਨਿਤ ਕੀਤਾ ਹੈ। ਇਸ ਤੋਂ ਵੀ ਵਧੀਆ ਇਹ ਹੈ ਕਿ ਹੁਸਨ ਲਾਲ ਦਾ ਪਰਿਵਾਰ ਵੀ ਸਮਾਜ ਸੇਵਾ 'ਚ ਵੱਧ ਚੜ੍ਹ ਕੇ ਹਿੱਸਾ ਪਾਉਂਦਾ ਹੈ। ਹੁਸਨ ਲਾਲ ਨੇ ਹੁਣ ਤੱਕ 36 ਵਾਰੀ ਤੇ ਉਹਨਾਂ ਦੀ ਪਤਨੀ ਨੇ 9 ਵਾਰੀ ਖੂਨਦਾਨ ਕਰਕੇ ਮਨੁੱਖਤਾ ਦੀ ਸੇਵਾ ਦੀ ਅਨੋਖੀ ਮਿਸਾਲ ਕਾਇਮ ਕੀਤੀ ਹੈ। ਐਸ ਪੀ ਸ਼੍ਰੀਮਤੀ ਚਾਹਲ ਵਲੋਂ ਸੇਵਾ-ਮੁਕਤ ਹੋਏ ਸਾਰੇ ਅਫਸਰਾਂ ਨੂੰ ਧੰਨਵਾਦ ਤੇ ਮੁਬਾਰਕਬਾਦ ਦਿੱਤੀ। ਹੁਸਨ ਲਾਲ ਦੇ ਪਿੰਡ ਮੀਰਪੁਰ ਜੱਟਾਂ ਵਿਖੇ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਵੀ ਸ਼ਾਨਦਾਰ ਸਮਾਗਮ ਕੀਤਾ ਗਿਆ। ਇਸ ਮੌਕੇ ਤੇ ਹੁਸਨ ਲਾਲ ਦੀ ਬੇਦਾਗ ਨੌਕਰੀ ਵਾਰੇ ਖੁੱਲ੍ਹ ਕੇ ਚਾਨਣਾ ਪਾਇਆ ਗਿਆ। ਹੁਸਨ ਲਾਲ ਨੂੰ ਆਏ ਹੋਏ ਰਿਸ਼ਤੇਦਾਰ, ਮਿੱਤਰ,ਸੱਜਣਾਂ ਵਲੋਂ ਕੀਮਤੀ ਤੋਹਫੇ ਵੀ ਭੇਂਟ ਕੀਤੇ ਗਏ। ਇਸ ਮੌਕੇ ਤੇ ਪ੍ਰਕਾਸ਼ ਚੰਦ ਬੰਗਾ, ਪ੍ਰਕਾਸ਼ ਕੌਰ ਬੰਗਾ, ਗਾਇਕ ਰਾਜਾ ਸਾਬਰੀ, ਸਰਪੰਚ ਕਾਜਲ ਪੌਡਵਾਲ, ਗੁੰਥੀ ਮੋਹਣ ਸਿੰਘ, ਮੁਕੇਸ਼ ਬੰਗਾ, ਡਾਕਟਰ ਰਾਮ,ਜਗਦੀਸ਼ ਸ਼ਰਮਾ, ਗੌਰਵ ਸ਼ਰਮਾ, ਮਨਜੀਤ ਕੌਰ ਨਾਫਰ, ਨਟਵਰ ਸਿੰਘ ਨਾਫਰ,ਪਲਕਾ ਨਾਫਰ,ਏਕਤਾ ਗਿੱਲ, ਰਣਜੀਤ ਗਿੱਲ, ਨਛੱਤਰ ਬੰਗਾ,ਦਵਿੰਦਰ ਬੰਗਾ, ਸ਼੍ਰੀ ਚੰਦ ਬੰਗਾ,ਕਮਲਜੀਤ ਬੰਗਾ ਤੇ ਮੋਨਿਕਾ ਬੰਗਾ ਵੀ ਹਾਜ਼ਰ ਸਨ।

# ਸਮਾਜ ਸੇਵਕਾਂ ਵਲੋਂ ਨਿਰਵਿਘਨ ਸੇਵਾ ਜਾਰੀ ਰੱਖਣ ਲਈ "ਇਨਕਲਾਬ-ਏ-ਪੰਜਾਬ" ਸੇਵਾ ਸੋਸਾਇਟੀ ਬਣਾਈ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਰਵ ਸਮਾਜ ਦੇ ਵਿਦਵਾਨਾਂ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਇਨਕਲਾਬ-ਏ-ਪੰਜਾਬ ਸੇਵਾ ਸੁਸਾਇਟੀ ਦਾ ਗਠਨ ਕੀਤਾ। ਇਸ ਦੌਰਾਨ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਸਿਆਸਤ ਤੋਂ ਉਪਰ ਉੱਠ ਕੇ ਸਮਾਜ ਭਲਾਈ ਤੇ ਕੁਦਰਤ ਵੱਲੋਂ ਬਖ਼ਸ਼ੇ ਵਾਤਾਵਰਨ ਵਿੱਚ ਹਰ ਸਮੇਂ ਹਰਿਆਲੀ ਕਾਇਮ ਰੱਖਣ, ਇਲਾਕੇ ਨੂੰ ਪ੍ਰਦੂਸ਼ਣ ਮੁਕਤ ਤੇ ਕੁਦਰਤ ਵਲੋਂ ਮਨੁੱਖਤਾ ਦੇ ਹਿੱਤ ਵਿੱਚ ਨਿਵਾਜੇ ਅਨਮੋਲ ਖਜ਼ਾਨੇ ਨੂੰ ਸੰਭਾਲਣ ਦੀ ਸੋਚ ਤੇ ਪਹਿਰਾ ਦੇਣ ਦਾ ਪ੍ਰਣਕੀਤਾ ਗਿਆ। ਉਪਰੰਤ ਸੁਸਾਇਟੀ ਵਲੋਂ ਇਲਾਕੇ ਦੇ ਸਮਾਜ ਸੇਵਕ ਤੇ ਨਾਮਵਰ ਵਕੀਲ ਐਡਵੋਕੇਟ ਪ੍ਰਵੇਸ਼ ਖੋਸਲਾ ਨੂੰ ਸਮੂਹ ਮੈਂਬਰਾਂ ਵੱਲੋਂ ਸਰਵਸੰਮਤੀ ਨਾਲ ਪ੍ਰਧਾਨ ਨਿਯੁਕਤ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਜਲਦੀ ਹੀ ਸੁਸਾਇਟੀ ਨੂੰ ਰਜਿਸਟਰਡ ਕਰਵਾਇਆ ਜਾਵੇਗਾ। ਇਸ ਮੌਕੇ ਦਿਨੇਸ਼ ਕੁਮਾਰ ਨੂੰ ਚੇਅਰਮੈਨ, ਮਨਜੀਤ ਸਿੰਘ ਬੇਦੀ ਨੂੰ ਵਾਇਸ ਪ੍ਰਧਾਨ, ਪਵਨ ਕੁਮਾਰ ਨੂੰ ਖਜ਼ਾਨਚੀ, ਕੁਲਵਿੰਦਰ ਕੁਮਾਰ ਮੰਡ ਨੂੰ ਸੈਕਟਰੀ, ਰਾਮ ਲਾਲ ਟੋਰੋਵਾਲ ਨੂੰ ਮੀਡੀਆ ਇੰਚਾਰਜ, ਸੁਖਵਿੰਦਰ ਸਿੰਘ ਨੂੰ ਸਲਾਹਕਾਰ, ਲਖਵੀਰ ਸਿੰਘ ਨੂੰ ਕਾਨੂੰਨੀ ਸਲਾਹਕਾਰ ਸਮੇਤ ਨਰਾਇਣ ਚੰਦ, ਗੁਰਨਾਮ ਸਿੰਘ, ਗੁਰਮੁੱਖ ਸਿੰਘ ਮੈਂਬਰ ਨਿਯੁਕਤ ਕੀਤਾ ਗਿਆ।



# ਗੜ੍ਹਸ਼ੰਕਰ ਹਲਕੇ ਦੇ ਪਿੰਡ ਭਵਾਨੀਪੁਰ ਦੇ ਲੋਕ ਪੀਣ ਵਾਲੇ ਪਾਣੀ ਦੇ ਹੋਏ ਮੁਹਤਾਜ





**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਗੜ੍ਹਸ਼ੰਕਰ ਹਲਕੇ ਦੇ ਪਿੰਡ ਭਵਾਨੀਪੁਰ ਦੇ ਲੋਕ ਪੀਣ ਵਾਲੇ ਪਾਣੀ ਦੀ ਬੂੰਦ ਬੂੰਦ ਨੂੰ ਤਰਸ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਦੀ ਇਹ ਸਮੱਸਿਆ ਚਾਰ ਦਹਾਕਿਆਂ ਤੋਂ ਵੀ ਪੁਰਾਣੀ ਹੈ। ਸਰਕਾਰਾਂ ਆਉਂਦੀਆਂ ਜਾਂਦੀਆਂ ਰਹੀਆਂ ਪਰ ਕੋਈ ਸਾਡੇ ਪੀਣ ਵਾਲੇ ਪਾਣੀ ਦੀ ਸਮੱਸਿਆ ਨਾ ਹੱਲ ਕਰ ਸਕਿਆ। ਇਸ ਮੌਕੇ ਤੇ ਰਾਜਪੂਤ ਬਸਤੀ ਦੇ ਲੋਕਾਂ ਨੰਬਰਦਾਰ ਮਹਿੰਦਰ ਸਿੰਘ, ਮੱਖਣ ਸਿੰਘ ਰਾਣਾ, ਦਰਸ਼ਨ ਸਿੰਘ, ਸੋਢੀ ਸਿੰਘ, ਚਰਨਜੀਤ ਸਿੰਘ, ਸੁਭਾਸ਼ ਸਿੰਘ, ਜਸਪਾਲ ਸਿੰਘ, ਦਵਿੰਦਰ ਕੁਮਾਰ ਕਾਕਾ ਤੇ ਪਿੰਡ ਦੀਆਂ ਔਰਤਾਂ ਨੇ ਗੁੱਸਾ ਕੱਢਦਿਆਂ ਕਿਹਾ ਕਿ ਉਹਨਾਂ ਦੇ ਪੀਣ ਵਾਲੇ ਪਾਣੀ ਦੀ ਸਮੱਸਿਆ ਬਹੁਤ ਪੁਰਾਣੀ ਹੈ। ਹਰ ਵਾਰ ਨਵੀਂ ਸਰਕਾਰ ਬਣਦੀ ਰਹੀ ਪਰ ਸਾਡੀ ਪਾਣੀ ਦੀ ਮੰਗ ਦਾ ਕੋਈ ਹੱਲ ਨਾ ਕਰ ਸਕਿਆ। ਵੋਟਾਂ ਵੇਲੇ ਬਥੇਰੇ ਦਾਅਵੇ ਕਰਕੇ ਜਾਂਦੇ ਨੇ ਕਿ ਜੇ ਸਾਡੀ ਸਰਕਾਰ ਬਣੀ ਤਾਂ ਤੁਹਾਡੀ ਇਹ ਸਮੱਸਿਆ ਪਹਿਲ ਦੇ ਆਧਾਰ ਤੇ ਹੱਲ ਕਰ ਦਿਆਂਗੇ। ਸਾਡੀ ਬਸਤੀ ਬਹੁਤ ਨੀਵੀਂ ਥਾਂ ਤੇ ਹੋਣ ਕਰਕੇ ਵੀ ਸਾਨੂੰ ਪਾਣੀ ਨਸੀਬ ਨਹੀਂ ਹੋ ਰਿਹਾ। ਘਰ ਦੀਆਂ ਰੋਜ਼ਮਰਾ ਦੀਆਂ ਜਰੂਰਤਾਂ ਦੀ ਪੂਰਤੀ ਲਈ ਸਾਨੂੰ ਦੂਰ-ਦੂਰ ਤੋਂ ਪਾਣੀ ਲੈ ਕੇ ਆਉਣਾ ਪੈਂਦਾ ਹੈ। ਸਾਡੇ ਪਿੰਡ ਪੀਣ ਵਾਲੇ ਪਾਣੀ ਦੀ ਪਾਈਪ ਲਾਈਨ ਵੀ ਵੱਡੀ ਹੈ ਫਿਰ ਵੀ ਪਾਣੀ ਦਾ ਪ੍ਰੈਸ਼ਰ ਨਹੀਂ ਬਣਦਾ। ਜਿਸ ਕਰਕੇ ਇਹ ਸਮੱਸਿਆ ਪੈਦਾ ਹੁੰਦੀ ਹੈ। ਪਿੰਡ ਵਾਸੀਆਂ ਨੇ ਆਖਿਆ ਕਿ ਕਿ ਅਗਰ ਵਿਭਾਗ ਸਾਡੇ ਪਿੰਡ ਸਾਰੇ ਪਿੰਡ ਦੀ ਛੋਟੀ ਵੱਡੀ ਮਿਕਸ ਪਾਈਪ ਲਾਈਨ ਬਦਲ ਕੇ ਇਕ ਸਾਈਜ ਦੀ ਪਾ ਦੇਵੇ ਤਾਂ ਸਮੱਸਿਆ ਹੱਲ ਹੋ ਸਕਦੀ ਹੈ। ਪਿੰਡ ਵਾਸੀਆਂ ਨੇ ਦੁਖੀ ਹੋ ਕੇ ਕਿਹਾ ਕਿ ਅਗਰ ਇਆਡਾ ਮਸਲਾ ਹੱਲ ਨਾ ਕੀਤਾ ਗਿਆ ਤਾਂ ਅਸੀਂ ਬੀਤ ਭਲਾਈ ਕਮੇਟੀ ਤੇ ਪਿੰਡ ਬਚਾਓ ਲੋਕ ਬਚਾਓ ਕਮੇਟੀ ਦੇ ਸਹਿਯੋਗ ਨਾਲ ਸੰਘਰਸ਼ ਕਰਨ ਲਈ ਮਜਬੂਰ ਹੋਵਾਂਗੇ।

# ਰੋਟਰੀ ਆਈ ਬੈਂਕ ਅੰਨ੍ਹੇਪਣ ਨੂੰ ਦੂਰ ਕਰਨ ਲਈ ਹਰ ਪੱਧਰ 'ਤੇ ਯਤਨ ਕਰਦਾ ਰਹੇਗਾ - ਸੰਜੀਵ ਅਰੋੜਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਰੋਟਰੀ ਆਈ ਬੈਂਕ ਅਤੇ ਕੋਰਨੀਆ ਟਰਾਂਸਪਲਾਂਟੇਸ਼ਨ ਸੁਸਾਇਟੀ ਨੇ ਅੰਨ੍ਹੇਪਣ ਨੂੰ ਦੂਰ ਕਰਨ ਲਈ ਸ਼ੁਰੂ ਕੀਤੀ ਮੁਹਿੰਮ ਤਹਿਤ ਇੱਕ ਹੋਰ ਮੀਲ ਪੱਥਰ ਸਥਾਪਿਤ ਕੀਤਾ ਹੈ। ਸੁਸਾਇਟੀ ਨੇ ਰਾਜੌਰੀ ਵਿੱਚ ਰਿਜ਼ਵਾਨ ਲਿਆਕਤ ਪੁੱਤਰ ਲਿਆਕਤ ਇਕਬਾਲ ਵਾਸੀ ਰਾਜੌਰੀ, ਜੰਮੂ-ਕਸ਼ਮੀਰ ਨੂੰ ਰੋਸ਼ਨੀ ਪ੍ਰਦਾਨ ਕਰਕੇ ਲੋਕਾਂ ਨੂੰ ਅੱਖਾਂ ਦਾਨ ਲਈ ਅੱਗੇ ਆਉਣ ਦਾ ਸੁਨੇਹਾ ਦਿੱਤਾ ਹੈ। ਰਿਜ਼ਵਾਨ ਦੀ ਨਵੀਂ ਅੱਖ ਲਗਵਾਉਣ ਉਪਰੰਤ ਬਾਲੀ ਹਸਪਤਾਲ ਮਾਡਲ ਟਾਊਨ ਵਿਖੇ ਡਾ. ਜਮੀਲ ਬਾਲੀ ਦੀ ਪ੍ਰਧਾਨਗੀ ਹੇਠ ਸੰਖੇਪ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੁਸਾਇਟੀ ਦੇ ਮੁਖੀ ਅਤੇ ਸਮਾਜ ਸੇਵਕ ਸੰਜੀਵ ਅਰੋੜਾ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਪਹਿਲਾਂ ਵੀ ਜੰਮੂ-ਕਸ਼ਮੀਰ ਤੋਂ ਕੋਰਨੀਅਲ ਨੇਤਰਹੀਣਤਾ ਤੋਂ ਪੀੜਤ ਮਰੀਜ਼ਾਂ ਦਾ ਇਲਾਜ ਕਰਵਾਇਆ ਜਾ ਚੁੱਕਾ ਹੈ ਅਤੇ ਉੱਥੋਂ ਦੀ ਇੱਕ ਸੰਸਥਾ ਨੇ ਵੀ ਇਸ ਬੱਚੇ ਸਬੰਧੀ ਉਨ੍ਹਾਂ ਨਾਲ ਸੰਪਰਕ ਕੀਤਾ ਸੀ। ਇਸ ਤੋਂ ਬਾਅਦ ਹਾਈਕੋਰਟ ਦੇ ਵਕੀਲ ਯਾਸੀਨ ਚੌਧਰੀ ਬੱਚੇ ਨੂੰ ਕਾਰ ਵਿੱਚ ਆਪਣੇ ਨਾਲ ਇੱਥੇ ਲੈ ਕੇ ਆਏ ਅਤੇ ਇੱਥੇ ਸੁਸ-ਾਇਟੀ ਨੇ ਬੱਚੇ ਦਾ ਮਿੱਤਰਾ ਆਈ ਹਸਪਤਾਲ ਫਗਵਾੜਾ ਤੋਂ ਆਪ੍ਰੇਸ਼ਨ ਕਰਵਾਇਆ ਅਤੇ ਇੱਕ ਅੱਖ ਫਿੱਟ ਕਰਵਾ ਕੇ ਉਸ ਨੂੰ ਦੁਨੀਆਂ ਦੇਖਣ ਦੇ ਯੋਗ ਬਣਾਇਆ। ਉਨ੍ਹਾਂ ਕਿਹਾ ਕਿ ਅੱਖ ਮਿਲਣ ਤੋਂ ਬਾਅਦ ਬੱਚੇ ਦੇ ਚਿਹਰੇ 'ਤੇ ਆਈ ਖੁਸ਼ੀ ਅਤੇ ਮੁਸਕਰਾਹਟ ਉਸ ਨੂੰ ਇਸ ਮਾਰਗ 'ਤੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕਰ ਰਹੀ ਹੈ। ਸ੍ਰੀ ਅਰੋੜਾ ਨੇ ਕਿਹਾ ਕਿ ਸਾਨੂੰ ਧਰਮ ਅਤੇ ਜਾਤ-ਪਾਤ ਤੋਂ ਉਪਰ ਉਠ ਕੇ ਇਸ ਦਾਨ ਲਈ ਅੱਗੇ ਆਉਣਾ ਪਵੇਗਾ ਅਤੇ ਸਾਨੂੰ ਸਾਰਿਆਂ ਨੂੰ ਇਹ ਸਮਝਣਾ ਪਵੇਗਾ ਕਿ ਅੱਖਾਂ ਬਹੁਤ ਕੀਮਤੀ ਹਨ ਅਤੇ ਜਿਸ ਕੋਲ ਇਹ ਨਹੀਂ ਹਨ, ਉਹ ਉਨ੍ਹਾਂ ਦੀ ਅਸਲ ਕੀਮਤ ਦੱਸ ਸਕਦਾ ਹੈ।



ਇਸ ਮੌਕੇ ਚੇਅਰਮੈਨ ਜੇਬੀ ਬਹਿਲ ਅਤੇ ਡਾ ਜਮੀਲ ਬਾਲੀ ਨੇ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਪੰਜਾਬ ਅਤੇ ਇਸ ਦੇ ਗੁਆਂਢੀ ਰਾਜਾਂ ਦੇ ਲੋਕ ਵੀ ਅੱਖਾਂ ਦਾਨ ਕਰਨ ਪ੍ਰਤੀ ਜਾਗਰੂਕ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਜਲਦੀ ਹੀ ਸੁਸਾਇਟੀ ਵੱਲੋਂ ਜੰਮੂ-ਕਸ਼ਮੀਰ ਵਿੱਚ ਵਿਸ਼ੇਸ਼ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਅਤੇ ਉੱਥੋਂ ਦੀਆਂ ਸੰਸਥਾਵਾਂ ਨਾਲ ਰਾਬਤਾ ਕਾਇਮ ਕਰਕੇ ਇਸ ਨੂੰ ਹੋਰ ਤੇਜ਼ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਤਾਂ ਜੋ ਕੋਰਨੀਅਲ ਅੰਨ੍ਹੇਪਣ ਦੇ ਪੀੜਤਾਂ ਨੂੰ ਨਵੀਂ ਰੋਸ਼ਨੀ ਪ੍ਰਦਾਨ ਕੀਤੀ ਜਾ ਸਕੇ।

# ਪਹਿਲਵਾਨ ਗੁਲਜਾਰ ਸਿੰਘ ਦੀ ਨਿੱਘੀ ਯਾਦ ਨੂੰ ਸਮਰਪਿਤ ਭਾਰਤ ਕੇਸਰੀ ਕੁਸ਼ਤੀ ਦੇ ਮਹਾਂ ਮੁਕਾਬਲੇ ਖਿਜਰਾਬਾਦ 'ਚ ਭਲਕੇ

**ਫਗਵਾੜਾ 2 ਅਪ੍ਰੈਲ (ਬੀਕੇ ਰੱਤੂ)** ਪਹਿਲਵਾਨ ਗੁਲਜਾਰ ਸਿੰਘ ਦੀ ਨਿੱਘੀ ਯਾਦ ਨੂੰ ਸਮਰਪਿਤ ਭਾਰਤ ਕੇਸਰੀ ਕੁਸ਼ਤੀ ਦੇ ਮਹਾਂ ਮੁਕਾਬਲੇ ਸ਼ਹੀਦ ਭਗਤ ਸਿੰਘ ਸਟੇਡੀਅਮ ਖਿਜਰਾਬਾਦ (ਮੋਹਾਲੀ) ਵਿਖੇ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਦੇ ਅਸ਼ੀਰਵਾਦ ਸਦਕਾ ਗੁਲਜਾਰ ਰੈਸਲਿੰਗ ਅਖਾੜਾ ਜੀਰਕਪੁਰ ਵਲੋਂ ਛਿੰਜ ਕਮੇਟੀ, ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 4 ਅਪ੍ਰੈਲ ਦਿਨ ਮੰਗਲਵਾਰ ਨੂੰ ਕਰਵਾਇਆ ਜਾ ਰਿਹਾ ਹੈ। ਵਧੇਰੇ ਜਾਣਕਾਰੀ ਦਿੰਦਿਆਂ ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਪਦਮਸ੍ਰੀ ਕਰਤਾਰ ਸਿੰਘ (ਆਈਪੀਐਸ) ਅਤੇ ਗੁਲਜਾਰ ਰੈਸਲਿੰਗ ਗੋਲਡ ਕੱਪ ਦੇ ਪ੍ਰਬੰਧ ਸਕੱਤਰ ਆਰਐਸ ਕੁੰਡੂ ਨੇ ਦੱਸਿਆ ਕਿ ਇਸ ਕੁਸ਼ਤੀ ਮੁਕਾਬਲੇ ਵਿਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ 20 ਪਹਿਲਵਾਨ ਹਿੱਸਾ ਲੈਣਗੇ। ਜਿਹਨਾਂ ਵਿਚਾਲੇ ਸਮਾਂ ਬਾਅਦ ਦੁਪਿਹਰ 3 ਵਜੇ ਤੋਂ 22 ਕੁਸ਼ਤੀ ਮੁਕਾਬਲੇ ਕਰਵਾਏ ਜਾਣਗੇ। ਇਸ ਮਹਾਂ ਕੁਸ਼ਤੀ ਮੁਕਾਬਲੇ ਦਾ ਕੁੱਲ ਬਜਟ 27 ਲੱਖ ਰੁਪਏ ਹੈ। ਉਹਨਾਂ ਦੱਸਿਆ ਕਿ 100 ਅਤੇ 125 ਕਿੱਲੋ ਭਾਰ ਵਰਗ ਦੇ ਜੇਤੂ ਪਹਿਲਵਾਨਾਂ ਨੂੰ ਕ੍ਰਮਵਾਰ 1।50 ਲੱਖ ਅਤੇ ਉਪ ਜੇਤੂ ਨੂੰ 1।25 ਲੱਖ ਰੁਪਏ, ਜੇਤੂ ਪਹਿਲਵਾਨ ਨੂੰ 1।15 ਲੱਖ ਅਤੇ ਉਪ ਜੇਤੂ ਨੂੰ 1 ਲੱਖ ਰੁਪਏ ਤੋਂ ਇਲਾਵਾ ਦੋ ਜੇਤੂ ਤੇ ਉਪ ਜੇਤੂ ਪਹਿਲਵਾਨਾਂ ਨੂੰ 60 ਹਜਾਰ ਤੇ 40 ਹਜਾਰ ਰੁਪਏ ਨਗਦ ਇਨਾਮ ਨਾਲ ਨਵਾਜਿਆ ਜਾਵੇਗਾ ਜਦਕਿ 75 ਕਿਲੋ ਅਤੇ 85 ਕਿਲੋ ਭਾਰ ਵਰਗ ਦੇ ਜੇਤੂ ਪਹਿਲਵਾਨਾਂ ਨੂੰ ਕ੍ਰਮਵਾਰ 1 ਲੱਖ ਰੁਪਏ ਤੇ ਉਪ ਜੇਤੂ ਨੂੰ 80 ਹਜਾਰ ਰੁਪਏ ਤੋਂ ਇਲਾਵਾ ਦੋ ਜੇਤੂ ਪਹਿਲਵਾਨਾਂ ਨੂੰ 60 ਹਜਾਰ ਤੇ ਉਪ ਜੇਤੂ ਪਹਿਲਵਾਨਾਂ ਨੂੰ 40 ਹਜਾਰ ਰੁਪਏ ਦੇ ਨਗਦ ਇਨਾਮ ਦਿੱਤੇ ਜਾਣਗੇ।



# ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਹਰਬਲਾਸ ਬਾਗਲਾ ਨੂੰ ਸੇਵਾ ਮੁਕਤੀ ਮੌਕੇ ਦਿੱਤੀ ਨਿੱਘੀ ਵਿਦਾਇਗੀ

**ਫਗਵਾੜਾ 2 ਅਪ੍ਰੈਲ (ਬੀਕੇ ਰੱਤੂ)-** ਪੰਚਾਇਤ ਅਤੇ ਪੇਂਡੂ ਵਿਕਾਸ ਵਿਭਾਗ ਪੰਜਾਬ 'ਚ 33 ਸਾਲ ਦੀ ਬੇਦਾਗ ਸੇਵਾ ਨਿਭਾਉਣ ਉਪਰੰਤ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਤੋਂ ਬਤੌਰ ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਵਜੋਂ ਸੇਵਾ ਮੁਕਤ ਹੋਏ ਸ੍ਰੀ ਹਰਬਲਾਸ ਬਾਗਲਾ ਦੇ ਸਨਮਾਨ ਵਿਚ ਫਗਵਾੜਾ ਦੇ ਬੀਡੀਪੀਓ ਦਫਤਰ ਵਿਖੇ ਇਕ ਸਮਾਗਮ ਦਾ ਆਯੋਜਨ ਕੀਤਾ ਗਿਆ। ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਰਾਜੇਸ਼ ਚੱਢਾ ਤੇ ਪੰਚਾਇਤ ਸਕੱਤਰ ਮਲਕੀਤ ਚੰਦ ਕੰਗ ਦੀ ਸਾਂਝੀ ਅਗਵਾਈ ਹੇਠ ਆਯੋਜਿਤ ਸਮਾਗਮ ਦੌਰਾਨ ਹਰਬਲਾਸ ਬਾਗਲਾ ਨੇ ਆਪਣੇ ਸੰਬੋਧਨ ਵਿਚ ਦੱਸਿਆ ਕਿ ਉਹ ਕਾਫੀ ਸਮੇਂ ਤੱਕ ਫਗਵਾੜਾ ਵਿਖੇ ਬਤੌਰ ਬੀਡੀਪੀਓ ਤਾਇਨਾਤ ਰਹੇ ਹਨ ਅਤੇ ਇਸ ਦੌਰਾਨ ਉਹਨਾਂ ਨੂੰ ਦਫਤਰ ਦੇ ਸਟਾਫ ਅਤੇ ਪਿੰਡਾਂ ਦੀਆਂ ਪੰਚਾਇਤਾਂ ਵਲੋਂ ਜੋ ਮਾਣ-ਸਤਿਕਾਰ ਮਿਲਿਆ, ਉਸਨੂੰ ਹਮੇਸ਼ਾ ਆਪਣੀਆਂ ਸੁਨਹਿਰੀ ਯਾਦਾਂ ਵਿਚ ਤਾਜਾ ਰੱਖਣਗੇ। ਇਸ ਦੌਰਾਨ ਬੀਡੀਪੀਓ ਰਾਜੇਸ਼ ਚੱਢਾ, ਪੰਚਾਇਤ ਸਕੱਤਰ ਮਲਕੀਤ ਚੰਦ ਕੰਗ, ਮਨਜੀਤ ਸਿੰਘ ਰਿਟਾ ਐਸਡੀਓ ਪੰਚਾਇਤੀ ਰਾਜ ਅਤੇ ਰਾਮਪਾਲ ਸਰਪੰਚ ਸਾਹਨੀ ਅਤੇ ਮੀਤ ਪ੍ਰਧਾਨ ਪੰਚਾਇਤ ਯੂਨ-ੀਅਨ ਬਲਾਕ ਫਗਵਾੜਾ ਨੇ ਕਿਹਾ ਕਿ ਹਰਬਲਾਸ ਬਾਗਲਾ ਵਲੋਂ ਬਤੌਰ ਬੀਡੀਪੀਓ ਫਗਵਾੜਾ ਵਿਚ ਆਪਣੀਆਂ ਬਿਹਤਰੀਨ ਸੇਵਾਵਾਂ ਦਿੱਤੀਆਂ ਗਈਆਂ ਤੇ ਪਿੰਡਾਂ ਦੇ ਵਿਕਾਸ 'ਚ ਉਹਨਾਂ ਵਲੋਂ ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਸਮਾਗਮ ਦੌਰਾਨ ਹਰਬਲਾਸ ਬਾਗਲਾ ਨੂੰ ਖੂਬਸੂਰਤ ਤੋਹਫਿਆਂ ਨਾਲ ਵੀ ਨਵਾਜਿਆ ਗਿਆ। ਇਸ ਮੌਕੇ ਸੁਲੱਖਣ ਸਿੰਘ (ਟੀਸੀ), ਜਸਕਰਣ ਵਰਮਾ (ਟੀਏ), ਅਮਨਦੀਪ ਜੇਈ, ਸੰਤ ਸਿੰਘ ਜੇਈ, ਬਿੰਦਰ ਸਿੰਘ ਪੰਚਾਇਤ ਅਫਸਰ, ਸੰਜੀਵ ਕੁਮਾਰ ਪੰਚਾਇਤ ਸਕੱਤਰ, ਸੁਰਿੰਦਰ ਪਾਲ ਸਿੰਘ ਏਪੀਓ ਨਰੇਗਾ, ਸੁਰਿੰਦਰ ਪਾਲ ਪੰਚਾਇਤ ਅਫਸਰ ਫਿਲੌਰ, ਪਲਵਿੰਦਰ ਸਿੰਘ ਆਂਕੜਾ ਵਿਭਾਗ, ਲਖਵੀਰ ਕਲੇਰ ਐਸਐਫਪੀ।ਓ ਬੰਗਾ, ਪ੍ਰਿਅੰਕਾ ਸੀ।ਏ।, ਉਮੇਸ਼ ਸੀ।ਏ।, ਸੁਰਿੰਦਰ ਪਾਲ ਸੰਮਤੀ ਪਟਵਾਰੀ ਤੋਂ ਇਲਾਵਾ ਜੀ।ਆਰ।ਐਸ। ਸੋਨੀਆ, ਰਮਨ ਕੁਮਾਰੀ, ਰੌਸ਼ਨੀ, ਤਲਵਿੰਦਰ ਸਿੰਘ ਭੁੱਲਰ, ਬਲਜਿੰਦਰ ਕੌਰ, ਨਵਜੋਤ, ਸ਼ਿਵ ਯਸ਼, ਸ਼ਾਲੂ ਆਦਿ ਹਾਜਰ ਸਨ।



# ਜ਼ਿਲ੍ਹਾ ਭਰ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਜੋਸ਼ ਖਰੋਸ਼ ਨਾਲ ਮਨਾਈ ਗਈ ਪ੍ਰੀ- ਪ੍ਰਾਇਮਰੀ ਦੇ ਵਿਦਿਆਰਥੀਆਂ ਦੀ ਗ੍ਰੈਜੂਏਸ਼ਨ ਸੈਰੇਮਨੀ- ਕਮਲਦੀਪ ਕੌਰ









**ਪਠਾਨਕੋਟ, ਅਪ੍ਰੈਲ (ਰਾਜਿੰਦਰ ਸਿੰਘ ਰਾਜਨ)** ਸਕੂਲ ਸਿੱਖਿਆ ਵਿਭਾਗ ਪੰਜਾਬ ਆਪਣੀਆਂ ਨਿਵੇਕਲੀਆਂ ਪ੍ਰਾਪਤੀਆਂ ਅਤੇ ਗਤੀਵਿਧੀਆਂ ਲਈ ਜਾਣਿਆ ਜਾਂਦਾ ਹੈ। ਇਸੇ ਕੜੀ ਤਹਿਤ ਜ਼ਿਲ੍ਹਾ ਭਰ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਦੀ ਅਗਵਾਈ ਹੇਠ ਪ੍ਰੀ ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀਆਂ ਲਈ ਮਿਤੀ 29/03/2023 ਦਿਨ ਬੁੱਧਵਾਰ ਨੂੰ ਗ੍ਰੈਜੂਏਸ਼ਨ ਸੈਰੇਮਨੀ ਪੂਰੇ ਜੋਸ਼ ਖਰੋਸ਼ ਨਾਲ ਆਯੋਜਿਤ ਕੀਤੀ ਗਈ। ਗ੍ਰੈਜੂਏਸ਼ਨ ਸੈਰੇਮਨੀ ਵਿੱਚ ਬੱਚਿਆਂ, ਮਾਪਿਆਂ, ਐਸ।ਐਮਸੀ। ਕਮੇਟੀਆਂ ਅਤੇ ਪਤਵੰਤੇ ਸੱਜਣਾਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ।

ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਵੱਲੋਂ ਇਸ ਮੌਕੇ ਜਿਥੇ ਸਰਕਾਰੀ ਪ੍ਰਾਇਮਰੀ ਸਕੂਲ ਮਲਕਪੁਰ, ਸਰਨਾ, ਪਪਿਆਲ, ਭੂਰ, ਢਾਕੀ ਸੈਦਾ, ਨਲੂੰਗਾ ਅਤੇ ਕਲੇਸਰ ਸਕੂਲ ਵਿੱਚ ਗ੍ਰੈਜੂਏਸ਼ਨ ਸੈਰੇਮਨੀ ਵਿੱਚ ਸ਼ਿਰਕਤ ਕਰਕੇ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ ਗਿਆ ਅਤੇ ਅਧਿਆਪਕਾਂ ਦੀ ਹੌਂਸਲਾ ਅਫਜ਼ਾਈ ਕਰਦੇ ਹੋਏ ਮਾਪਿਆਂ ਨੂੰ ਸਰਕਾਰੀ ਸਕੂਲਾਂ ਦੀਆਂ ਉਪਲੱਬਧੀਆਂ ਗਿਣਾਈਆਂ ਗਈਆਂ ਉਥੇ ਹੀ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਸਰਕਾਰੀ ਪ੍ਰਾਇਮਰੀ ਸਕੂਲ ਮਲਕਪੁਰ, ਫੂਲ ਪਿਆਰਾ, ਚਸ਼ਮਾਂ ਅਤੇ ਕਲੇਸਰ ਵਿੱਚ ਆਯੋਜਿਤ ਗ੍ਰੈਜੂਏਸ਼ਨ ਸੈਰੇਮਨੀ ਵਿੱਚ ਸ਼ਿਰਕਤ ਕਰ ਮਾਪਿਆਂ ਨੂੰ ਸਰਕਾਰੀ ਸਕੂਲਾਂ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾ ਆਪਣੇ ਅਤੇ ਆਪਣੇ ਆਲੇ ਦੁਆਲੇ ਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਸ੍ਰੀਮਤੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਦੱਸਿਆ ਕਿ ਪ੍ਰੀ ਪ੍ਰਾਇਮਰੀ ਭਾਗ-ਦੋ ਤੋਂ ਪਾਸ ਕਰ ਪਹਿਲੀ ਜਮਾਤ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਸਕੂਲ ਪ੍ਰਬੰਧਕੀ ਕਮੇਟੀਆਂ ਅਤੇ ਸਰਕਾਰੀ ਸਕੂਲਾਂ ਵਿਚ ਨਵਾਂ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਅਤੇ ਮਾਪਿਆਂ ਲਈ ਇਹ ਗ੍ਰੈਜੂਏਸ਼ਨ ਸੈਰੇਮਨੀ ਵਿਸ਼ੇਸ਼ ਰੂਪ ਵਿਚ ਲਾਹੇਵੰਦ ਸਿੱਧ ਹੋਈ ਹੈ।

ਉਨ੍ਹਾਂ ਦੱਸਿਆ ਕਿ ਇਸ ਦਿਨ ਸਰਕਾਰੀ ਸਕੂਲਾਂ ਨੂੰ ਖ਼ੂਬਸੂਰਤੀ ਨਾਲ ਸਜਾ ਕੇ ਖੁੱਲ੍ਹੇ ਮਨ ਨਾਲ ਆਉਣ ਵਾਲਿਆਂ ਦਾ ਸਵਾਗਤ ਕੀਤਾ ਗਿਆ ਅਤੇ ਸਰਕਾਰੀ ਸਕੂਲਾਂ ਵਿੱਚ ਮਿਲ ਰਹੀਆਂ ਸਹੂਲਤਾਂ ਅਤੇ ਉੱਚ ਮਿਆਰੀ ਸਿੱਖਿਆਤਮਕ ਗਤੀਵਿਧੀਆਂ ਤੋਂ ਸਭਨਾਂ ਨੂੰ ਜਾਣੂ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਪ੍ਰੀ ਪ੍ਰਾਇਮਰੀ ਜਮਾਤਾਂ ਤੋਂ ਹੀ ਆਪਣੀ ਉੱਚ ਮਿਆਰੀ ਸਿੱਖਿਆ ਕਾਰਨ ਅੱਜ ਸਰਕਾਰੀ ਸਕੂਲ ਹਰ ਆਮ ਅਤੇ ਖਾਸ ਦੀ ਪਹਿਲੀ ਪਸੰਦ ਬਣ ਰਹੇ ਹਨ ਅਤੇ ਵਿਭਾਗੀ ਹਦਾਇਤਾਂ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐਲਈਡੀ, ਪ੍ਰੋਜੈਕਟਰ, ਈ ਕੰਟੈਂਟ, ਇੰਗਲਿਸ਼ ਬੂਸਟਰ ਕਲੱਬ, ਰੰਗਦਾਰ ਸਮੱਗਰੀ ਅਤੇ ਗਿਆਨ ਵਧਾਊ ਪੁਸਤਕਾਂ ਨਾਲ ਸਜੀਆਂ ਲਾਇਬਰੇਰੀਆਂ, ਟੀਚਿੰਗ ਲਰਨਿੰਗ ਮਟੀਰੀਅਲ, ਟੀਚਿੰਗ ਏਡ ਅਤੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਮਾਪਿਆਂ ਅਤੇ ਆਏ ਹੋਏ ਪਤਵੰਤਿਆਂ ਸਨਮੁਖ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਠਾਨਕੋਟ ਜ਼ਿਲ੍ਹੇ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਸੈਂਟਰ ਹੈੱਡ ਟੀਚਰ ਹੈੱਡ ਟੀਚਰ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਦੀ ਸਮੁੱਚੀ ਟੀਮ, ਦਫਤਰਾਂ ਵਿਚ ਕੰਮ ਕਰ ਰਹੇ ਸਮੂਹ ਵਿਭਾਗੀ ਅਮਲੇ ਵੱਲੋਂ ਸਾਂਝੇ ਤੌਰ ਤੇ ਇਸ ਗ੍ਰੈਜੂਏਸ਼ਨ ਸੈਰੇਮਨੀ ਨੂੰ ਸਮਾਜ ਦੇ ਹਰ ਵਰਗ ਤੱਕ ਪਹੁੰਚਾਉਣ ਲਈ ਹਰ ਸੰਭਵ ਯਤਨ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਅੱਜ ਦੇ ਪ੍ਰਚੱਲਤ ਸੋਸਲ ਮੀਡੀਆ ਸਾਧਨਾ ਵ੍ਹੱਟਸਐਪ ਗਰੁੱਪ ਫੇਸਬੁਕ ਪੇਜ, ਪੈਂਫਲਿਟ ਪੋਸਟਰ, ਇਸ਼ਤਿਹਾਰ, ਨੁੱਕੜ ਨਾਟਕ, ਦਾਖਲਾ ਰੈਲੀਆਂ, ਸਰਵਜਨਿਕ ਸਥਾਨਾਂ ਤੇ ਅਨਾਊਂਸਮੈਂਟ ਆਦਿ ਰਾਹੀਂ ਵੱਧ ਤੋਂ ਵੱਧ ਸੰਖਿਆ ਵਿਚ ਮਾਪਿਆਂ, ਆਮ ਲੋਕਾਂ ਅਤੇ ਸਮਾਜ ਦੇ ਨੁਮਾਇੰਦਿਆਂ ਨੂੰ ਗ੍ਰੈਜੂਏਸ਼ਨ ਸੈਰੇਮਨੀ ਦੌਰਾਨ ਸਕੂਲਾਂ ਵਿੱਚ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਸੀ।

ਹਰ ਸਕੂਲ ਵੱਲੋਂ ਇਸ ਗ੍ਰੈਜੂਏਸ਼ਨ ਸਬੰਧੀ ਪੱਤਰ ਵੀ ਵਿਸ਼ੇਸ਼ ਰੂਪ ਵਿਚ ਤਿਆਰ ਕੀਤੇ ਗਏ ਸਨ । ਇਸ ਮੌਕੇ ਤੇ ਪ੍ਰਿੰਸੀਪਲ ਸੁਰੇਸ਼ ਸੈਣੀ, ਪ੍ਰਿੰਸੀਪਲ ਦਰਸ਼ਨ ਸਿੰਘ, ਸਰਪੰਚ ਦਿਨੇਸ਼ ਰਾਜ ਨਲੂੰਗਾ, ਰਜਨੀ ਸੈਣੀ ਸਰਪੰਚ ਕਲੇਸਰ, ਲੈਕਚਰਾਰ ਵਿਮਲ ਕੁਮਾਰ ਮੀਰਥਲ, ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਵਨੀਤ ਮਹਾਜਨ, ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਕੁਸਮ ਸ਼ਰਮਾ, ਹਰਪ੍ਰੀਤ ਕੁਮਾਰੀ, ਪ੍ਰਵੀਨ ਸਿੰਘ ਚਸ਼ਮਾਂ, ਸੋਹਣ ਲਾਲ, ਸਮ੍ਰਿਤੀ, ਮਮਤਾ ਸ਼ਰਮਾਂ, ਰਾਜੀਵ ਕੰਡਾ, ਸਵਿਤਾ ਦੇਵੀ, ਵਿਨੋਦ ਸੈਣੀ, ਊਸ਼ਾ ਰਾਣੀ, ਬਲਕਾਰ ਅੱਤਰੀ ਆਦਿ ਹਾਜ਼ਰ ਸਨ।

## ਸਲਾਨਾ ਉਤਸਵ ਅਤੇ ਇਨਾਮ ਵੰਡ ਸਮਾਰੋਹ ਸੰਪੰਨ

**ਪਠਾਨਕੋਟ, ਅਪ੍ਰੈਲ (ਰਾਜਿੰਦਰ ਸਿੰਘ ਰਾਜਨ)** ਸ਼ਹੀਦ ਮੱਖਣ ਸਿੰਘ ਸਰਕਾਰੀ ਕੰਨਿਆ ਸਕੂਲ, ਪਠਾਨਕੋਟ ਵਿਖੇ ਸਲਾਨਾ ਉਤਸਵ ਅਤੇ ਇਨਾਮ ਵੰਡ ਸਮਾਰੋਹ ਦਾ ਆਯੋਜਨ ਪ੍ਰਿੰਸੀਪਲ ਮੀਨਮ ਸ਼ਿਖਾ ਦੀ ਯੋਗ ਅਗੁਵਾਈ ਵਿਚ ਕਰਵਾਇਆ ਗਿਆ ਜਿਸ ਵਿੱਚ ਉਨ੍ਹਾਂ ਸਕੂਲ ਦੀ ਸਲਾਨਾ ਰਿਪੋਰਟ ਪੜੀ ਗਈ। ਲੈਕਚਰਾਰ ਰਾਕੇਸ਼ ਪਠਾਣੀਆ ਵਲੋਂ ਮੰਚ ਦਾ ਸੰਚਾਲਨ ਕੀਤਾ ਗਿਆ ਅਤੇ ਸਲਾਨਾ ਨਤੀਜਾ ਘੋਸ਼ਿਤ



ਕੀਤਾ ਗਿਆ । ਇਸ ਮੌਕੇ ਪ੍ਰਿੰ: ਮੀਨਮ ਸ਼ਿਖਾ ਨੇ ਕਿਹਾ ਕਿ ਅੱਜ ਦੇ ਵਿਦਿਆਰਥੀ ਕੱਲ ਦਾ ਭਵਿਖ ਹਨ ਅਤੇ ਮੇਹਨਤ ਹੀ ਸਫਲਤਾ ਦੀ ਕੁੰਜੀ ਹੈ। ਉਨ੍ਹਾਂ ਕਿਹਾ ਕਿ ਜਿਹੜਾ ਵਿਦਿਆਰਥੀ ਮੇਹਨਤ ਕਰਦਾ ਹੈ, ਕਦੇ ਵੀ ਨਕਲ ਨਹੀਂ ਕਰਦਾ ,ਇਮਾਨਦਾਰੀ ਵਰਤਦਾ ਹੈ, ਉਹ ਕਦੇ ਵੀ ਜਿੰਦਗੀ ਵਿਚ ਮਾਰ ਨਹੀਂ ਖਾਂਦਾ ਅਤੇ ਸਫਲਤਾ ਉਹਦੇ ਕਦਮ ਚੁਮਦੀ ਹੈ। ਪ੍ਰੀਖਿਆ ਵਿਚ ਅਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਪ੍ਰਿੰਸੀਪਲ ਦਸਿਆ ਕਿ ਅੱਜ ਪ੍ਰੀਖਿਆ ਵਿਚੋ ਵਧੀਆਂ ਅੰਕ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦੇ ਨਾਲ-ਨਾਲ ਵਿਦਿਅਕ ਸੈਸ਼ਨ ਦੋਰਾਨ ਵਧੀਆ ਕਾਰਗੁਜਾਰੀ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ। ਸਕੂਲ ਮੁਖੀ ਵਲੋ ਅਵਲ ਰਹਿਣ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੋਕੇ ਅਧਿਆਪਕ ਮਾਪੇ ਮਿਲਣੀ ਦਾ ਆਯੋਜਨ ਵੀ ਕੀਤਾ ਗਿਆ। ਜਿਸ ਵਿਚ ਵਿਦਿਆਰਥੀਆਂ ਦੇ ਮਾਪਿਆ ਨੇ ਵਡੀ ਗਿਣਤੀ ਨਾਲ ਸ਼ਿਰਕਤ ਕੀਤੀ ।ਇਸ ਮੋਕੇ ਕ੍ਰਿਸ਼ਨ ਕੁਮਾਰ, ਰਾਜੀਵ ਮਹਿਤਾ, ਰਾਕੇਸ਼ ਪਠਾਨਿਆ, ਬ੍ਰਿਜਰਾਜ, ਮੋਹਿੰਦਰ ਪਾਲ, ਸਲਿੰਦਰ, ਤਜਿੰਦਰ,ਰੋਹਿਤ, ਭਾਰਤੀ, ਪਵਨ ਜੋਤੀ, ਪਰਮਿੰਦਰ ਕੋਰ, ਅਨਾਮਿਕਾ, ਸੁਨੀਤਾ, ਸੁਮਨ, ਮੋਨਿਕਾ, ਨਲਿਨੀ, ਅੰਨੁ,ਰੰਜਨਾਂ, ਅਨੁਰਾਧਾ, ਕੰਚਨ, ਪੂਜਾ ਆਦਿ ਅਧਿਆਪਕ ਹਾਜ਼ਰ ਸਨ।

## ਅੰਬੇਡਕਰ ਭਵਨ ਵਿਖੇ 14 ਨੂੰ ਪ੍ਰੋ. (ਡਾ.) ਰਤਨ ਸਿੰਘ ਮੁੱਖ ਮਹਿਮਾਨ ਅਤੇ ਡਾ. ਚਿਰੰਜੀ ਲਾਲ ਕੰਗਣੀਵਾਲ ਹੋਣਗੇ ਵਿਸ਼ੇਸ਼ ਮਹਿਮਾਨ

**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ।) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਵੱਲੋਂ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦਾ 132ਵਾਂ ਜਨਮ ਦਿਨ 14 ਅਪ੍ਰੈਲ 2023 ਨੂੰ ਅੰਬੇਡਕਰ ਭਵਨ ਵਿਖੇ ਹਰ ਸਾਲ ਦੀ ਤਰ੍ਹਾਂ ਸ਼ਰਧਾ ਅਤੇ ਉਤਸ਼ਾਹ ਨਾਲ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਪ੍ਰੋਫੈਸਰ (ਡਾ) ਰਤਨ ਸਿੰਘ ਪੀਐਚਡੀ, ਯੂਨੀਵਰਸਿਟੀ ਇੰਸਟੀਚਿਊਟ ਆਫ਼ ਲੀਗਲ ਸਟੱਡੀਜ਼, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਮੁੱਖ ਮਹਿਮਾਨ ਅਤੇ ਡਾ. ਚਿਰੰਜੀ ਲਾਲ ਕੰਗਣੀਵਾਲ ਵਿਸ਼ੇਸ਼ ਮਹਿਮਾਨ ਵਜੋਂ ਪਧਾਰ ਰਹੇ ਹਨ। ਪ੍ਰਸਿੱਧ ਅੰਬੇਡਕਰਵਾਦੀ ਲਾਹੌਰੀ ਰਾਮ ਬਾਲੀ, ਡਾ. ਜੀ ਸੀ ਕੌਲ, ਜਸਵਿੰਦਰ ਵਰਿਆਣਾ ਅਤੇ ਹੋਰ ਵਿਦਵਾਨ ਬਾਬਾ ਸਾਹਿਬ ਡਾ. ਅੰਬੇਡਕਰ ਦੇ ਜੀਵਨ ਸੰਘਰਸ਼ ਅਤੇ ਅੱਜ ਦੇ ਹਾਲਾਤ ਬਾਰੇ ਚਾਨਣਾ ਪਾਉਣਗੇ। ਉਨ੍ਹਾਂ ਨੇ ਕਿਹਾ ਕਿ ਬਹੁਤ ਹੀ ਵਧੀਆ ਨਾਟਕ "ਲੱਛੂ ਕਬਾੜੀਆ" ਡਾ. ਸਾਹਿਬ ਸਿੰਘ ਦੁਆਰਾ ਪੇਸ਼ ਕੀਤਾ ਜਾਵੇਗਾ ਅਤੇ ਬਾਬਾ ਸਾਹਿਬ ਦੇ ਮਿਸ਼ਨ ਨਾਲ ਸਬੰਧਤ ਗੀਤ ਜਗਤਾਰ ਵਰਿਆਣਵੀ ਅਤੇ ਪਾਰਟੀ ਪੇਸ਼



ਕਰਨਗੇ। ਭਾਰਦਵਾਜ ਨੇ ਕਿਹਾ ਕਿ ਪੁਸਤਕਾਂ ਦੇ ਸਟਾਲ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ ਜਿਥੋਂ ਮਿਸ਼ਨਰੀ ਸਾਹਿਤ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਮੌਕੇ ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ), ਲਾਹੌਰੀ ਰਾਮ ਬਾਲੀ, ਮੈਡਮ ਸੁਦੇਸ਼ ਕਲਿਆਣ, ਐਡਵੋਕੇਟ ਪਰਮਿੰਦਰ ਸਿੰਘ ਖੁੱਤਣ, ਤਿਲਕ ਰਾਜ, ਪ੍ਰੋ ਬਲਬੀਰ, ਐਡਵੋਕੇਟ ਕੁਲਦੀਪ ਭੱਟੀ, ਵਿਨੋਦ ਕਲੇਰ, ਹਰਸਿਮਰਨ ਕੌਰ ਆਦਿ ਹਾਜ਼ਰ ਸਨ।

## ਵਿਦਿਆਰਥੀਆਂ ਨੂੰ ਖੇਡ ਸਰਟੀਫਿਕੇਟ ਤੁਰੰਤ ਜਾਰੀ ਕੀਤੇ ਜਾਣ: ਡੀ ਟੀ ਐੱਫ

**ਚੰਡੀਗੜ੍ਹ/ਸੰਗਰੂਰ, (ਦਲਜੀਤ ਕੌਰ)** ਸਿੱਖਿਆ ਵਿਭਾਗ ਵੱਲੋਂ ਸੈਸ਼ਨ 2022-23 ਦੌਰਾਨ ਕਰਵਾਈਆਂ ਗਈਆਂ ਖੇਡਾਂ ਵਿੱਚ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ ਹਾਲੇ ਤੱਕ ਸਰਟੀਫ਼ਿਕੇਟ ਜਾਰੀ ਨਾ ਕਰਨ ਦੀ ਨਿਖੇਧੀ ਕਰਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਸਕੂਲ ਖੇਡਾਂ ਵਿੱਚ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਤੁਰੰਤ ਸਰਟੀਫਿਕੇਟ ਜਾਰੀ ਕੀਤੇ ਜਾਣ ਦੀ ਮੰਗ ਕੀਤੀ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਕੂਲ ਖੇਡਾਂ ਵਿੱਚ ਆਪਣੇ ਵੱਲੋਂ ਕੋਈ ਰਾਸ਼ੀ ਖਰਚ ਨਹੀਂ ਕੀਤੀ ਜਾਂਦੀ ਸਗੋਂ ਸਾਰੇ ਦਾ ਸਾਰਾ ਖਰਚ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਤੋਂ ਇਕੱਠੇ ਕੀਤੇ ਸਪੋਰਟਸ ਫੰਡਾਂ ਵਿੱਚੋਂ ਕੀਤਾ ਜਾਂਦਾ ਹੈ । ਖੇਡਾਂ ਦਾ ਆਰਥਿਕ ਭਾਰ ਵਿਦਿਆਰਥੀਆਂ ਤੇ ਪਾਏ ਹੋਣ ਦੇ ਬਾਵਜੂਦ ਵਿਦਿਆਰਥੀਆਂ ਨੂੰ ਬਣਦੀਆਂ ਸਹੂਲਤਾਂ ਨਹੀਂ ਦਿੱਤੀਆਂ ਜਾਂਦੀਆਂ, ਸਗੋਂ ਉਨ੍ਹਾਂ ਨੂੰ ਬਣਦੇ ਹੱਕ ਦੇਣ ਵਿੱਚ ਵੀ ਖੱਜਲਖੁਆਰੀ ਕੀਤੀ ਜਾ ਰਹੀ ਹੈ।

ਇਸੇ ਤਰ੍ਹਾਂ ਦੀ ਖੱਜਲਖੁਆਰੀ ਬਾਰੇ ਜਾਣਕਾਰੀ ਦਿੰਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਆਗੂਆਂ ਰਾਜੀਵ




ਬਰਨਾਲਾ, ਗੁਰਪਿਆਰ ਕੋਟਲੀ, ਬੇਅੰਤ ਫੂਲੇਵਾਲਾ, ਜਗਪਾਲ ਬੰਗੀ, ਰਘਵੀਰ ਸਿੰਘ ਭਵਾਨੀਗੜ੍ਹ, ਜਸਵਿੰਦਰ ਔਜਲਾ ਅਤੇ ਹਰਜਿੰਦਰ ਸਿੰਘ ਵਡਾਲਾ ਬਾਂਗਰ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰੀਖਿਆਵਾਂ ਵਿੱਚ ਖੇਡਾਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਲਈ ਵਿਸ਼ੇਸ਼ ਅੰਕ ਦਿੱਤੇ ਜਾਣ ਦਾ ਉਪਰਾਲਾ ਕੀਤਾ ਗਿਆ ਹੈ, ਪਰ ਵਿਦਿਆਰਥੀਆਂ ਨੂੰ ਸੈਸ਼ਨ 2022-23 ਦੇ ਸਰਟੀਫਿਕੇਟ ਜਾਰੀ ਨਾ ਹੋਣ ਕਾਰਣ ਵਿਦਿਆਰਥੀਆਂ ਦੀ ਖੇਡ ਪ੍ਰਾਪਤੀਆਂ ਅਜਾਈਂ ਜਾਣ ਦੀ ਸੰਭਾਵਨਾ ਬਣੀ ਹੋਈ ਹੈ। ਇੰਨ੍ਹਾਂ ਸਰਟੀਫਿ-ਕੇਟਾਂ ਦੇ ਅਧਾਰ ਤੇ ਹੀ ਉਹ ਆਪਣੀ ਗ੍ਰੇਡਿੰਗ ਕਰਵਾ ਕੇ ਸਪੋਰਟਸ ਕਾਲਜਾਂ, ਭਰਤੀਆਂ ਵਿੱਚ ਲਾਭ ਹਾਸਲ ਕਰ ਸਕਦੇ ਸਨ, ਪਰ ਵਿਭਾਗ ਦੀ ਨਲਾਇਕੀ ਕਾਰਣ ਵਿਦਿਆਰਥੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਡੀਟੀਐੱਫ ਆਗੂਆਂ ਦਲਜੀਤ ਸਫੀਪੁਰ, ਕੁਲਵਿੰਦਰ ਜੋਸ਼ਨ, ਪਵਨ ਕੁਮਾਰ ਮੁਕਤਸਰ, ਮਹਿੰਦਰ ਕੌੜਿਆਂਵਾਲੀ, ਤੇਜਿੰਦਰ ਸਿੰਘ, ਰੁਪਿੰਦਰ ਗਿੱਲ, ਸੁਖਦੇਵ ਡਾਨਸੀਵਾਲ ਆਦਿ ਨੇ ਦੱਸਿਆ ਕਿ ਇਸ ਪਿੱਛੇ ਵਿਭਾਗ ਦੀ ਡਿਜਟਿਲੀਕਰਨ ਨੀਤੀ ਤਹਿਤ ਸਰਟੀਫਿਕੇਟ ਆਨਲਾਈਨ ਜਾਰੀ ਕਰਨ ਦਾ ਢੰਗ ਤਰੀਕਾ ਵੀ ਬਿਲਕੁਲ ਬੇਕਾਰ ਹੈ ਕਿਉਂਕਿ ਆਨਲਾਈਨ ਜਾਰੀ ਹੋਇਆ ਸਰਟੀਫਿਕੇਟ ਪਹਿਲਾਂ ਅਸਲ ਵਿੱਚ ਜਾਰੀ ਹੁੰਦੇ ਸਰਟੀਫਿਕੇਟ ਦੇ ਮੁਕਾਬਲੇ ਵਿਦਿਆਰਥੀਆਂ ਨੂੰ ਘੱਟ ਆਕਰਸ਼ਿਤ ਕਰਦਾ ਹੈ।

ਇਸ ਲਈ ਆਗੂਆਂ ਨੇ ਪਹਿਲਾਂ ਵਾਂਗ ਅਸਲ ਸਰਟੀਫਿਕੇਟ ਮੌਕੇ ਤੇ ਹੀ ਜਾਰੀ ਕਰਨ ਦਾ ਚਲਨ ਬਹਾਲ ਕਰਨ ਦੀ ਮੰਗ ਕਰਦਿਆਂ ਸੈਸ਼ਨ 2022-23 ਦੇ ਜੇਤੂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਬਣਦੇ ਸਰਟੀਫਿਕੇਟ ਤੁਰੰਤ ਜਾਰੀ ਕਰਨ ਅਤੇ ਇਸ ਕੰਮ ਵਿੱਚ ਦੇਰੀ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਖ਼ਿਲਾਫ਼ ਜਾਂਚ ਕੀਤੇ ਜਾਣ ਦੀ ਮੰਗ ਕੀਤੀ।

# ਝੂਠੇ ਪਰਚੇ ਦਰਜ ਕਰਨ ਦੇ ਵਿਰੋਧ ਵਿੱਚ ਸਥਾਨਕ ਲੋਕਾਂ ਵਲੋਂ ਥਾਣੇ ਦੇ ਬਾਹਰ ਦਿੱਤਾ ਗਿਆ ਧਰਨਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਲੋਕ ਮਸਲਿਆ ਨੂੰ ਕੇ ਥਾਣਾ ਗੜ੍ਹਸ਼ੰਕਰ ਅੱਗੇ ਰੋਸ ਧਰਨਾ ਲਾਇਆ ਗਿਆ ਇਸ ਦੀ ਅਗਵਾਈ ਪਾਰਟੀ ਦੇ ਜ਼ਿਲਾ ਸਕੱਤਰ ਗੁਰਨੇਕ ਸਿੰਘ ਭੱਜਲ ਮਹਿੰਦਰ ਕੁਮਾਰ ਬੱਡੋਆਣ ਨੀਲਮ ਬੱਡੋਆਣ ਬਲਦੇਵ ਸਤਨੌਰ ਰਵਿੰਦਰ ਕੁਮਾਰ ਨੀਟਾ ਬਖਸ਼ੀਸ਼ ਕੋਰ ਨੇ ਕੀਤੀ ਇਸ ਮੋਕੇ ਗੁਰਨੇਕ ਸਿੰਘ ਮਹਿੰਦਰ ਕੁਮਾਰ ਬੱਡੋਆਣ ਨੇ ਕਿਹਾ ਲੋਕਾ ਨਾਲ ਧੱਕਾ ਕਰਨ ਵਿੱਚ ਭਗਵੰਤ ਮਾਨ ਸਰਕਾਰ ਦਾ ਪ੍ਰਸ਼ਾਸ਼ਨ ਵੀ ਪਹਿਲਾ ਵਾਲੀਆ ਸਰਕਾਰਾ ਤੋ ਵੀ ਵੱਧ ਧੱਕਾ ਕਰ ਰਿਹਾ ਹੈ ਆਗੂਆ ਨੇ ਕਿਹਾ ਪਿੰਡ ਸਤਨੋਰ ਦੀਆ ਕਲੋਨੀਆ ਦਾ ਗੰਦਾ ਪਾਣੀ ਜਿਸ ਦਾ ਨਿਕਾਸ ਨਹੀ ਕੀਤਾ ਜਾ ਰਿਹਾ ਜਿਸ ਦੇ ਸਬੰਧ ਵਿੱਚ ਬਹੁਤ ਵਾਰ ਜਿਲਾ ਅਧਿਕਾਰੀਆ ਪੁਲਿਸ ਦੇ ਗੜਸ਼ੰਕਰ ਦੇ ਅਫਸਰਾ ਨੂੰ ਵੀ ਮਿਲਿਆ ਗਿਆ ਹੱਲ ਨਹੀ ਕੀਤਾ ਗਿਆ ਪਰ ਜੋ ਪਾਣੀ ਇਸ ਸਮੇ ਸ਼ਾਮਲਾਟ ਵਿੱਚ ਜਾ ਰਿਹਾ ਹੈ ਉਸ ਨੂੰ ਕੁਝ ਵਿਅਕਤੀ ਧੱਕੇ ਨਾਲ ਬੰਦ ਕਰ ਰਹੇ ਹਨ ਸ਼ਾਮਲਾਟ ਵਿੱਚ ਪੱਥਰ ਸੁੱਟੇ ਜਾ ਰਹੇ ਹਨ ਜਦੋ ਲੋਕ ਵਿਰੋਧ ਕਰਦੇ ਹਨ ਉਹਨਾ ਦੇ ਵਿਰੁਧ ਝੂਠੀਆ ਦਰਖਾਸਤਾ ਦਿੱਤੀਆ ਜਾ ਰਹੀਆ ਹਨ। ਆਗੂਆ ਨੇ ਕਿਹਾ ਇਸ ਮਸਲੇ ਤੇ ਰਾਜੀਨਾਮਾ ਵੀ ਹੋਇਆ ਕਿ ਕੋਈ ਵੀ ਵਿਅਕਤੀ ਸ਼ਾਮਲਾਟ ਵਿੱਚ ਪੱਥਰ ਜਾਂ ਗੰਦੇ ਪਾਣੀ ਨੂੰ ਨਹੀ ਰੁਕੇਗਾ ਪਰ 2ਅਪਰੈਲ ਨੂੰ ਪਾਣੀ ਅੱਗੇ ਰੋਕ ਲਾ ਦਿੱਤੀ ਗਈ ਅਤੇ ਪੱਥਰ ਸੁੱਟੇ ਗਏ ਦਰਖਾਸਤ ਦੇਣ ਦੇ ਬਾਵਜੂਦ ਉਹਨਾ ਵਿਅਕਤੀਆਂ ਜਿਹਨਾ ਨੇ ਇਹ ਕੰਮ ਕੀਤਾ ਪੁਲਿਸ ਨੇ ਕੋਈ ਕਾਰਵਾਈ ਨਹੀ ਕੀਤੀ ਸਗੋ ਇਹਨਾ ਦੀ ਮਦਦ ਕਰਨ ਵਾਲਾ ਵਿਅਕਤੀ ਜਿਸ ਦੀ ਕੁਰਸੀ ਥਾਣੇਦਾਰ ਨੇ ਅੱਪਣੇ ਬਰਾਬਰ ਲਗਾ ਲਈ ਸਾਡੇ ਵਿਰੋਧ ਕਰਨ ਦੇਐਸ ਐਚ ਓ ਨੂੰ ਦਖਲ ਦੇਣਾ ਪਿਆ ਇਸੇ ਤਰਾ ਪਿੰਡ ਸਤਨੋਰ ਦੇ ਇੱਕ ਝਗੜੇ ਵਿੱਚ 7 ਵਿਅਕਤੀ ਨਾਮਜ਼ਦ ਕਰ ਦਿੱਤੇ ਗਏ ਜਿਸ ਵਿੱਚ ਵਿਆਹਿਆ ਹੋਈਆ ਲੜਕੀਆ ਵੀ ਸ਼ਾਮਲ ਕੀਤੀਆ ਗਈਆਂ, ਜੋ ਕਿ ਸਰਾਸਰ ਗਲਤ ਹਨ ਸੱਟ ਇੱਕ ਦੰਦ ਦੀ ਸੀ ਨਾਮਜਦ 7 ਕਰ ਦਿੱਤੇ ਗਏ ਕਿਉਕਿ ਜਿਸ ਨੇ ਇਹ ਝੂਠਾ ਪਰਚਾ ਦਰਜ ਕਰਵਾਇਆ ਹੈ। ਉਹ ਬੰਦਾ ਸਰਕਾਰ ਦੇ ਨਜ਼ਦੀਕ ਹੈ।

ਅਸੀ ਇਸ ਦਾ ਬਹੁਤ ਵਿਰੋਧ ਕੀਤਾ ਪਰ ਪਨਿਆਲਾ ਉਥੇ ਦਾ ਉਥੇ ਹੈ ਆਗੂਆ ਨੇ ਅੱਗੇ ਹੋਰ ਕਿਹਾ ਆਮ ਆਦਮੀ ਪਾਰਟੀ ਦੇ ਆਗੂਆ ਦੇ ਕਹਿਣ ਤੇ 420 ਦਾ ਝੂਠਾ ਪਰਚਾ ਭਜਨ ਸਿੰਘ ਉਸ ਦੇ ਲੜਕੇ ਅਤੇ ਜਵਾਈ ਜੋ ਬਾਹਰ ਹੈ ਕਰ ਦਿੱਤਾ ਗਿਆ ਮਸਲਾ ਇਸ ਤਰਾ ਹੈ ਭਜਨ ਸਿੰਘ ਨੇ ਸਾਢੇ ਪੰਦਰਾ ਮਰਲੇ ਚੱਬੇਵਾਲ ਜੋ ਕਲੋਨੀ ਕੱਟੀ ਗਈ ਹੈ ਅੱਪਣੇ ਜਵਾਈ ਨੂੰ ਲੈ ਕੇ ਦਿੱਤੇ ਜਿਸ ਦੀ ਰਕਮ 18 ਲੱਖ ਤੋ ਉਪਰ ਦਿੱਤੀ ਗਈ ਜੋ ਰਕਮ ਰਹਿ ਗਈ ਉਸ ਬਾਬਤ ਕਿਹਾ ਸਾਨੂੰ ਐਨ ਸੀ ਓ ਦੇ ਦਿਓ ਬਾਕੀ ਰਕਮ ਦੇ ਦਿੰਦੇ ਹਾਂ ਪਰ ਬੜੇ ਦੁੱਖ ਦੀ ਗੱਲ ਹੈ ਸਰਕਾਰ ਦੇ ਦਬਾ ਤੇ ਉਪਰੋਕਤ ਵਿਅਕਤੀਆ ਤੇ 420 ਦਾ ਪਰਚਾ ਦਰਜ ਕਰ ਦਿੱਤਾ ਗਿਆ ਅਤੇ ਇਸ ਤੋ ਹੋਰ ਅੱਗੇ ਉਪਰੋਕਤ ਵਿਅਕਤੀਆ ਤੋ ਲਏ ਚੈਕਾ ਦਾ ਅਦਾਲਤ ਵਿੱਚ ਕੇਸ ਵੀ ਕਰ ਦਿੱਤਾ ਗਿਆ। ਇਸ ਮੋਕੇ ਇਹ ਕਹਿਣਾ ਬਣਦਾ ਹੈ ਭਗਵੰਤ ਦੀਏ ਸਰਕਾਰੇ ਧੱਕਾ ਕਰਨ ਵਿੱਚ ਅਕਾਲੀ ਕਾਂਗਰਸੀ ਵੀ ਪਰੇ ਮਾਰੇ ਆਗੂਆ ਨੇ ਚਿਤਾਵਨੀ ਦਿੱਤੀ ਉਹਨਾ ਸਾਰਿਆ ਧੱਕਿਆ ਦੇ ਵਿਰੁਧ ਆਉਣ ਵਾਲੇ ਸਮੇ ਵਿੱਚ ਸ਼ੰਘਰਸ਼ ਤੇਜ਼ ਕੀਤਾ ਜਾਵੇਗਾ।



# ਤੱਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਵਿਸਾਖੀ ਸਮਾਗਮ 12 ਅਪ੍ਰੈਲ ਤੋ





**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਸ਼੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ੍ਰੀ ਖੁਰਾਲਗੜ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤਾ ਦੇ ਸਹਿਯੋਗ ਨਾਲ 12 ਅਪ੍ਰੈਲ ਤੋ ਸਲਾਨਾ ਵਿਸਾਖੀ ਸਮਾਗਮ ਅਤੇ 14 ਅਪ੍ਰੈਲ ਨੂੰ ਬਾਬਾ ਸਾਹਿਬ ਡਾ ਬੀ।ਆਰ ਅੰਬੇਡਕਰ ਜਯੰਤੀ ਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਸਬੰਧੀ ਗੁਰੂ ਘਰ ਦੇ ਪ੍ਰਧਾਨ ਭਾਈ ਕੇਵਲ ਸਿੰਘ ਚਾਕਰ ਨੇ ਦੱਸਿਆ ਕਿ 11 ਅਪ੍ਰੈਲ ਨੂੰ ਗੁਰੂਦੁਆਰਾ ਸਾਹਿਬ ਵਿਖੇ ਸਾਹਿਬ ਸ਼੍ਰੀ ਅਖੰਡ ਪਾਠ ਸਾਹਿਬ ਜੀ ਪਾਠ ਆਰੰਭ ਹੋਣਗੇ ਅਤੇ 12 ਅਪ੍ਰੈਲ ਨੂੰ ਰਾਤ ਦੇ ਸਮੇ ਰੈਣ ਸਬਾਈ ਕੀਰਤਨ ਹੋਣਗੇ ਇਸੇ ਤਰ੍ਹਾਂ 13 ਅਪ੍ਰੈਲ ਨੂੰ ਵਿਸਾਖੀ ਦਿਹਾੜੇ ਨੂੰ ਸਮੱਰਪਿਤ ਸਮਾਗਮ ਮੋਕੇ ਸਾਹਿਬ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਅਤੇ ਆਏ ਹੋਏ ਸੰਤਾ ਮਹਾਪੁਰਸ਼ਾ ਵਲੋ ਕਥਾ ਕੀਰਤਨ ਕੀਤਾ ਜਾਵੇਗਾ, ਜਿਹਨਾ ਵਿੱਚ ਗੁਰੂ ਘਰ ਤੋ ਪ੍ਰਧਾਨ ਜਿਸ ਵਿਚ ਭਾਈ ਕੇਵਲ ਸਿੰਘ ਮੁੱਖ ਸੇਵਾਦਾਰ ਤੋਂ ਤੱਪ ਅਸਥਾਨ ਖੁਰਾਲਗੜ੍ਹ ਸਾਹਿਬ, ਭਾਈ ਕੁਲਵਿੰਦਰ ਸੂੰਨੀ, ਸੰਤ ਬਾਬਾ ਸੁਖਦੇਵ ਸਿੰਘ ਖੋਜਕੀਪੁਰ ਵਾਲੇ, ਸੰਤ ਮਨਪ੍ਰੀਤ ਸਿੰਘ ਜੀ ਅਮਲੋਹ ਵਾਲੇ,ਭਾਈ ਜਗਦੇਵ ਸਿੰਘ ਜੀ ਗੜ੍ਹੀ ਮਾਨਸੋਵਾਲ ਵਾਲੇ, ਭਾਈ ਜਸਵੰਤ ਸਿੰਘ ਜੀ ਨਾਸਰਾਲੇ ਵਾਲੇ ਅਤੇ ਹੋਰ ਉੱਘੇ ਰਾਗੀ, ਢਾਡੀ ਕਥਾ ਕੀਰਤਨ ਰਾਹੀ ਹਾਜ਼ਰੀ ਲਗਵਾਉਣਗੇ। ਸਮਾਗਮ ਦੇ ਅਖੀਰਲੇ ਦਿਨ 14 ਅਪ੍ਰੈਲ ਨੂੰ ਬਾਬਾ ਸਾਹਿਬ ਡਾ ਬੀ ਆਰ ਅੰਬੇਡਕਰ ਜੀ ਦੇ ਜਯੰਤੀ ਪੁਰਬ ਸ਼ਰਧਾ ਪੂਰਵਕ ਮਨਾਏ ਜਾਣਗੇ । ਅਖੀਰ ਪ੍ਰਧਾਨ ਭਾਈ ਕੇਵਲ ਸਿੰਘ ਚਾਕਰ ਨੇ ਸੰਗਤਾ ਨੂੰ ਅਪੀਲ ਕਰਦਿਆ ਗੁਰੂ ਘਰ ਪਹੁੰਚਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਇਤਹਾਸਿਕ ਤਪ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਇਤਹਾਸਿਕ ਤਪ ਅਸਥਾਨ ਦੇ ਸੁੰਦਰੀਕਰਨ ਦੀ ਕਾਰਸੇਵਾ ਚੱਲ ਰਹੀ ਜਿਸ ਵਿੱਚ ਸੰਗਤਾ ਵੱਧ ਤੋ ਵੱਧ ਯੋਗਦਾਨ ਪਾਉਣ ਤਾ ਜੋ ਗੁਰੂ ਚੱਲ ਰਹੀ ਕਾਰ ਸੇਵਾ ਜਲਦ ਨੇਪਰੇ ਚੜ੍ਹ ਸਕੇ।

# ਲੇਬਰ ਤੇ ਕਾਰਟੇਜ ਦੀ ਟੈਂਡਰ ਪ੍ਰਕਿਰਿਆ ਪੂਰੀ ਪਾਰਦਰਸ਼ਤਾ ਨਾਲ ਨੇਪਰੇ ਚਾੜ੍ਹੀ ਗਈ-ਡੀ ਸੀ ਰੰਧਾਵਾ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਕਮ ਚੇਅਰਮੈਨ ਜ਼ਿਲ੍ਹਾ ਟੈਂਡਰ ਕਮੇਟੀ ਲੇਬਰ ਤੇ ਕਾਰਟੇਜ-2023-24, ਨਵਜੋਤ ਪਾਲ ਸਿੰਘ ਰੰਧਾਵਾ ਨੇ ਅੱਜ ਇੱਥੇ ਕੁੱਝ ਲੋਕਾਂ ਵੱਲੋਂ ਟੈਂਡਰ ਪ੍ਰਕਿਰਿਆ ’ਤੇ ਕੀਤੇ ਕਿੰਤੂ-ਪ੍ਰੰਤੂ ਨੂੰ ਸਿਰੇ ਤੋਂ ਨਕਾਰਦਿਆਂ, ਇਸ ਟੈਂਡਰ ਪ੍ਰਕਿਰਿਆ ਨੂੰ ਪੂਰੀ ਪਾਰਦਰਸ਼ੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਿਰਧਾਰਿਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ’ਚ ਜ਼ਿਲ੍ਹਾ ਕਮੇਟੀ ਵੱਲੋਂ ਹਦਾਇਤਾਂ ਅਨੁਸਾਰ ਹੀ ਟੈਂਡਰ ਪ੍ਰਕਿਰਿਆ ਨੂੰ ਸਿਰੇ ਚਾੜ੍ਹਿਆ ਗਿਆ। ਉਨ੍ਹਾਂ ਕਿਹਾ ਕਿ ਕੁੱਲ 23 ਅਰਜ਼ੀਆਂ ’ਚੋਂ ਟੈਕਨੀਕਲ ਬਿੱਡਜ਼ ਖੋਲ੍ਹਣ ਬਾਅਦ ਅਰਜ਼ੀਕਰਤਾਵਾਂ ਵੱਲੋਂ ਹੀ ਦਿੱਤੇ ਇਤਰਾਜ਼ਾਂ ਬਾਅਦ ਨਿਯਮਾਂ ’ਤੇ ਖਰੀਆਂ ਉਤਰਦੀਆਂ 06 ਫਾਇਨਾਂਸ਼ਲ ਬਿੱਡਜ਼ ਖੋਲ੍ਹੀਆਂ ਗਈਆਂ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਅੱਜ ਕੁੱਝ ਬੋਲੀਕਾਰਾਂ ਵੱਲੋਂ ਮਿਲ ਕੇ ਸਫ਼ਲ ਬੋਲੀਕਾਰਾਂ ਦੇ ਟੈਂਡਰ ਰੇਟ ਵੱਧ ਹੋਣ ਬਾਰੇ ਜ਼ੁਬਾਨੀ ਤੌਰ ’ਤੇ ਕੀਤੀ ਗਈ ਸ਼ਿਕਾਇਤ ਸਬੰਧੀ ਲਿਖਤੀ ਇਤਰਾਜ਼ ਮੰਗਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਸਫ਼ਲ ਬੋਲੀਕਾਰ ਦਾ ਰੇਟ ਵੱਧ ਹੋਇਆ ਤਾਂ ਜ਼ਿਲ੍ਹਾ ਕਮੇਟੀ ਉਸ ਨੂੰ ਘਟਾਉਣ ਲਈ ਯਤਨ ਕਰੇਗੀ।

ਇਸੇ ਦੌਰਾਨ ਡੀ ਐਫ ਐਸ ਸੀ ਰੇਨੂੰ ਬਾਲਾ ਵਰਮਾ ਨੇ ਕਿਹਾ ਕਿ ਟੈਂਡਰ ਪ੍ਰਕਿਰਿਆ ’ਤੇ ਸੁਆਲੀਆ ਚਿੰਨ੍ਹ ਖੜੇ ਕਰਨ ਵਾਲੇ ਬੋਲੀਕਾਰਾਂ/ਠੇਕੇਦਾਰਾਂ ’ਚ ਕੁੱਝ ਅਜਿਹੇ ਵਿਅਕਤੀ ਵੀ ਸ਼ਾਮਿਲ ਸਨ, ਜਿਹੜੇ ਕਿ 06 ਸਫ਼ਲ ਬੋਲੀਕਾਰਾਂ ’ਚ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ’ਚ ਗਠਿਤ ਕਮੇਟੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ’ਚ ਲੇਬਰ ਤੇ ਕਾਰਟੇਜ ਟੈਂਡਰ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ।

# ਮਗਨਰੇਗਾ ਲਾਭਪਾਤਰੀਆਂ ਨੂੰ ਸਮੇਂ ਸਿਰ ਦਿਹਾੜੀ ਦਾ ਭੁਗਤਾਨ ਕਰਨ ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੰਜਾਬ ਰਾਜ ਵਿੱਚੋਂ ਮੋਹਰੀ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ਼ਹੀਦ ਭਗਤ ਸਿੰਘ ਨਗਰ, ਦਵਿੰਦਰ ਕੁਮਾਰ ਸ਼ਰਮਾ ਵੱਲੋਂ ਮਗਨਰੇਗਾ ਅਧੀਨ ਸਮੂਹ ਬੀਡੀਪੀਓਜ਼ ਅਤੇ ਜ਼ਿਲ੍ਹੇ ਦੇ ਸਮੂਹ ਮਗਨਰੇਗਾ ਕਰਮਚਾਰੀਆਂ ਨਾਲ ਕੀਤੀ ਮੀਟਿੰਗ ਬਾਅਦ ਦੱਸਿਆ ਗਿਆ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਵਿੱਤੀ ਸਾਲ 2022-23 ਦੌਰਾਨ ਕਰੀਬ 52,04 ਕਰੋੜ ਦੇ ਫੰਡ ਖਰਚ ਕਰਕੇ ਪਿੰਡਾਂ ਵਿੱਚ 2202 ਕੰਮ ਮੁਕੰਮਲ ਕਰਵਾਏ ਗਏ। ਉਨ੍ਹਾਂ ਦੱਸਿਆ ਕਿ ਇਸ ਵਿੱਤੀ ਸਾਲ ਦੌਰਾਨ 10,54,416 ਦਿਹਾੜੀਆਂ ਦਾ ਰੋਜ਼ਗਾਰ ਮਗਨਰੇਗਾ ਲਾਭਪਾਤਰੀਆਂ ਨੂੰ ਦਿੱਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਵਲੋਂ ਦੱਸਿਆ ਗਿਆ ਕਿ ਮਗਨਰੇਗਾ ਲਾਭਪਾਤਰੀਆਂ ਨੂੰ ਸਮੇਂ ਸਿਰ ( ਅੱਠ ਦਿਨਾਂ ਦੇ ਅੰਦਰ) ਦਿਹਾੜੀ ਦਾ ਭੁਗਤਾਨ ਕਰਨ ਵਿੱਚ ਪਿਛਲੇ ਵਿੱਤੀ ਸਾਲ 2021-22 ਦੀ ਤਰ੍ਹਾਂ ਇਸ ਵਿੱਤੀ ਸਾਲ ਵਿੱਚ ਵੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੰਜਾਬ ਰਾਜ ਵਿੱਚੋਂ ਮੋਹਰੀ ਰਿਹਾ।

ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਵਲੋਂ ਹਾਜਰ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਵਿੱਤੀ ਸਾਲ 2023-24 ਵਿੱਚ ਰਾਜ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿਅਕਤੀਗਤ ਬਾਇਓ ਗੈਸ ਪਲਾਂਟ, ਪਾਰਕਾਂ, ਪਲੇਅ ਗਰਾਊਂਡਾਂ, ਸਾਂਝੇ ਜਲ ਤਲਾਬਾਂ, ਹਰ ਛੱਪੜ ਤੇ ਡੀਸਿੰਲਟਿੰਗ ਚੈਂਬਰਾਂ ਆਦਿ ਦੇ ਨਿਰਮਾਣ ਤੇ ਵੱਧ ਤੋਂ ਵੱਧ ਵਿਕਾਸ ਦੇ ਕੰਮ ਮਗਨਰੇਗਾ ਅਧੀਨ ਕਰਵਾਏ ਜਾਣ ਅਤੇ ਮਗਨਰੇਗਾ ਅਧੀਨ ਵੱਧ ਤੋਂ ਵੱਧ ਲਾਭਪਾਤਰੀਆਂ ਨੂੰ ਰਜਿਸਟਰ ਕਰਵਾਕੇ ਰੋਜ਼ਗਾਰ ਮੁਹੱਈਆ ਕਰਵਾਇਆ ਜਾਵੇ।

# ਡੀ.ਟੀ.ਐੱਫ. ਵਲੋਂ ਜਲਾਲਾਬਾਦ ਹਾਦਸੇ ਵਿੱਚ ਮਾਰੇ ਗਏ ਅਧਿਆਪਕਾਂ ਨੂੰ ਸਰਧਾਂਜਲੀ




**ਗੜਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਅੱਜ ਇੱਥੇ ਬੰਗਾ ਚੌਕ ਵਿੱਚ ਸਥਿਤ ਗਾਂਧੀ ਪਾਰਕ ਵਿੱਚ ਡੈਮੋਕਰੈਟਿਕ ਟੀਚਰਜ਼ ਫਰੰਟ ਦੀ ਅਗਵਾਈ ਹੇਠ ਅਧਿਆਪਕਾਂ ਵਲੋ ਇਕੱਤਰ ਹੋ ਕੇ ਪਿਛਲੇ ਮਹੀਨੇ ਜਲਾਲਾਬਾਦ ਵਿਖੇ ਹੋਏ ਹਾਦਸੇ ਵਿੱਚ ਮਾਰੇ ਗਏ ਤਿੰਨ ਅਧਿਆਪਕਾਂ ਤੇ ਡਰਾਈਵਰ ਨੂੰ ਸਰਧਾਂਜਲੀ ਦਿੱਤੀ ਗਈ । ਸਰਧਾਂਜਲੀ ਸਮਾਗਮ ਵਿੱਚ ਵਿਛੜੇ ਸਾਥੀਆਂ ਨੂੰ ਸਰਧਾਂਜਲੀ ਦਿੰਦਿਆਂ ਵੱਖ ਵੱਖ ਬੁਲਾਰਿਆਂ ਪ੍ਰਿੰਸੀਪਲ ਬਿੱਕਰ ਸਿੰਘ, ਡੀ ਟੀ ਐੱਫ ਦੇ ਜਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਡਾ ਪ੍ਰਦੀਪ ਕੁਮਾਰ, ਭੁਪਿੰਦਰ ਸਿੰਘ ਸੜੋਆ, ਜਗਸੀਰ ਸਿੰਘ ਫਤਿਹਪੁਰ ਅਤੇ ਹੰਸ ਰਾਜ ਗੜਸ਼ੰਕਰ ਨੇ ਕਿਹਾ ਕਿ ਵਾਰ ਵਾਰ ਹੋ ਰਹੀਆਂ ਦਰਦਨਾਕ ਘਟਨਾਵਾਂ ਤੋ ਸਰਕਾਰਾਂ ਨੇ ਕੋਈ ਸਬਕ ਨਹੀ ਸਿਖਿਆ। ਹਰ ਵਾਰ ਹੋਏ ਇਹਨਾਂ ਹਾਦਸਿਆਂ ਵਿੱਚ ਕੀਮਤੀ ਜਾਨਾਂ ਜਾ ਰਹੀਆਂ ਹਨ। ਆਗੂਆਂ ਨੇ ਮੰਗ ਕੀਤੀ ਕਿ ਬਦਲੀ ਲਈ ਲਾਈ ਸ਼ਰਤ ਨੂੰ ਖਤਮ ਕਰਕੇ ਸਭ ਨੂੰ ਬਦਲੀ ਦਾ ਮੌਕਾ ਦੇਵੇ,ਸਰਕਾਰ ਮਾਰੇ ਗਏ ਗਏ ਅਧਿਆਪਕ ਸਾਥੀਆਂ ਦੇ ਆਸਰਿਤ ਪਰਿਵਾਰ ਨੂੰ ਨੌਕਰੀ ਪ੍ਰਦਾਨ ਕਰੇ, ਜਿਸ ਪਰਿਵਾਰ ਵਿਚ ਕੋਈਂ ਨੌਕਰੀ ਕਰਨ ਵਾਲਾ ਨਹੀਂ ਰਹਿ ਗਿਆ ਉਹਨਾਂ ਦੇ ਪਰਿਵਾਰ ਨੂੰ ਇਕ ਕਰੋੜ ਦੀ ਸਹਾਇਤਾ ਰਾਸ਼ੀ ਸਰਕਾਰ ਦੇਵੇ, ਜਖਮੀ ਹੋਏ ਅਧਿਆਪਕਾਂ ਨੂੰ ਜੇਰੇ ਇਲਾਜ ਦਾ ਖਰਚਾ ਦੇਵੇ, ਹਾਦਸੇ ਵਿਚ ਮਾਰੇ ਗਏ ਡਰਾਈਵਰ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇ, ਸਰਕਾਰ ਹਰੇਕ ਜਿਲ੍ਹੇ ਵਿੱਚ ਤਹਿਸੀਲ ਪੱਧਰ ਤੇ ਟੀਚਰਜ਼ ਹੋਮ ਬਣਾਵੇ ਤਾਂ ਕਿ ਜਿੰਨਾ ਚਿਰ ਘਰ ਨੇੜੇ ਬਦਲੀ ਨਹੀਂ ਹੋ ਜਾਂਦੀ ਸਟੇਸ਼ਨ ਨੇੜੇ ਰਹਿ ਕੇ ਨੌਕਰੀ ਕਰ ਸਕੇ। ਇਸ ਸਮੇਂ ਮਨਜੀਤ ਸਿੰਘ ਬੰਗਾ, ਜਗਦੀਪ ਕੁਮਾਰ, ਜਰਨੈਲ ਸਿੰਘ, ਰਮਨਦੀਪ ਸਿੰਘ ਮੋਗਾ, ਪਵਨ ਕੁਮਾਰ, ਰੁਪਿੰਦਰ ਸਿੰਘ ਨਾਗਰਾ, ਗੁਰਮੇਲ ਸਿੰਘ, ਜਸਵਿੰਦਰ ਸਿੰਘ, ਸੱਤਪਾਲ ਕਲੇਰ ਅਤੇ ਮੈਡਮ ਇੰਦਰਜੀਤ ਕੌਰ ਆਦਿ ਨੇ ਵੀ ਵਿਛੜੇ ਸਾਥੀਆਂ ਨੂੰ ਸਰਧਾਂਜਲੀ ਭੇਂਟ ਕੀਤੀ।

# 13 ਲੱਖ 91 ਹਜ਼ਾਰ 641 ਲੋਕ ਪਹਿਲੇ ਤਿੰਨ ਮਹੀਨਿਆਂ ’ਚ ਨਿਊਜ਼ੀਲੈਂਡ ਆਏ




**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਇਮੀਗ੍ਰੇਸ਼ਨ ਨੇ ਜਿੱਥੇ ਵਿਜਟਰ ਅਤੇ ਕੰਮ ਵਾਲਿਆਂ ਦੇ ਵੀਜ਼ੇ ਦੇਣ ਵਾਸਤੇ ਫਾਈਲਾਂ ਦੇ ਨਿਬੇੜੇ ਵਾਸਤੇ ਮੋਟੀ ਚਾਲ ਕੀਤੀ ਹੋਈ ਹੈ, ਉਥੇ ਹਵਾਈ ਜਹਾਜ਼ਾਂ ਵਾਲੇ ਵੀ ਯਾਤਰੀਆਂ ਨੂੰ ਇਧਰ ਤੋਂ ਉਧਰ ਕਰਨ ਵਿਚ ਬੜੇ ਰੁੱਝੇ ਪਏ ਹਨ। ਇਨ੍ਹਾਂ ਪਹੁੰਚ ਰਹੇ ਹਵਾਈ ਯਾਤਰੀਆਂ ਨੇ ਨਿਊਜ਼ੀਲੈਂਡ ਦੇ ਹਵਾਈ ਅੱਡਿਆਂ ਉਤੇ ਜੀਵ ਸੁਰੱਖਿਆ ਦਸਤਿਆਂ (ਬਾਇਓਸਕਿਉਰਿਟੀ) ਵਾਲਿਆਂ ਦਾ ਕੰਮ ਵੀ ਵਧਾ ਦਿੱਤਾ ਹੈ। ਜਨਵਰੀ 2023 ਤੋਂ ਮਾਰਚ 2023 ਤੱਕ ਇਥੇ 13 ਲੱਖ 91 ਹਜ਼ਾਰ 641 ਵਿਅਕਤੀ ਆ ਚੁੱਕੇ ਹਨ ਜਦ ਕਿ ਪਿਛਲੇ ਸਾਲ ਇਨ੍ਹਾਂ ਮਹੀਨਿਆਂ ਦੇ ਵਿਚ ਸਿਰਫ 97,810 ਹੀ ਸਨ। ਇਸ ਤੋਂ ਇਲਾਵਾ ਇਕ ਲੱਖ ਵਿਅਕਤੀ ਸਮੁੰਦਰੀ ਜਹਾਜ਼ਾਂ ਰਾਹੀਂ ਵੀ ਇਸ ਧਰਤੀ ਉਤੇ ਉਤਰ ਚੁੱਕਾ ਹੈ। ਜੀਵ ਸੁਰੱਖਿਆ ਵਾਲਿਆਂ ਦੀ ਗਹਿਰੀ ਨਿਗ੍ਹਾ ਨੇ 24,677 ਪਾਬੰਦੀਸ਼ੁਦਾ ਵਸਤਾਂ ਨੂੰ ਜ਼ਬਤ ਕੀਤਾ। 1693 ਲੋਕਾਂ ਨੂੰ 400 ਡਾਲਰ ਪ੍ਰਤੀ ਜ਼ੁਰਮਾਨਾ ਕੀਤਾ ਗਿਆ। ਇਕ ਆਸਟਰੇਲੀਨ ਯਾਤਰੀ ਜੋ ਕਿ ਜਿਉਂਦੀਆਂ ਮਛਲੀਆਂ ਲੈ ਕੇ ਆਇਆ ਜਦ ਕਿ ਇਕ ਹੋਰ ਯਾਤਰੀ ਭੂਕਾਂ ਵਾਲਾ ਪਿਆਜ਼ (ਪੁੰਗਰਿਆ ਹੋਇਆ) ਲੈ ਕੇ ਆਇਆ ਜੋ ਕਿ ਹੈਂਡਬੈਗ ਵਿਚ ਰੱਖਿਆ ਹੋਇਆ ਸੀ। ਖੋਜ਼ੀ ਕੁੱਤੇ ਨੇ ਇਹ ਪਿਆਜ਼ ਸੁੰਘ ਲਿਆ ਅਤੇ ਯਾਤਰੀ ਫਸ ਗਿਆ। ਯਾਤਰੀ ਨੂੰ ਇਸ ਸਬੰਧੀ ਸਖਤ ਤਾੜਨਾ ਵੀ ਕੀਤੀ ਗਈ। ਸੋ ਸਮਾਨ ਲਿਆਉਣ ਵੇਲੇ ਸਾਵਧਾਨੀ ਵਰਤਣ ਦੀ ਲੋੜ ਹੈ।

# ਨੌਜਵਾਨਾਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਨੇ ਕੱਢਿਆ ਰੋਸ ਮਾਰਚ

**ਅੰਮ੍ਰਿਤਸਰ–** ਪੰਜਾਬ ਅੰਦਰ ਅੰਮ੍ਰਿਤਪਾਲ ਸਿੰਘ ਦੇ ਮਾਮਲੇ ’ਚ ਨੌਜੁਆਨਾਂ ਦੀ ਗ੍ਰਿਫ਼ਤਾਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਦਿੱਤੇ ਗਏ ਬਿਆਨਾਂ ਵਿਰੁੱਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਡਿਪਟੀ ਕਮਿਸ਼ਨਰ ਦਫ਼ਤਰ ਤੱਕ ਵਿਸ਼ਾਲ ਰੋਸ ਮਾਰਚ ਆਯੋਜਿਤ ਕੀਤਾ ਗਿਆ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਂ ’ਤੇ ਲਿਖਿਆ ਇੱਕ ਮੈਮੋਰੰਡਮ ਵੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਦਿੱਤਾ ਗਿਆ। ਰੋਸ ਮਾਰਚ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ, ਜਦਕਿ ਇਸ ਮੌਕੇ ਵੱਡੀ ਗਿਣਤੀ ਵਿਚ ਸ਼੍ਰੋਮਣੀ ਕਮੇਟੀ ਅਹੁਦੇਦਾਰ, ਮੈਂਬਰ, ਅਧਿਕਾਰੀ, ਕਰਮਚਾਰੀ, ਰਾਗੀ, ਢਾਡੀ, ਕਵੀਸ਼ਰ ਜਥੇ ਅਤੇ ਪ੍ਰਚਾਰਕ ਸ਼ਾਮਿਲ ਹੋਏ।



ਸ੍ਰੀ ਦਰਬਾਰ ਸਾਹਿਬ ਦੇ ਬਾਹਰ ਪਲਾਜ਼ਾ ਤੋਂ ਆਰੰਭ ਹੋਏ ਰੋਸ ਮਾਰਚ ਦੌਰਾਨ ਹਾਜ਼ਰ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਮੁਲਾਜ਼ਮਾਂ ਨੇ ਸਤਿਨਾਮ ਵਾਹਿਗੁਰੂ ਜਾਪ ਕਰਦਿਆਂ ਸਥਾਨਕ ਕਚਹਿਰੀ ਚੌਂਕ ਵਿਖੇ ਪੁੱਜ ਕੇ ਸੰਕੇਤਕ ਰੂਪ ਵਿਚ ਧਰਨਾ ਦਿੱਤਾ। ਸ਼੍ਰੋਮਣੀ ਕਮੇਟੀ ਦੇ ਪੰਜ ਮੈਂਬਰ ਡਿਪਟੀ ਕਮਿਸ਼ਨਰ ਦਫ਼ਤਰ ਪੁੱਜੇ, ਜਿੱਥੇ ਉਨ੍ਹਾਂ ਨੇ ਵਧੀਕ ਡਿਪਟੀ ਕਮਿਸ਼ਨਰ ਸੁਰਿੰਦਰ ਸਿੰਘ ਨੂੰ ਮੈਮੋਰੰਡਮ ਸੌਂਪਿਆ। ਪੰਜਾਬ ਦੇ ਮੁੱਖ ਮੰਤਰੀ ਦੇ ਨਾਂ ’ਤੇ ਭੇਜੇ ਗਏ ਮੈਮੋਰੰਡਮ ਵਿਚ ਐਸਜੀਪੀਸੀ ਨੇ ਬੀਤੇ ਦਿਨਾਂ ਅੰਦਰ ਗ੍ਰਿਫ਼ਤਰ ਕੀਤੇ ਗਏ ਸਾਰੇ ਨੌਜੁਆਨਾਂ ਨੂੰ ਤੁਰੰਤ ਰਿਹਾਅ ਕਰਨ ਅਤੇ ਨੌਜੁਆਨਾਂ ’ਤੇ ਲਗਾਇਆ ਗਿਆ ਐਨਐਸਏ ਹਟਾਉਣ ਦੀ ਮੰਗ ਕੀਤੀ ਗਈ। ਇਸ ਦੇ ਨਾਲ ਹੀ ਐਸਜੀਪੀਸੀ ਵੱਲੋਂ ਮੈਮੋਰੰਡਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸੰਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਗਏ ਬਿਆਨਾਂ ਦੀ ਵੀ ਆਲੋਚਨਾ ਕੀਤੀ ਗਈ ਹੈ।


ਸਾਫ਼ ਤੌਰ ’ਤੇ ਕਿਹਾ ਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੱਖ ਕੌਮ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਉਨ੍ਹਾਂ ਨੇ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਆਪਣਾ ਫ਼ਰਜ਼ ਬਾਖੂਬੀ ਨਿਭਾਇਆ ਹੈ। ਇਸ ਦੌਰਾਨ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੀ ਆੜ ਵਿਚ ਵੱਡੀ ਗਿਣਤੀ ਬੇਕਸੂਰ ਨੌਜੁਆਨਾਂ ਨੂੰ ਗ੍ਰਿਫ਼ਤਾਰ ਕਰਨਾ ਠੀਕ ਨਹੀਂ ਹੈ। ਇਸ ਵਰਤਾਰੇ ਨਾਲ ਦੇਸ਼ ਅੰਦਰ ਸਿੱਖਾਂ ਵਿਰੁੱਧ ਇਕ ਸਾਜ਼ਿਸ਼ ਤਹਿਤ ਬਿਰਤਾਂਤ ਸਿਰਜਿਆ ਜਾ ਰਿਹਾ ਹੈ, ਜੋ ਸਿੱਖ ਕੌਮ ਦੇ ਨਾਲ-ਨਾਲ ਪੰਜਾਬ ਲਈ ਵੀ ਚੰਗਾ ਨਹੀਂ ਹੈ। ਇਸ ਪੱਤਰ ਰਾਹੀਂ ਯਾਦ ਕਰਵਾਇਆ ਗਿਆ ਕਿ ਪੰਜਾਬ ਨੇ ਹਮੇਸ਼ਾ ਹੀ ਭਾਰਤ ਦੇਸ਼ ਦੇ ਸੱਭਿਆਚਾਰ ਨੂੰ ਬਚਾਉਣ ਅਤੇ ਹੱਦਾਂ ਸਰਹੱਦਾਂ ਦੀ ਰਾਖੀ ਕਰਨ ਲਈ ਮੋਹਰੀ ਭੂਮਿਕਾ ਨਿਭਾਈ ਹੈ। ਪੰਜਾਬ ਦੇ ਸਰੋਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੱਕ ਸੱਚ ਅਤੇ ਮਨੁੱਖਤਾ ਦੀ ਭਲਾਈ ਵਾਲੀ ਸੋਚ ’ਤੇ ਅਧਾਰਿਤ ਹਨ।

ਉਨ੍ਹਾਂ ਕਿਹਾ ਕਿ ਸਿੱਖ ਹਮੇਸ਼ਾ ਦੇਸ਼ ਲਈ ਕੁਰਬਾਨੀਆਂ ਦਿੰਦੇ ਰਹੇ ਹਨ ਅਤੇ ਅਜ਼ਾਦੀ ਦੀ ਘੋਲ ਦੌਰਾਨ ਇਹ ਕੁਰਬਾਨੀਆਂ 80 ਫੀਸਦੀ ਤੋਂ ਵੱਧ ਸਨ। ਪਰ ਦੇਸ਼ ਦੀ ਅਜ਼ਾਦੀ ਮਗਰੋਂ ਸਿੱਖਾਂ ਦੇ ਮਸਲਿਆਂ ਪ੍ਰਤੀ ਸਰਕਾਰਾਂ ਨੇ ਹਮੇਸ਼ਾ ਹੀ ਉਦਾਸੀਨਤਾ ਵਾਲੀ ਨੀਤੀ ਅਪਣਾਈ ਰੱਖੀ, ਜਿਸ ਕਰਕੇ ਸਿੱਖ ਕੌਮ ਅੰਦਰ ਰੋਸ ਰਹਿੰਦਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਮੌਜੂਦਾ ਹਾਲਾਤਾਂ ਦੀ ਜ਼ੁੰਮੇਵਾਰ ਸਿੱਧੇ ਤੌਰ ’ਤੇ ਪੰਜਾਬ ਤੇ ਕੇਂਦਰ ਸਰਕਾਰ ਹੈ। ਉਨ੍ਹਾਂ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਸਲ ਹਕੀਕਤ ਨੂੰ ਸਮਝਣ ਦੀ ਥਾਂ ਸਿੱਖਾਂ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬ ਬਾਰੇ ਨੀਵੇਂ ਪੱਧਰ ਦੀਆਂ ਟਿੱਪਣੀਆਂ ਕਰ ਰਹੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਯਾਦਾ ਅਤੇ ਕੌਮੀ ਅਗਵਾਈ ਕਿਸੇ ਦੁਨਿਆਵੀ ਤਖ਼ਤ ਦੀ ਤਰ੍ਹਾਂ ਨਹੀਂ ਹੈ, ਸਗੋਂ ਇਹ ਸਿਧਾਂਤਕ ਅਤੇ ਗੁਰੂ ਸਾਹਿਬ ਵੱਲੋਂ ਦਿੱਤੀ ਵਿਚਾਰਧਾਰਾ ਦੀ ਸੇਧ ਵਿੱਚ ਹੈ। ਉਨ੍ਹਾਂ ਦੱਸਿਆ ਕਿ ਇਸੇ ਨੂੰ ਲੈ ਕੇ ਇਕ ਮੈਮੋਰੰਡਮ ਮੁੱਖ ਮੰਤਰੀ ਨੂੰ ਭੇਜਿਆ ਗਿਆ ਹੈ।

# ਫਿਰਕੂਆਂ ਦੇ ਡਰ ਤੋਂ ਪਾਕਿ ਨਹੀਂ ਲਗਾ ਰਿਹਾ ਲਾਹੌਰ ਕਿਲ੍ਹੇ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ

**ਅੰਮ੍ਰਿਤਸਰ–** ਲਾਹੌਰ ਸ਼ਾਹੀ ਕਿਲ੍ਹੇ ਵਿਚਲੀ ਸਿੱਖ ਗੈਲਰੀ ’ਚ ਤਬਦੀਲ ਕੀਤੀ ਜਾ ਚੁਕੀ ਰਾਣੀ ਜਿੰਦ ਕੌਰ ਦੀ ਹਵੇਲੀ ਦੇ ਬਾਹਰ ਸਥਾਪਤ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਆਦਮ-ਕੱਦ ਬੁੱਤ ਨੂੰ ਪਾਕਿਸਤਾਨੀ ਕੱਟੜਪੰਥੀ ਸੰਗਠਨਾਂ ਦੇ ਡਰ ਕਾਰਨ ਕਿਲ੍ਹੇ ਵਿਚ ਮੁੜ ਤੋਂ ਸਥਾਪਤ ਨਹੀਂ ਕੀਤਾ ਗਿਆ। ਸ਼ਾਹੀ ਕਿਲ੍ਹੇ ਦੇ ਇਕ ਅਧਿਕਾਰੀ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ ’ਤੇ ਦੱਸਿਆ ਕਿ ਪਾਕਿ ਦੇ ਮੌਲਾਨਾ ਖ਼ਾਦਮ ਹੁਸੈਨ ਰਿਜ਼ਵੀ (ਸਵ) ਦੇ ਕੱਟੜਪੰਥੀ ਸੰਗਠਨ ਪਾਕਿਸਤਾਨ ਤਹਿਰੀਕ-ਏ-ਲੈਬਬੈਕ (ਪੀਟੀਐਲ) ਵਲੋਂ ਉਕਤ ਬੁੱਤ ਦੇ ਲਾਹੌਰ ’ਚ ਲਗਾਏ ਜਾਣ ’ਤੇ ਜਨਤਕ ਤੌਰ ’ਤੇ ਇਤਰਾਜ਼ ਜਤਾਏ ਜਾਣ ਕਰਕੇ ਮੁਰੰਮਤ ਕੀਤੇ ਜਾਣ ਦੇ ਬਾਵਜੂਦ ਇਸ ਬੁੱਤ ਨੂੰ ਕਿਲ੍ਹੇ ਵਿਚ ਪਹਿਲਾਂ ਵਾਲੀ ਜਗ੍ਹਾ ’ਤੇ ਨਹੀਂ ਲਗਾਇਆ ਜਾ ਸਕਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪੀਟੀਐਲ ਦੇ ਕਾਰਕੁਨਾਂ ਵਲੋਂ ਲਗਾਤਾਰ ਤਿੰਨ ਵਾਰ ਉਕਤ ਬੁੱਤ ਦੀ ਭੰਨਤੋੜ ਕੀਤੀ ਜਾ ਚੁਕੀ ਹੈ। ਬੁੱਤ ਦੀ ਤੀਜੀ ਵਾਰ ਕੀਤੀ ਗਈ ਭੰਨਤੋੜ ਤੋਂ ਬਾਅਦ ਭਾਵੇਂ ਕਿ ਉਕਤ ਬੁੱਤ ਦੀ ਮੁਰੰਮਤ ਦਾ ਕੰਮ ਲਗਭਗ ਦੋ ਸਾਲ ਪਹਿਲਾਂ ਮੁਕੰਮਲ ਕੀਤਾ ਜਾ ਚੁੱਕਿਆ ਹੈ ਪਰ ਇਸ ਦੇ ਬਾਵਜੂਦ ਪਾਕਿ ਸਰਕਾਰ ਦੇ ਸੰਬੰਧਿਤ ਵਿਭਾਗ ਬੁੱਤ ਨੂੰ ਲਾਹੌਰ ਕਿਲ੍ਹੇ ਵਿਚ ਸੁਰੱਖਿਆ ਮੁਹੱਈਆ ਕਰਾਉਣ ਵਿਚ ਅਸਮਰਥਾ ਜਤਾ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਇਹ ਬੁੱਤ ਲਗਾਏ ਜਾਣ ਦੇ ਬਾਅਦ ਪੀਟੀਐਲ ਨਾਲ ਜੁੜੇ ਦੋ ਵਿਅਕਤੀਆਂ ਅਦਨਾਨ ਮੁਗ਼ਲ ਅਤੇ ਅਸਦ ਨੇ ਹਮਲਾ ਕਰਕੇ ਉਕਤ ਬੁੱਤ ਦੀ ਬਾਂਹ ਅਤੇ ਮਹਾਰਾਜਾ ਦੇ ਹੱਥ ਵਿਚ ਫੜ੍ਹੀ ਕਮਾਨ ਤੋੜ ਦਿੱਤੀ ਸੀ। ਇਸ ਦੇ ਕੁਝ ਮਹੀਨਿਆਂ ਬਾਅਦ ਜ਼ਹੀਰ ਨਾਂਅ ਦੇ ਲਾਹੌਰ ਦੇ ਇਕ ਹੋਰ ਨੌਜਵਾਨ ਨੇ ਹਮਲਾ ਕਰਕੇ ਉਕਤ ਬੁੱਤ ਦੀ ਬਾਹ ਅਤੇ ਹੋਰ ਹਿੱਸੇ ਤੋੜ ਕੇ ਵੱਖ ਕਰ ਦਿੱਤੇ। ਇਸ ਦੇ ਬਾਅਦ ਤੀਜੀ ਵਾਰ ਪੀਟੀਐਲ ਦੇ ਕਾਰਕੁਨ ਰਿਜ਼ਵਾਨ ਅਸ਼ਰਫ਼ ਵਲੋਂ ਹਮਲਾ ਕਰਕੇ ਮਹਾਰਾਜਾ ਦਾ ਬੁੱਤ ਪੂਰੀ ਤਰ੍ਹਾਂ ਨਾਲ ਤੋੜ ਦਿੱਤਾ ਗਿਆ ਸੀ। ਵਿਸ਼ਵ ਭਰ ਦੇ ਸਿਖਾਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਪਾਕਿਸਤਾਨ ਸਰਕਾਰ ਦੁਬਾਰਾ ਮਹਾਰਾਜਾ ਰਣਜੀਤ ਸਿੰਘ ਦਾ ਬੁਤ ਲਗਾਵੇ। ਕਿਉਂ ਕਿ ਉਸਨੇ ਵਿਸ਼ਵ ਦੇ ਲਈ ਮਨੁੱਖਤਾ ਪਖੀ ਰਾਜ ਮਾਡਲ ਉਸਾਰਿਆ ਸੀ, ਜਿਥੇ ਕਿ ਹਰੇਕ ਨੂੰ ਇਨਸਾਫ ਮਿਲਦਾ ਸੀ। ਉਸ ਦੇ ਰਾਜ ਵਿਚ ਮੁਸਲਮਾਨ, ਹਿੰਦੂ, ਸਿੱਖ ਅਤੇ ਯੂਰਪੀਅਨ ਉਨ੍ਹਾਂ ਦੀ ਆਧੁਨਿਕ ਫ਼ੌਜ ਅਤੇ ਪ੍ਰਸ਼ਾਸਨ ਵਿਚ ਸ਼ਾਮਲ ਸਨ। ਉਨ੍ਹਾਂ ਦੀ ਅਗਵਾਈ ਵਿੱਚ ਬੁਨਿਆਦੀ ਢਾਂਚੇ ਵਿੱਚ ਸੁਧਾਰ ਕੀਤਾ ਗਿਆ, ਵਪਾਰ ਖੁੱਲ੍ਹਿਆ ਅਤੇ ਰਾਜ ਦਾ ਫੈਲਾਅ ਹੋਇਆ।



ਅੰਗਰੇਜ਼ ਜਸੂਸ ਬਰਨਜ਼ ਨੇ ਰਾਜ ਪ੍ਰਬੰਧ ਵਿਚ ਮੁਹਾਰਤ ਰੱਖਣ ਵਾਲੇ ਮਹਾਰਾਜਾ ਰਣਜੀਤ ਸਿੰਘ ਬਾਰੇ ਲਿਖਿਆ ਹੈ, ‘‘ਮਹਾਰਾਜਾ ਫਿਰਕਾਪ੍ਰਸਤੀ, ਐਸ਼ਪ੍ਰਸਤੀ, ਦਿਖਾਵੇ ਤੋਂ ਕਿਤੇ ਦੂਰ ਸੀ, ਪਰ ਦਰਬਾਰ ’ਵਿਚ ਉਨ੍ਹਾਂ ਦਾ ਦਬਦਬਾ ਕਾਇਮ ਸੀ। ਮੈਂ ਕਿਸੇ ਏਸ਼ੀਆਈ ਨਾਗਰਿਕ ਤੋਂ ਇੰਨ੍ਹਾ ਪ੍ਰਭਾਵਿਤ ਨਹੀਂ ਹੋਇਆ ਸੀ, ਜਿੰਨ੍ਹਾਂ ਕਿ ਮਹਾਰਾਜਾ ਰਣਜੀਤ ਸਿੰਘ ਤੋਂ ਹੋਇਆ ਸੀ। ਉਹ ਨਾ ਤਾਂ ਪੜ੍ਹੇ ਲਿਖੇ ਸਨ ਅਤੇ ਨਾ ਹੀ ਉਨ੍ਹਾਂ ਕੋਲ ਕਿਸ ਦਾ ਮਾਰਗਦਰਸ਼ਨ ਸੀ, ਪਰ ਸ਼ਾਸਨ ਪ੍ਰਬੰਧ ਦੇ ਮਾਮਲਿਆਂ ਵਿਚ ਉਨ੍ਹਾਂ ਦੀ ਅਦਭੁਤ ਮੁਹਾਰਤ ਹੈ। ਉਹ ਇਸ ਕੰਮ ਨੂੰ ਬਹੁਤ ਹੀ ਸਮਝਦਾਰੀ ਅਤੇ ਫੁਰਤੀ ਨਾਲ ਨਜਿੱਠਦੇ ਹਨ।’’

# ਪਾਕਿ ਸਰਕਾਰ ਨੇ ਸਿੱਖ ਭਾਈਚਾਰੇ ਨੂੰ ਵੱਖਰੀ ਕੌਮ ਵਜੋਂ ਮਾਨਤਾ ਦਿੱਤੀ

**ਇਸਲਾਮਾਬਾਦ–** ਦੇਸ਼ ਦੀ ਵੰਡ ਦੇ 76 ਵਰ੍ਹਿਆਂ ਬਾਅਦ ਪਾਕਿਸਤਾਨ ਵਿਚ ਪਹਿਲੀ ਵਾਰ ਉਥੇ ਰਹਿ ਰਹੇ ਸਿੱਖ ਭਾਈਚਾਰੇ ਨੂੰ ਵੱਖਰੀ ਕੌਮ ਵਜੋਂ ਮਾਨਤਾ ਮਿਲੀ ਹੈ। ਪਾਕਿ ਸਿੱਖ ਭਾਈਚਾਰੇ ਨੂੰ ਜਨਗਣਨਾ ਦੇ ਫਾਰਮਾਂ ਵਿਚ ਕਾਲਮ ਨੰਬਰ 6 ਵਿਚ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਮੁਸਲਮਾਨ, ਈਸਾਈ, ਹਿੰਦੂ, ਕਾਦਿਆਨੀ/ ਅਹਿਮਦੀ, ਦਲਿਤ ਲਈ ਕ੍ਰਮਵਾਰ ਵੱਖੋ-ਵੱਖਰੇ ਕਾਲਮ ਬਣਾਏ ਗਏ ਹਨ। ਪਿਸ਼ਾਵਰੀ ਸਿੱਖ ਸੰਗਤ ਦੇ ਆਗੂ ਗੁਰਪਾਲ ਸਿੰਘ ਅਨੁਸਾਰ ਕੁਝ ਮੀਡੀਆ ਅਦਾਰੇ ਮਰਦਮਸ਼ੁਮਾਰੀ ਦੇ ਪੁਰਾਣੇ ਫਾਰਮਾਂ ਦੀਆਂ ਤਸਵੀਰਾਂ ਜਨਤਕ ਕਰਕੇ ਝੂਠੇ ਦਾਅਵੇ ਕਰ ਰਹੇ ਹਨ ਕਿ ਪਾਕਿ ਦੀ ਡਿਜੀਟਲ ਜਨਗਣਨਾ ਵਿਚ ਸਿੱਖਾਂ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਹੈ, ਜਦਕਿ ਹਿੰਦੂਆਂ ਨੂੰ ਅਨੁਸੂਚਿਤ ਜਾਤੀ ਵਜੋਂ ਦਰਜ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਪਾਕਿਸਤਾਨ ਵਿਚ ਸਿੱਖਾਂ ਦੀ ਕੁਲ ਆਬਾਦੀ 74 ਹਜ਼ਾਰ ਤੋਂ ਵੀ ਵਧੇਰੇ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਜਨਗਣਨਾ ਡਿਜੀਟਲ ਤੌਰ ’ਤੇ ਕੀਤੀ ਜਾ ਰਹੀ ਹੈ ਅਤੇ ਆਨ-ਲਾਈਨ ਨਵੇਂ ਫਾਰਮਾਂ ਵਿਚ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਦਰਜ ਕਰਦਿਆਂ ਉਨ੍ਹਾਂ ਲਈ ਵੱਖਰਾ ਕਾਲਮ ਬਣਾਇਆ ਗਿਆ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਪਿਸ਼ਾਵਰ ਹਾਈ ਕੋਰਟ ਵਿਚ ਗੁਰਪਾਲ ਸਿੰਘ ਸਮੇਤ 5 ਹੋਰਨਾਂ ਸਿੱਖਾਂ ਵਲੋਂ 23 ਮਾਰਚ, 2017 ਨੂੰ ਦਾਇਰ ਕੀਤੀ ਪਟੀਸ਼ਨ ਦੇ ਲਗਭਗ ਸਾਢੇ 5 ਸਾਲ ਬਾਅਦ ਸੁਪਰੀਮ ਕੋਰਟ ਵਿਚ ਮਾਮਲਾ ਪਹੁੰਚਣ ’ਤੇ ਜੱਜ ਨੇ ਚੀਫ਼ ਮਰਦਮਸ਼ੁਮਾਰੀ ਕਮਿਸ਼ਨਰ, ਪਾਕਿਸਤਾਨ ਬਿਊਰੋ ਆਫ਼ ਸਟੇਟਿਕਸ ਅਤੇ ਸੰਬੰਧਿਤ ਮੰਤਰਾਲੇ ਨੂੰ ਨੋਟਿਸ ਜਾਰੀ ਕਰਦਿਆਂ ਇਹ ਹੁਕਮ ਕਿ ਸਿੱਖਾਂ ਨੂੰ ਜਨਗਣਨਾ ਸੂਚੀ ਵਿਚ ’ਅਦਰ’ (ਹੋਰਨਾ) ਦੀ ਬਜਾਏ ਵੱਖਰੇ ਤੌਰ ’ਤੇ ਸ਼ਾਮਿਲ ਕੀਤਾ ਜਾਵੇ।

ਦੱਸਿਆ ਜਾ ਰਿਹਾ ਹੈ ਕਿ ਪਿਛਲੀ ਜਨਗਣਨਾ ਮੁਤਾਬਕ ਪਾਕਿ ਵਿਚ ਸਿੱਖ ਭਾਈਚਾਰੇ ਦੀ ਕੁਲ ਆਬਾਦੀ 18 ਹਜ਼ਾਰ ਦੇ ਲਗਭਗ ਅਤੇ ਸਿੱਖ ਵੋਟਰਾਂ ਦੀ ਗਿਣਤੀ 6193 ਸੀ। ਇਨ੍ਹਾਂ ਵਿਚੋਂ ਸੂਬਾ ਖ਼ੈਬਰ ਪਖਤੂਨਖਵਾ ਵਿਚ 2597, ਸਿੰਧ 1477, ਪੰਜਾਬ 1157, ਫਾਟਾ 730, ਬਲੋਚਿਸਤਾਨ 225 ਅਤੇ ਇਸਲਾਮਾਬਾਦ ਵਿਚ 7 ਸਿੱਖ ਵੋਟਰ ਸਨ। ਪਾਕਿਸਤਾਨ ਵਿਚ ਸਿੱਖ ਭਾਈਚਾਰੇ ਨੂੰ ਵੱਖਰੀ ਕੌਮ ਵਜੋਂ ਮਾਨਤਾ ਮਿਲਣ ਕਾਰਣ ਵਿਸ਼ਵ ਭਰ ਦੇ ਸਿਖਾਂ ਵਿਚ ਖੁਸ਼ੀ ਪਾਈ ਜਾ ਰਹੀ ਹੈ।

# ਗ਼ਦਰੀ ਬਾਬਾ ਭਗਤ ਸਿੰਘ ਬਿਲਗਾ ਦਾ ਜਨਮ ਦਿਨ ਮਨਾਇਆ ਗਿਆ







ਉੱਘੇ ਦੇਸ਼ ਭਗਤ ਗ਼ਦਰੀ ਬਾਬਾ ਕਾਮਰੇਡ ਭਗਤ ਸਿੰਘ ਬਿਲਗਾ ਦੇ 116ਵੇਂ ਜਨਮ ਦਿਨ ’ਤੇ ਉਨ੍ਹਾਂ ਦੀ ਯਾਦ ਵਿੱਚ ਗ਼ਦਰੀ ਬਾਬਾ ਕਾ. ਭਗਤ ਸਿੰਘ ਬਿਲਗਾ ਯਾਦਗਾਰ ਹਾਲ ਬਿਲਗਾ ਵਿਖੇ ਸਮਾਗਮ ਕਰਵਾਇਆ ਗਿਆ। ਸਮਾਗਮ ਦੇ ਆਰੰਭ ਵਿੱਚ ਇੰਡੀਅਨ ਵਰਕਰਜ਼ ਐਸੋਸੀਏਸ਼ਨ ਬਰਮਿੰਘਮ ਦੇ ਪ੍ਰਧਾਨ ਕਾ. ਜਸਬੀਰ ਸਿੰਘ ਸ਼ੀਰਾ ਜੌਹਲ ਨੇ ਯਾਦਗਾਰ ਹਾਲ ’ਤੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਵੁਣ ਦੀ ਰਸਮ ਕੀਤੀ ਅਤੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਬਾਬਾ ਜੀ ਦੇ ਸੰਗਰਾਮੀ ਜੀਵਨ ’ਤੇ ਰੌਸ਼ਨੀ ਪਾਈ। ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਜਨਰਲ ਸਕੱਤਰ ਕਾ. ਮੰਗਤ ਰਾਮ ਪਾਸਲਾ ਨੇ ਬਾਬਾ ਬਿਲਗਾ ਜੀ ਨੂੰ ਗਰੀਬਾਂ, ਮਜ਼ਦੂਰਾਂ ਤੇ ਪਛੜਿਆਂ ਲੋਕਾਂ ਦਾ ਦਰਦੀ ਦੱਸਦਿਆਂ ਉਨ੍ਹਾਂ ਦੇ ਲੋਕ ਪੱਖੀ ਘੋਲਾਂ ਵਿਚਲੇ ਵਡੇਰੇ ਯੋਗਦਾਨ ਦੀ ਪ੍ਰਸੰਸਾ ਕੀਤਾ। ਇਸ ਮੌਕੇ ’ਤੇ ਬਾਬਾ ਜੀ ਦੇ ਵੱਡੇ ਸਪੁੱਤਰ ਕਾ. ਕੁਲਬੀਰ ਸਿੰਘ ਸੰਘੇੜਾ, ਸ਼ਹੀਦ ਊਧਮ ਸਿੰਘ ਟਰੱਸਟ ਯੂ.ਕੇ. ਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਬਰਮਿੰਘਮ ਨੇ ਪਰਿਵਾਰ ਵੱਲੋਂ ਬਾਬਾ ਜੀ ਦੇ ਦਰਸਾਏ ਰਾਹ ’ਤੇ ਚਲਦੇ ਰਹਿਣ ਦਾ ਅਹਿਦ ਕਰਦਿਆਂ ਪਿੱਛੇ ਜਿਹੇ ਸਦੀਵੀ ਵਿਛੋੜਾ ਦੇ ਗਏ ਆਪਣੇ ਛੋਟੇ ਭਰਾ ਕਾ. ਗੁਰਪ੍ਰੇਮ ਸਿੰਘ ਸੰਘੇੜਾ ਨੂੰ ਉਚੇਚਾ ਯਾਦ ਕੀਤਾ, ਜਿਹੜਾ ਹਮੇਸ਼ਾਂ ਬਾਬਾ ਜੀ ਦੇ ਰਾਹ ’ਤੇ ਚਲਦਿਆਂ ਲੋੜਵੰਦਾਂ ਦਾ ਹਮਦਰਦ ਬਣਿਆ ਰਿਹਾ। ਇਸ ਸਮਾਗਮ ਦੇ ਆਰੰਭ ਵਿੱਚ ਕਾ. ਗੁਰਪ੍ਰੇਮ ਸਿੰਘ ਸੰਘੇੜਾ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖ ਕੇ ਉਨ੍ਹਾਂ ਨੂੰ ਯਾਦ ਕੀਤਾ ਗਿਆ। ਸਮਾਗਮ ਵਿੱਚ ਕਾ. ਪ੍ਰਸ਼ੋਤਮ ਲਾਲ ਬਿਲਗਾ ਨੇ ਗ਼ਦਰੀ ਬਾਬਾ ਕਾ. ਭਗਤ ਸਿੰਘ ਬਿਲਗਾ ਕਮੇਟੀ ਨੂੰ ਇੱਕ ਟਰੱਸਟ ਵਿੱਚ ਤਬਦੀਲ ਕਰਨ ਲਈ ਮਤਾ ਪੇਸ਼ ਕੀਤਾ। ਜਿਸ ਨੂੰ ਹਾਜ਼ਰ ਆਗੂਆਂ ਤੇ ਕਾਰਕੁੰਨਾਂ ਨੇ ਪ੍ਰਵਾਨਗੀ ਦਿੱਤੀ। ਇਸ ਮੌਕੇ ’ਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਵਿੱਤ ਸਕੱਤਰ ਇੰਜ. ਸੀਤਲ ਸਿੰਘ ਸੰਘਾ, ਕਨਵੀਨਰ ਸਭਿਆਚਾਰਕ ਵਿੰਗ ਅਮੋਲਕ ਸਿੰਘ, ਜਨਰਲ ਸਕੱਤਰ ਕਾ. ਪ੍ਰਿਥੀਪਾਲ ਸਿੰਘ ਮਾੜੀਮੇਘਾ, ਪ੍ਰਧਾਨ ਕਾ. ਅਜਮੇਰ ਸਿੰਘ ਸਮਰਾ ਤੇ ਕਾ. ਸੰਤੋਖ ਸਿੰਘ ਸੰਧੂ ਨੇ ਵੀ ਬਾਬਾ ਬਿਲਗਾ ਜੀ ਦੇ ਦੇਸ਼ ਦੀ ਆਜ਼ਾਦੀ ਸੰਗਰਾਮ ’ਤੇ ਲੋਕ ਪੱਖੀ ਘੋਲਾਂ ਦੀ ਗੱਲ ਕਰਦਿਆਂ ਉਨ੍ਹਾਂ ਅਜ਼ਮਤ ਬਾਰੇ ਵਿਚਾਰ ਪ੍ਰਗਟਾਏ। ਸਮਾਗਮ ਵਿੱਚ ਦੇਸ਼-ਵਿਦੇਸ਼ ਤੋਂ ਆਏ ਬਾਬਾ ਬਿਲਗਾ ਜੀ ਨਾਲ ਸਬੰਧਤ ਲੋਕਾਂ ਨੇ ਸ਼ਿਰਕਤ ਕਰਕੇ ਬਾਬਾ ਜੀ ਨੂੰ ਯਾਦ ਕੀਤਾ। ਸਮਾਗਮ ਦਾ ਮੰਚ ਸੰਚਾਲਨ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਕੀਤਾ।

# ਗਦਰ ਪਾਰਟੀ ਦਾ 110 ਵਾਂ ਸਥਾਪਨਾ ਦਿਵਸ 21 ਅਪ੍ਰੈਲ ਨੂੰ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿਖੇ ਮਨਾਇਆ ਜਾਵੇਗਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਗ਼ਦਰ ਪਾਰਟੀ ਦਾ 110 ਵਾਂ ਸਥਾਪਨਾ ਦਿਵਸ 21 ਅਪ੍ਰੈਲ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਜੋ ਕੰਪਲੈਕਸ ਵਿੱਚ ਉਸਰਿਆ ਹੈ ਵਿਖੇ ਮਨਾਇਆ ਜਾ ਰਿਹਾ ਹੈ। ਇਹ ਫੈਸਲਾ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ ਮੀਟਿੰਗ ਵਿੱਚ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਅਜਮੇਰ ਸਿੰਘ ਸਮਰਾ ਨੇ ਕੀਤੀ। ਮੀਟਿੰਗ ਦੇ ਫੈਸਲੇ ਪ੍ਰੈਸ ਨੂੰ ਜਾਰੀ ਕਰਦਿਆਂ ਕਮੇਟੀ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਇਸ ਵਾਰ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਕਮੇਟੀ ਮੈਂਬਰ ਬੀਬੀ ਕ੍ਰਿਸ਼ਨਾ ਕਰੇਗੀ। ਫਿਰ ਸਭਿਆਚਾਰਕ ਪ੍ਰੋਗਰਾਮ ਹੋਵੇਗਾ ਤੇ ਮੁੱਖ ਵਕਤਾ ਗ਼ਦਰੀਆਂ ਦੀ ਸੋਚ ਨਾਲ ਜੋੜ ਕੇ ਅੱਜ ਦੇ ਹਾਲਾਤਾਂ ਤੇ ਲੈਕਚਰ ਕਰੇਗਾ। ਮੀਟਿੰਗ ਵਿੱਚ ਫੈਸਲਾ ਹੋਇਆ ਕਿ ਜਲਦੀ ਹੀ ਗ਼ਦਰੀ ਬਾਬਾ



ਕੇਸਰ ਸਿੰਘ ਠੱਠਗੜ੍ਹ ਦੀ ਜੀਵਨੀ ਤੇ ਹੋਰ ਗ਼ਦਰੀ ਸਾਹਿਤ ਕਮੇਟੀ ਵੱਲੋਂ ਪ੍ਰਕਾਸ਼ਤ ਕੀਤਾ ਜਾਵੇਗਾ ਤੇ ਪਿੰਡਾਂ ਸ਼ਹਿਰਾਂ ਤੱਕ ਪਹੁੰਚਾ ਕੇ ਪੰਜਾਬ ਦੀ ਜਵਾਨੀ ਨੂੰ ਗ਼ਦਰੀਆਂ ਦੀ ਸੋਚ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਕਿਉਂਕਿ ਇਸ ਵੇਲੇ ਦੇਸ਼ ਦੇ ਹਾਲਾਤ ਗ਼ਦਰੀਆਂ ਦੀ ਸੋਚ ਦੇ ਬਿਲਕੁਲ ਉਲਟ ਹਨ। ਮੋਦੀ ਦੀ ਸਰਕਾਰ ਦੇਸ਼ ਵਿੱਚ ਫਿਰਕੂ ਜ਼ਹਿਰ ਘੋਲ ਰਹੀ ਹੈ। ਲੋਕਾਂ ਨੂੰ ਰੋਟੀ, ਰੋਜ਼ੀ ਤੇ ਰੁਜ਼ਗਾਰ ਦੇਣ ਦੀ ਬਜਾਏ ਲੜਾਇਆ ਜਾ ਰਿਹਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਗ਼ਦਰੀ ਬਾਬਿਆਂ ਨੇ ਬਣਾਈ ਤੇ ਹੁਣ ਵੀ ਕਮੇਟੀ ਗ਼ਦਰੀਆਂ ਦੀ ਸੋਚ ਤੇ ਪਹਿਰਾ ਦੇ ਰਹੀ ਹੈ ਤੇ ਦਿੰਦੀ ਰਹੇਗੀ। ਮੀਟਿੰਗ ਵਿੱਚ ਸੁਰਿੰਦਰ ਕੌਰ ਲੁਧਿਆਣਾ, ਜਗਜੀਤ ਸਿੰਘ ਮੁੱਖਪੁਰ ਬਰਨਾਲਾ, ਹਰਜੀਤ ਸਿੰਘ ਸੀਤੂ ਦੀਵਨਾ ਬਰਨਾਲਾ ਦੀ ਮੌਤ ਤੇ ਕਮੇਟੀ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਤੇ ਮੂਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ।

# ਨਵਜੋਤ ਸਾਹਿਤ ਸੰਸਥਾ ਔੜ ਵਲੋਂ ਮਹਿਲਾਵਾਂ ਨੂੰ ਸਵੈ-ਮਾਣ ਦੀ ਸਥਾਪਤੀ ਦਾ ਹੋਕਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** 'ਮਹਿਲਾ ਸਸ਼ਕਤੀਕਰਨ' ਵਜੋਂ ਨਵਜੋਤ ਸਾਹਿਤ ਸੰਸਥਾ (ਰਜਿ।) ਔੜ ਦੀ ਪਾਈ ਪੈੜ ਨੇ ਅੱਜ ਸੂਬੇ ਦੇ ਸਾਹਿਤਕ ਖੇਤਰ ਵਿੱਚ ਉਸਾਰੂ ਮਾਰਗ ਦਰਸ਼ਨ ਦਾ ਮਾਣ ਹਾਸਲ ਕੀਤਾ ਹੈ। ਸਤਿਕਾਰਯੋਗ ਰਜ਼ਨੀ ਸ਼ਰਮਾ ਜੀ, ਅਮਰ ਜਿੰਦ ਜੀ ਤੇ ਨੀਰੂ ਜੱਸਲ ਜੀ ਦੀ ਅਗਵਾਈ ਵਿੱਚ ਸੰਸਥਾ ਵਲੋਂ ਇਸ ਵਰ੍ਹੇ 'ਮਹੀਨਾਵਾਰ' ਸਮਾਗਮਾਂ 'ਚ ਆ ਰਹੇ ਇਸ ਦੇ ਸਾਰਥਿਕ ਨਤੀਜੇ ਤੁਹਾਡੇ ਸਾਹਮਣੇ ਹਨ। ਪਿੰਡ ਪੱਦੀ ਮਠਵਾਲੀ ਵਿੱਚ 'ਧੀਆਂ ਦੀ ਲੋ-ਹੜੀ', ਪਿੰਡ ਕਰੀਹਾ ਵਿੱਚ 'ਵਿਦਿਆਰਥਣਾਂ ਦਾ ਪ੍ਰਤੀਯੋਗਤਾ ਮੁਕਾਬਲਾ', ਖਟਕੜ ਕਲਾਂ ਵਿੱਚ ਮਨਾਏ ਗਏ 'ਮਹਿਲਾ ਦਿਵਸ' ਵਾਂਗ ਹੁਣ ਪਿੰਡ ਬਗਵਾਈਂ ਜਿਸ ਨੂੰ ਇਬਰਾਹੀਮਪੁਰ ਵੀ ਕਹਿੰਦੇ ਹਨ ਵਿਖੇ 'ਜਨ ਜੀਵਨ ਨਾਲ ਸਬੰਧਤ ਮਹਿਲਾਵਾਂ ਦੀ ਲਿਖਤੀ ਪ੍ਰੀਖਿਆ' ਵਾਲਾ ਸਮਾਗਮ ਬੇਹੱਦ ਸ਼ਾਨਦਾਰ ਅਤੇ ਪ੍ਰੇਰਕ ਹੋ ਨਿਬੜਿਆ। ਇਸ ਸਮਾਗਮ ਵਿੱਚ ਵੱਖ ਵੱਖ ਉਮਰ ਦੀਆਂ ਮਹਿਲਾਵਾਂ ਨੇ ਭਾਰੀ ਉਤਸ਼ਾਹ ਨਾਲ ਭਾਗ ਲਿਆ। ਇਹਨਾਂ ਵਿੱਚ ਰਣਜੀਤ ਕੌਰ (51), ਪਰਮਜੀਤ ਕੌਰ (36), ਕਰ-ਮਜੀਤ ਕੌਰ (17) ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜਾ ਸਥਾਨ ਹਾਸਲ ਕੀਤਾ। ਇਹਨਾਂ ਨੂੰ ਸੰਸਥਾ ਵਲੋਂ ਯਾਦਗਾਰੀ ਚਿੰਨ੍ਹ, ਸਨਮਾਨ ਪੱਤਰ ਤੇ ਫੁੱਲਾਂ ਮਲਾਵਾਂ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਸੰਸਥਾ ਦੀਆਂ ਉਕਤ ਆਗੂਆਂ ਦੇ



ਨਾਲ ਬੀਬੀ ਸੁਰਜੀਤ ਕੌਰ ਸਾਬਕਾ ਬਲਾਕ ਪ੍ਰਾਇਮਰੀ ਅਫ਼ਸਰ, ਪ੍ਰਿੰਸੀਪਲ ਕਮਲਜੀਤ ਕੌਰ ਯੂਨੀਵਰਸਲ ਪਬਲਿਕ ਸਕੂਲ ਇਬਰਾਹੀਮਪੁਰ ਨੇ ਜੇਤੂਆਂ ਨੂੰ ਵਧਾਈ ਦਿੱਤੀ, ਉਹਨਾਂ ਦੀ ਦਿਲਚਸਪੀ ਦੀ ਸ਼ਲਾਘਾ ਵੀ ਕੀਤੀ ਅਤੇ ਮਹਿਲਾਵਾਂ ਨੂੰ ਸਵੈ ਮਾਣ ਦੀ ਸਥਾਪਤੀ ਲਈ ਲਾਮਬੰਦੀ ਦਾ ਹੋਕਾ ਵੀ ਦਿੱਤਾ।

ਇਸ ਮੌਕੇ ਸਤਪਾਲ ਸਾਹਲੋਂ, ਜੁਗਿੰਦਰ ਸਿੰਘ ਕੁੱਲੇਵਾਲ, ਸੁਰਜੀਤ ਮਜਾਰੀ, ਦਵਿੰਦਰ ਬੇਗਮਪੁਰੀ, ਦੇਸ਼ ਰਾਜ ਬਾਲੀ, ਹਰੀ ਕ੍ਰਿਸ਼ਨ ਪਟਵਾਰੀ ਨੇ ਵੀ ਰਚਨਾਵਾਂ ਤੇ ਵਿਚਾਰਾਂ ਦੀ ਸਾਂਝ ਪਾਈ।

# ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਨਰੇਗਾ ਮਜ਼ਦੂਰਾਂ ਦੇ ਰੋਜ਼ਗਾਰ ਅਤੇ ਸਮਾਜਿਕ ਸੁਰੱਖਿਆ ਦਾ ਵਸੀਲਾ ਬਣੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** "ਨਾਲਸਾ (ਲੀਗਲ ਸਰਵਿਸ ਟੂ ਦ ਵਰਕਰ ਇਨ ਅਨ-ਆਰਗੇਨਾਈਜ਼ਡ ਸੈਕਟਰ) ਸਕੀਮ-2015" ਤਹਿਤ ਗੈਰ ਸੰਗਠਿਤ ਖੇਤਰ ਦੇ ਕਿਰਤੀਆਂ ਦੀ ਭਲਾਈ ਲਈ ਕਾਰਜਸ਼ੀਲ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਾ ਮੰਨਣਾ ਹੈ ਕਿ ਦਿਹਾਤੀ ਖੇਤਰ ਵਿੱਚੋਂ ਬੇਰੋਜ਼ਗਾਰੀ ਨੂੰ ਖਤਮ ਕਰਨ ਲਈ ਮਨਰੇਗਾ ਇੱਕ ਕਾਰਗਰ ਹਥਿਆਰ ਹੈ। ਇਸ ਲਈ ਰੋਜ਼ਗਾਰ ਦੇ ਸਾਧਨਾਂ ਦੀ ਵੱਡੀ ਕਮੀ ਨੂੰ ਦੇਖਦਿਆਂ ਗੁਰਬਤ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਦਿਹਾਤੀ ਮਜ਼ਦੂਰ ਤਬਕੇ ਨੂੰ ਇਸ ਮਾਰ ਤੋਂ ਬਚਾਉਣ ਲਈ ਅਥਾਰਟੀ ਵਲੋਂ "ਮਨਰੇਗਾ ਹੈ ਕਾਰਗਰ ਹਥਿਆਰ-ਅੱਲਖ ਜਗਾਉਣ ਲਈ ਹੋਵੋ ਤਿਆਰ" ਨਾਅਰੇ ਹੇਠ ਮਜ਼ਦੂਰ ਸੰਗਠਨ ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐਨ। ਐਲ।ਓ।) ਦੇ ਸਹਿਯੋਗ ਨਾਲ ਜਾਗਰੂਕਤਾ ਕੈਂਪਾਂ ਰਾਹੀਂ ਯਤਨ ਅਰੰਭੇ ਗਏ ਸਨ।

ਇਸ ਕਾਰਜ ਦੀ ਸਫਲਤਾ ਵਿੱਚ ਉਦਾਹਰਣ ਵਜੋਂ ਪਿੰਡ ਕੋਟ ਰਾਂਝਾ ਅਤੇ ਕਮਾਮ ਦੇ ਮਨਰੇਗਾ ਮਜ਼ਦੂਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਮੰਗ ਦੇ ਬਾਵਜੂਦ ਰੋਜ਼ਗਾਰ ਨਹੀਂ ਦਿੱਤਾ ਜਾਂਦਾ ਸੀ ਜਦਕਿ ਅਥਾਰਟੀ ਦੇ ਪੈਰਾ ਲੀਗਲ ਵਲੰਟੀਅਰ ਬਲਦੇਵ ਭਾਰਤੀ (ਸਟੇਟ ਐਵਾਰਡੀ) ਦੇ ਜਨ ਹਿੱਤ ਯਤਨਾਂ ਸਦਕਾ ਉਨ੍ਹਾਂ ਨੂੰ ਮਨਰੇਗਾ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਪਹਿਲੀ ਵਾਰ ਵਿੱਤੀ ਸਾਲ 2022-23 ਦੌਰਾਨ 100 ਦਿਨ ਦਾ ਰੋਜ਼ਗਾਰ ਪ੍ਰਾਪਤ ਹੋਇਆ। ਜਿਲ੍ਹੇ ਦੇ ਦਰੀਆਪੁਰ, ਹੱਪੋਵਾਲ, ਨਾਈਮਜਾਰਾ, ਉਸਮਾਨਪੁਰ, ਹਿਆਲਾ, ਗਰਚਾ, ਪੁੰਨੂਮਜਾਰਾ, ਰਤਨਾਣਾ, ਬੈਰਸੀਆਂ, ਢਾਹਾਂ, ਚਾਹਲ ਖੁਰਦ, ਸੈਦਪੁਰ ਅਤੇ ਪੱਲੀਆਂ ਖੁਰਦ ਆਦਿ ਪਿੰਡਾਂ ਦੇ ਮਜ਼ਦੂਰ ਹੁਣ ਲਗਾਤਾਰ ਰੋਜ਼ਗਾਰ ਅਤੇ ਭਲਾਈ ਸਕੀਮਾਂ ਸਬੰਧੀ ਜਾਣਕਾਰੀ ਪ੍ਰਾਪਤ ਕਰ ਰਹੇ ਹਨ। ਇਸ ਤਰ੍ਹਾਂ ਅਥਾਰਟੀ ਮਨਰੇਗਾ ਮਜ਼ਦੂਰਾਂ ਦੇ ਰੋਜ਼ਗਾਰ ਅਤੇ




ਉਸਾਰੀ ਮਜ਼ਦੂਰਾਂ ਦੀ ਸਮਾਜਿਕ ਸੁਰੱਖਿਆ ਭਲਾਈ ਸਕੀਮਾਂ ਦਾ ਵਸੀਲਾ ਬਣੀ ਹੋਈ ਹੈ। ਮਜ਼ਦੂਰਾਂ ਨੇ ਇਹ ਵੀ ਦੱਸਿਆ ਕਿ ਅਥਾਰਟੀ ਦੇ ਯਤਨਾਂ ਸਦਕਾ ਮਨਰੇਗਾ ਵਿੱਚ ਹੋ ਰਹੀਆਂ ਕਈ ਤਰ੍ਹਾਂ ਦੀਆਂ ਬੇਨਿਯਮੀਆਂ ਅਤੇ ਲਾਪਰਵਾਹੀਆਂ ਖਤਮ ਹੋਈਆਂ ਹਨ ਅਤੇ ਆਮ ਲੋਕਾਂ ਦੀ ਸਮਾਜਿਕ ਸੁਰੱਖਿਆ ਸਕੀਮਾਂ ਤੱਕ ਪਹੁੰਚ ਬਹੁਤ ਆਸਾਨ ਹੋਈ ਹੈ।

ਅਥਾਰਟੀ ਦੇ ਪੀਐੱਲਵੀ ਬਲਦੇਵ ਭਾਰਤੀ ਨੇ ਦੱਸਿਆ ਕਿ 'ਮਹਾਤਮਾ ਗਾਂਧੀ ਕੌਮੀ ਪੇਂਡੂ ਰੁਜ਼ਗਾਰ ਗ੍ਰੰਟੀ ਕਾਨੂੰਨ-2005' ਤਹਿਤ ਰੋਜ਼ਗਾਰ ਲੈਣ ਲਈ ਗ੍ਰਾਮ ਪੰਚਾਇਤ ਜਾਂ ਏ।ਪੀ।ਓ।/ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਨੂੰ ਅਰਜੀ ਦਿੱਤੀ ਜਾ ਸਕਦੀ ਹੈ। ਇਸ ਅਰਜ਼ੀ ਦੀ ਰਸੀਦ ਲੈਣਾ ਜਰੂਰੀ ਹੈ। ਇਸ ਤੋਂ ਬਾਅਦ ਜੇਕਰ 15 ਦਿਨ ਦੇ ਅੰਦਰ ਅੰਦਰ ਰੋਜ਼ਗਾਰ ਨਹੀਂ ਮਿਲਦਾ ਤਾਂ ਬਿਨੈਕਾਰ ਮਜ਼ਦੂਰ ਬੇਰੁਜ਼ਗਾਰੀ ਭੱਤੇ ਦੇ ਹੱਕਦਾਰ ਹੋ ਜਾਂਦੇ ਹਨ।


'ਉਸਾਰੀ ਮਜ਼ਦੂਰ ਭਲਾਈ ਕਾਨੂੰਨ -1996' ਸਬੰਧੀ ਜਾਣਕਾਰੀ ਦਿੰਦਿਆਂ ਪੀ।ਐੱਲ।ਵੀ। ਬਲਦੇਵ ਭਾਰਤੀ ਨੇ ਦੱਸਿਆ ਕਿ ਮਨਰੇਗਾ ਤਹਿਤ ਉਸਾਰੀ ਖੇਤਰ ਵਿੱਚ ਇੱਕ ਸਾਲ ਦੌਰਾਨ 90 ਦਿਨ ਮਜ਼ਦੂਰੀ ਕਰਨ ਵਾਲੇ ਪੁਰਸ਼ ਅਤੇ ਔਰਤਾਂ ਮਜ਼ਦੂਰ ਉਸਾਰੀ ਕਿਰਤੀ ਭਲਾਈ ਬੋਰਡ ਚੰਡੀਗੜ੍ਹ ਦੇ ਰਜਿਸਟਰਡ ਲਾਭਪਾਤਰੀ ਬਣ ਕੇ ਵੱਡਮੁੱਲੀਆਂ ਭਲਾਈ ਸਕੀਮਾਂ ਦਾ ਲਾਭ ਲੈ ਸਕਦੇ ਹਨ। ਇਸ ਲਈ ਮਨਰੇਗਾ ਨੂੰ ਕੇਵਲ ਮਜ਼ਦੂਰਾਂ ਲਈ ਰੋਜ਼ਗਾਰ ਦਾ ਸਾਧਨ ਹੀ ਨਹੀਂ ਬਲਕਿ ਸਮਾਜ ਦੇ ਵੱਡੇ ਕਮਜ਼ੋਰ ਹਿੱਸੇ ਦੀ ਭਲਾਈ ਅਤੇ ਸਮਾਜਿਕ ਸੁਰੱਖਿਆ ਦੇ ਸਾਧਨ ਵਜੋਂ ਵੀ ਦੇਖਿਆ ਜਾ ਰਿਹਾ ਹੈ।

**ਉਸਾਰੀ ਕਿਰਤੀ ਅਤੇ ਰਜਿਸਟ੍ਰੇਸ਼ਨ**

ਉਸਾਰੀ ਖੇਤਰ ਵਿੱਚ ਪਿਛਲੇ 12 ਮਹੀਨਿਆਂ ਦੌਰਾਨ 90 ਦਿਨ ਕੰਮ ਕਰਨ ਵਾਲੇ ਮਨਰੇਗਾ ਔਰਤਾਂ/ਪੁਰਸ਼ ਮਜ਼ਦੂਰ, ਰਾਜ ਮਿਸਤਰੀ/ਮਜ਼ਦੂਰ, ਪੇਂਟਰ, ਪਲੰਬਰ, ਕਾਰਪੇਂਟਰ, ਸਟੀਲ ਫਿਕਸਰ, ਮਾਰਬਲ/ਟਾਈਲ ਮਿਸਤਰੀ/ਮਜ਼ਦੂਰ, ਪੱਥਰ ਰਗੜਾਈ ਵਾਲੇ, ਸੜਕਾਂ ਬਣਾਉਣ ਵਾਲੇ ਮਜ਼ਦੂਰ, ਇਲੈਕਟ੍ਰੀਸ਼ੀਅਨ, ਪੀਓਪੀ ਮਿਸਤਰੀ/ਮਜ਼ਦੂਰ, ਪਥੇਰ ਅਤੇ ਕੱਚੀ ਇੱਟ ਦੀ ਭਰਾਈ ਕਰਨ ਵਾਲੇ ਭੱਠਾ ਮਜ਼ਦੂਰ, ਜਿਹਨਾਂ ਦੀ ਉਮਰ 18 ਤੋਂ 60 ਸਾਲ ਦੇ ਵਿਚਕਾਰ ਹੋਵੇ ਸੇਵਾ ਕੇਂਦਰ ਵਿੱਚ ਲੋੜੀਂਦੇ ਦਸਤਾਵੇਜ਼, 25/-ਰੁ। ਰਜਿਸਟ੍ਰੇਸ਼ਨ ਫੀਸ ਅਤੇ 10/-ਰੁ। ਮਾਸਿਕ ਅੰਸ਼ਦਾਨ (ਘੱਟੋ-ਘੱਟ 3 ਸਾਲ ਲਈ 25+360=385/-ਰੁ।) ਜਮ੍ਹਾਂ ਕਰਵਾ ਕੇ ਪੰਜਾਬ ਉਸਾਰੀ ਕਿਰਤੀ ਭਲਾਈ ਬੋਰਡ ਚੰਡੀਗੜ੍ਹ ਦੇ ਲਾਭਪਾਤਰੀ ਬਣ ਕੇ ਭਲਾਈ ਸਕੀਮਾਂ ਦਾ ਲਾਭ ਲੈ ਸਕਦੇ ਹਨ।

# ਬੰਗਾ 'ਚ 8 ਅਪ੍ਰੈਲ ਨੂੰ ਮਨਾਇਆ ਜਾਵੇਗਾ ਡਾਕਟਰ ਅੰਬੇਡਕਰ ਦਾ ਜਨਮ ਦਿਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਕਰੋੜਾਂ ਲੋਕਾਂ ਦੇ ਮਸੀਹਾ, ਭਾਰਤੀ ਸੰਵਿਧਾਨ ਦੇ ਨਿਰਮਾਤਾ, ਵਿਸ਼ਵ ਗਿਆਨ ਦੇ ਪ੍ਰਤੀਕ ਬਾਬਾ ਸਾਹਿਬ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ 132 ਵੇਂ ਜਨਮ ਦਿਹਾੜੇ ਨੂੰ ਸਮਰਪਿਤ ਇਕ ਵਿਸ਼ਾਲ ਸਮਾਰੋਹ 8 ਅਪ੍ਰੈਲ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ ਤੱਕ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਬੇਗਮਪੁਰਾ ਫਾਊਂਡੇਸ਼ਨ ਦੇ ਪ੍ਰਧਾਨ ਸੰਤੋਖ ਸਿੰਘ ਜੱਸੀ ਤੇ ਪੰਚਾਇਤ ਯੂਨੀਅਨ ਬੰਗਾ ਦੇ ਪ੍ਰਧਾਨ ਸ਼੍ਰੀ ਜਗਤਾਰ ਛੋਕਰ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਪੰਜਾਬ, ਭਾਰਤ ਦੇ ਵਿਸ਼ਵ ਪ੍ਰਸਿੱਧ ਚਿੰਤਕ ਤੇ ਵਿਦਵਾਨ ਲੋਕ ਸਮਾਗਮ ਨੂੰ ਸੰਬੋਧਨ ਕਰਨ ਲਈ ਪਹੁੰਚ ਰਹੇ ਹਨ। ਉਹਨਾਂ ਸਮੂਹ ਮਨੁੱਖਤਾ ਦੇ ਧਾਰਨੀ ਲੋਕਾਂ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਬੰਗਾ ਹਲਕੇ 'ਚ 25 ਦੇ ਕਰੀਬ ਪ੍ਰਸਿੱਧ ਚਿੰਤਕ, ਵਿਦਵਾਨ ਲੋਕ ਇਸ ਸਮਾਗਮ ਨੂੰ ਸੰਬੋਧਨ ਕਰਨ ਲਈ ਪਹੁੰਚ ਰਹੇ ਹਨ। ਪੁਸਤਕ ਪ੍ਰੇਮੀਆਂ ਲਈ ਕਿਤਾਬਾਂ ਦੇ ਵੱਖ-ਵੱਖ ਕਾਊਂਟਰ ਵੀ ਲਗਾਏ ਜਾ ਰਹੇ ਹਨ। ਦੂਰੋਂ ਨੇੜਿਓ ਆਉਣ ਵਾਲੇ ਸਾਰੇ ਸਾਥੀਆਂ ਲਈ ਚਾਹ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ। ਇਸ ਅਹਿਮ ਮੌਕੇ ਤੇ "ਬਾਬਾ ਸਾਹਿਬ ਯੂ ਐਨ ਓ ਤੱਕ" ਦੇ ਦੂਸਰੇ ਐਡੀਸ਼ਨ ਵਾਲੀ ਸਾਂਭਣਯੋਗ ਪੁਸਤਕ ਵੀ ਰਿਲੀਜ ਕੀਤੀ ਜਾਵੇਗੀ।




# ਖ਼ਾਲਸਾ ਕਾਲਜ 'ਚ 7 ਦਿਨਾਂ ਕੌਮੀ ਸੇਵਾ ਯੋਜਨਾ ਕੈਂਪ ਸਮਾਪਤ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਕਾਲਜ ਦੇ ਕੌਮੀ ਸੇਵਾ ਯੋਜਨਾ ਯੂਨਿਟ ਵਲੋਂ ਸਵੱਛ ਭਾਰਤ ਅਭਿਆਨ ਅਤੇ ਫਿਟ ਇੰਡੀਆ ਕੈਂਪੇਨ ਥੀਮ ਤਹਿਤ ਲਗਾਇਆ ਗਿਆ 7 ਦਿਨਾਂ ਕੌਮੀ ਸੇਵਾ ਯੋਜਨਾ ਕੈਂਪ ਸਮਾਪਤ ਹੋ ਗਿਆ। ਕੈਂਪ ਦੀ ਸਮਾਪਤੀ ਮੌਕੇ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਦੌਰਾਨ ਵਲੰਟੀਅਰਾਂ ਨੇ ਪਾਠ ਦੇ ਭੋਗ ਉਪਰੰਤ ਕੀਰਤਨ ਅਤੇ ਕਵੀਸ਼ਰੀ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਕੈਂਪ ਦੌਰਾਨ ਇਕ ਵੱਖਰੇ ਪ੍ਰੋਗਰਾਮ 'ਚ ਵਲੰਟੀਅਰਾਂ ਨੇ ਕਵਿਤਾ, ਲੋਕ ਗੀਤ ਤੇ ਭਾਸ਼ਣ ਵਿਚ ਹਿੱਸਾ ਲਿਆ ਤੇ ਕੈਂਪ ਦੇ ਅਨੁਭਵਾਂ ਨੂੰ ਪੇਸ਼ ਕੀਤਾ। ਪ੍ਰੋ। ਜਸਪਾਲ ਸਿੰਘ ਕਾਰਜਕਾਰੀ ਪ੍ਰਿੰਸੀਪਲ ਨੇ ਕੈਂਪ ਦੀ ਸਫ਼ਲਤਾ ਤੇ ਪ੍ਰੋਗਰਾਮ ਅਫਸਰਾਂ ਅਤੇ ਵਲੰਟੀਅਰਾਂ ਨੂੰ ਵਧਾਈ ਦਿੰਦਿਆ ਭਵਿੱਖ ਵੀ ਅਜਿਹੇ ਉਪਰਾਲੇ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ। ਪ੍ਰੋਗਰਾਮ ਅਫਸਰ ਡਾ। ਅਰਵਿੰਦਰ ਸਿੰਘ ਅਤੇ ਪ੍ਰੋ ਨਰੇਸ਼ ਕੁਮਾਰੀ ਨੇ ਕੈਂਪ ਦਾ ਆਲੋਚਨਾਤਮਕ ਵਿਸ਼ਲੇਸ਼ਣ ਪੇਸ਼ ਕੀਤਾ। ਇਸ ਮੌਕੇ ਵਾਈਸ ਪ੍ਰਿੰਸੀਪਲ ਪ੍ਰੋ। ਲਖਵਿੰਦਰਜੀਤ ਕੌਰ, ਪ੍ਰੋ। ਕੰਵਰ ਕੁਲਵੰਤ ਸਿੰਘ, ਡਾ। ਜਾਨਕੀ ਅਗਰਵਾਲ ਅਤੇ ਡਾ। ਮਨਬੀਰ ਕੌਰ ਵਲੋਂ ਕੈਂਪ ਦੌਰਾਨ ਸਭ ਤੋਂ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਹਾਊਸ ਭਾਈ ਹਿੰਮਤ ਸਿੰਘ ਜੀ ਹਾਊਸ ਅਤੇ ਭਾਈ ਸਾਹਿਬ ਸਿੰਘ ਜੀ ਹਾਊਸ ਦੇ ਵਲੰਟੀਅਰਾਂ ਅਤੇ ਕੈਂਪ 'ਚ ਹਿੱਸਾ ਲੈਣ ਵਾਲੇ ਵਲੰਟੀਅਰਾਂ ਨੂੰ ਸਨਮਾਨਿਤ ਕੀਤਾ।



ਪ੍ਰੋ ਲਖਵਿੰਦਰਜੀਤ ਕੌਰ ਅਤੇ ਪ੍ਰੋ। ਕੰਵਰ ਕੁਲਵੰਤ ਸਿੰਘ ਨੇ ਵਲੰਟੀਅਰਾਂ ਦੇ ਅਨੁਸਾਸ਼ਨ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਨੂੰ ਅਜਿਹੇ ਪ੍ਰੋਗਰਾਮਾਂ ਤੋਂ ਲਾਹਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ। ਸੰਘਾ ਗੁਰਬਖਸ਼ ਕੌਰ ਅਤੇ ਪ੍ਰੋ। ਰਾਏਦੀਪ ਸਿੰਘ ਵਲੰਟੀਅਰ ਰੂਪ ਵਿਚ ਹਾਜ਼ਰ ਹੋਏ।

# ਸਤਿਗੁਰੂ ਰਵਿਦਾਸ ਜੀ ਦੇ ਜੀਵਨ, ਸਮੇਂ ਤੇ ਫਿਲਾਸਫੀ ਬਾਰੇ ਅੰਤਰਰਾਸ਼ਟਰੀ ਸੈਮੀਨਾਰ

**ਪ੍ਰੋਫੈਸਰ (ਰਿਟਾ) ਪਰਵਿੰਦਰ ਸਿੰਘ**

ਸਤਿਗੁਰੂ ਰਵਿਦਾਸ ਜੀ ਦੇ ਜੀਵਨ, ਸਮੇਂ ਤੇ ਫਿਲਾਸਫੀ ਬਾਰੇ ਅੰਤਰਰਾਸ਼ਟਰੀ ਸੈਮੀਨਾਰ ਜੋ ਇੰਗਲੈਂਡ ਵਿਚ ਹੋਇਆ, ਉਸ ਵਿਚ ਦਿੱਤਾ ਤੁਹਾਡਾ ਇਹ ਕੁੰਜੀਵਤ ਭਾਸ਼ਣ ਸਹੀ ਅਰਥਾਂ ਵਿਚ ਅੰਤਰਰਾਸ਼ਟਰੀ ਪੱਧਰ ਦਾ ਹੀ ਹੈ। ਤੁਸੀਂ ਉਨ੍ਹਾਂ ਦੇ ਜੀਵਨ ਬਾਰੇ, ਵਿਸ਼ੇਸ਼ ਕਰ ਜਨਮ ਬਾਰੇ ਫੈਲੀਆਂ ਭ੍ਰਾਂਤੀਆਂ ਦੀ ਤਹਿ ਵਿਚ ਕੰਮ ਕਰਦੀ ਰੁਚੀ/ਸੋਚ ਨੂੰ ਨੰਗਾ ਕੀਤਾ ਹੈ।ਤੁਹਾਡਾ ਇਹ ਕਹਿਣਾ ਵੀ ਵਾਜਬ ਹੈ ਕਿ ਨਾਮਦੇਵ ਤੇ ਕਬੀਰ ਵਾਂਗ ਹੀ ਗੁਰੂ ਰਵਿਦਾਸ ਦੀ ਬਾਣੀ ਨੇ ਭਾਸ਼ਾ ਦੇ ਬੰਧਨ ਤੋੜਦਿਆਂ ਸਾਰੇ ਭਾਰਤ ਉੱਪਰ ਆਪਣੀ ਛਾਪ ਛੱਡੀ ਹੈ। ਗੁਰੂ ਰਵਿਦਾਸ ਦੇ ਜਨਮ ਸਥਾਨ ਤੇ ਉਨ੍ਹਾਂ ਦੇ ਗੁਰੂ ਬਾਰੇ, ਚੇਲਿਆਂ ਬਾਰੇ ਭ੍ਰਾਂਤੀਆਂ ਦਾ ਨਬੇੜਾ ਕਰਨ ਦਾ ਵੀ ਯਤਨ ਕੀਤਾ ਹੈ। ਮਜ਼੍ਹਬੀ, ਰੰਗਰੇਟਾ, ਰਾਮਦਾਸੀਆ ਤੇ ਰਵਿਦਾਸੀਆ ਬਾਰੇ ਨਿਖੇੜਾ ਇਕ ਵਿਸ਼ੇਸ਼ ਸਮਝ ਪ੍ਰਦਾਨ ਕਰਦਾ ਹੈ। ਬੇਗਮਪੁਰਾ ਦੇ ਸੰਕਲਪ ਨੂੰ ਵੀ ਸਪਸ਼ਟ ਕੀਤਾ ਹੈ।ਸਭ ਤੋਂ ਮਹੱਤਵਪੂਰਨ ਪੱਖ ਹੈ ਉਨ੍ਹਾਂ ਦੀ ਫਿਲਾਸਫੀ ਬਾਰੇ ਚਰਚਾ ਕਰਨੀ। ਤੁਸੀਂ ਸਹੀ ਕਿਹਾ ਹੈ ਕਿ ਮਹਾਤਮਾ ਬੁੱਧ ਤੋਂ ਬਾਅਦ ਗੁਰੂ ਰਵਿਦਾਸ ਉਹ ਪਹਿਲੇ ਮਹੱਤਵਪੂਰਨ ਵਿਅਕਤੀ ਹਨ ਜਿਨ੍ਹਾਂ ਉਸ ਵੇਲੇ ਸਮਾਜ ਵਿਚ ਪਸਰੇ ਅਮਨੁੱਖੀ ਸਿਸਟਮ ਦਾ ਵਿਰੋਧ ਕਰਨ ਦੀ ਹਿੰਮਤ ਕੀਤੀ । ਉਸ ਸਮੇਂ ਦੇ ਵਰਣ ਆਸ਼ਰਮ ਪ੍ਰਧਾਨ ਸਮਾਜ ਵਿਚਲੇ ਨੀਵੀਆਂ ਸ਼੍ਰੇਣੀਆਂ ਤੇ ਦੱਬੇ ਕੁਚਲੇ ਲੋਕਾਂ ਵਿਚ ਸਮਾਜਕ ਚੇਤਨਤਾ ਲਿਆਉਣ ਵਿਚ ਇਕ ਉਤਪ੍ਰੇਰਕ ਦੀ ਭੂਮਿਕਾ ਹੀ ਨਹੀਂ ਨਿਭਾਈ ਸਗੋਂ ਬੜੀ ਦ੍ਰਿੜ੍ਹਤਾ ਨਾਲ ਉਸ ਉੱਪਰ ਪਹਿਰਾ ਵੀ ਦਿੱਤਾ। ਉਨ੍ਹਾਂ ਦੀ ਵਿਲੱਖਣਤਾ ਦਾ ਆਧਾਰ ਇਹ ਹੈ ਭਗਤੀ ਨੂੰ ਸਮਾਜਿਕ ਵਿਰੋਧ ਦਾ ਸਾਧਨ ਬਣਾਇਆ ਤੇ ਸਮਾਜਕ ਅਨਿਆਏ ਤੇ ਛੂਆ- ਛੂਤ ਦਾ ਵਿਰੋਧ ਕਰਦਿਆਂ ਨਿਡਰਤਾ, ਹਮਦਰਦੀ, ਬਰਾਬਰਤਾ ਤੇ ਭਾਈਚਾਰੇ ਦੀ ਬ ਭਾਵਨਾ ਅਪਨਾਉਣ 'ਤੇ ਜੋਰ ਦਿੱਤਾ। ਉਨ੍ਹਾਂ ਦਾ ਪੁਜਾਰੀ ਸ਼੍ਰੇਣੀ ਦਾ ਪਹਿਰਾਵਾ ਧਾਰਨ ਕਰਨਾ ਤੇ ਆਪਣੇ ਕਿੱਤੇ ਉਪਰ ਮਾਣ ਮਹਿਸੂਸ ਕਰਦਿਆਂ ਉਹ ਕਿੱਤਾ ਕਰਨਾ ਵੀ ਜਿੱਥੇ ਇਕ ਪਾਸੇ ਬ੍ਰਾਹਮਣਵਾਦ ਦਾ ਵਿਰੋਧ ਕਰਨ ਦਾ ਇਕ ਨਿਵੇਕਲਾ ਅੰਦਾਜ਼ ਸੀ ਉੱਥੇ ਦੂਜੇ ਪਾਸੇ ਉਨ੍ਹਾਂ ਨੀਵੇਂ ਲੋਕਾਂ ਵਿਚ ਸਵੈਮਾਣ ਜਗਾਉਣ ਦਾ ਵੀ ਇਕ ਉੱਦਮ ਸੀ। ਜਿੱਥੇ ਉਹ ਭਾਈਚਾਰਕ ਹਮਦਰਦੀ ਨੂੰ ਆਪਣੀ ਸਮਾਜਿਕ ਫਿਲਾਸਫੀ ਦਾ ਆਧਾਰ ਬਣਾਉਦੇ ਹਨ ਉੱਥੇ ਦੂਜੇ ਪਾਸੇ ਦੱਬੇ ਕੁਚਲੇ ਲੋਕਾਂ ਦੀ ਦੁਰਦਸ਼ਾ ਤੋਂ ਮੁਕਤੀ ਦਾ ਉਸ ਨਿਰੰਕਾਰ ਪਰਮਾਤਮਾ ਵਿਚ ਵੇਖਦੇ ਹਨ ,ਇਹ ਆਪਣੇ ਆਪ ਵਿਚ ਉਸ ਸਮੇਂ ਦੇ ਬ੍ਰਾਹਮਣਵਾਦੀ ਸਮਾਜ ਵਿਚ ਇਕ ਦਲੇਰਾਨਾ ਕਦਮ ਸੀ। ਉਨ੍ਹਾਂ ਦੇ ਰਾਹ 'ਤੇ ਚਲਦਿਆਂ ਹੀ ਆਦਿ ਧਰਮ ਸਮਾਜ ਦੀ ਲਹਿਰ ਤੇ ਰਵਿਦਾਸ ਵਿਚਾਰਧਾਰਾ ਦੇ ਡੇਰਿਆਂ ਦਾ ਪੂਰੀ ਦੁਨੀਆ ਵਿਚ ਪ੍ਰਸਾਰ ਤੇ ਆਪਣੇ ਆਪ ਨੂੰ ਇਕ ਵੱਖਰੀ ਜਾਤ ਸਮਝਦਿਆਂ ਹੋਇਆਂ ਆਪਣੇ ਆਪ ਉਪਰ ਮਾਣ ਕਰਨਾ - ਇਕ ਇਤਿਹਾਸ ਸਿਰਜਣ ਦੀ ਨਿਆਈਂ ਹੈ।ਬੁਹਤ ਹੀ ਵਧੀਆ ਲਿਖਿਆ ਹੈ। ਪਿੱਛੇ ਦਿੱਤੇ ਨੋਟਸ ਤਾਂ ਆਰਟੀਕਲ ਵਿਚ ਦਿੱਤੀਆਂ ਗੱਲਾਂ ਨੂੰ ਵਧੇਰੇ ਵਿਸਥਾਰ ਸਹਿਤ ਸਮਝਣ ਵਿਚ ਸਹਾਈ ਨੇ।




# ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ (ਜਲੰਧਰ) ਵਲੋਂ ਸਾਲ 2022-23 ਦਾ ਸਾਲਾਨਾ ਨਤੀਜਾ ਘੋਸ਼ਿਤ ਕੀਤਾ






**ਜਲੰਧਰ, 29 ਮਾਰਚ-** ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪਰ (ਜਲੰਧਰ) ਵਲੋਂ ਸਾਲ 2022-23 ਦਾ ਸਾਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ। ਪ੍ਰਿੰਸੀਪਲ ਪਰਮਜੀਤ ਜੱਸਲ ਨੇ ਕਲਾਸਾਂ 'ਚ ਅੱਵਲ ਦਰਜੇ 'ਤੇ ਆਉਣ ਵਾਲੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਹੈ। ਜਿਹਨਾਂ ਦੀ ਸਖ਼ਤ ਮਿਹਨਤ ਨਾਲ ਚੰਗੇ ਨੰਬਰ ਆਏ ਹਨ। ਇਸ ਸਾਦੇ ਸਮਾਗਮ ਵਿੱਚ ਮਾਨਯੋਗ ਸੋਮ ਨਾਥ ਮਾਹੀ ,ਰਿਟਾਇਰਡ ਚੀਫ਼ ਇੰਜੀਨੀਅਰ ਪਾਵਰਕਾਮ ਵਿਭਾਗ ,ਜਲੰਧਰ ਅਤੇ ਮਾਨਯੋਗ ਐਡਵੋਕੇਟ ਹਰਭਜਨ ਸਾਂਪਲਾ ਜੀ ਨੇ ਸ਼ਿਰਕਤ ਕੀਤੀ। ਵਿਸ਼ੇਸ਼ ਮਹਿਮਾਨਾਂ ਨੇ ਕਿਹਾ ਕਿ ਐਜੂਕੇਸ਼ਨ ਹੀ ਵਿਦਿਆਰਥੀਆਂ ਨੂੰ ਉੱਚ ਅਹੁਦਿਆਂ ਤੱਕ ਪਹੁੰਚਾ ਸਕਦੀ ਹੈ। ਜਿਸ ਰਾਹੀਂ ਅਸੀਂ ਗਰੀਬੀ ਦੀ ਦਲਦਲ ਵਿੱਚੋਂ ਨਿਕਲ ਸਕਦੇ ਹਾਂ। ਵਿੱਦਿਆ ਹੀ ਇੱਕ ਅਜਿਹਾ ਗਹਿਣਾ ਹੈ, ਜਿਸ ਨੂੰ ਕੋਈ ਚੁਰਾ ਨਹੀਂ ਸਕਦਾ। ਮਾਪੇ ਵਿਦਿਆਰਥੀਆਂ ਦੀ ਪੜ੍ਹਾਈ ਵੱਲ ਉਚੇਚੇ ਤੌਰ 'ਤੇ ਧਿਆਨ ਦੇਣ। ਸਿੱਖਿਆ ਨਾਲ ਬੱਚੇ ਵਿਦਵਾਨ, ਵਕੀਲ, ਡਾਕਟਰ, ਪ੍ਰਿੰਸੀਪਲ, ਪ੍ਰੋਫੈਸਰ ,ਇੰਜੀਨੀਅਰ ਆਦਿ ਬਣ ਸਕਦੇ ਹਨ। ਮਹਿਮਾਨਾਂ ਵਲੋਂ ਪ੍ਰਿੰਸੀਪਲ ਪਰਮਜੀਤ ਜੱਸਲ ਦੁਆਰਾ ਲਿਖੀ ਛੋਟੀ ਪੁਸਤਕ ,"ਬਹੁਜਨ ਨਾਇਕ -ਸਾਹਿਬ ਸ੍ਰੀ ਕਾਂਸ਼ੀ ਰਾਮ "ਵੀ ਰਿਲੀਜ਼ ਕੀਤੀ ਗਈ। ਸਕੂਲ ਵਲੋਂ ਮਹਿਮਾਨਾਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਬੱਚਿਆਂ ਨੂੰ ਫਰੂਟ ਵੰਡਿਆ ਗਿਆ। ਸਮਾਗਮ ਵਿੱਚ ਸਤਵਿੰਦਰ ਕੌਰ ਵਾਇਸ ਪ੍ਰਿੰਸੀਪਲ, ਸਮੂਹ ਸਟਾਫ ਤੇ ਰਾਕੇਸ਼ ਮਾਹੀ ਵੀ ਸ਼ਾਮਿਲ ਹੋਏ।

# ਲਖਵਿੰਦਰਜੀਤ ਕੌਰ ਨੇ ਖ਼ਾਲਸਾ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਦਾ ਚਾਰਜ ਸੰਭਾਲਿਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਪ੍ਰੋ। ਲਖਵਿੰਦਰਜੀਤ ਕੌਰ ਮੁੱਖੀ ਹਿਸਟਰੀ ਵਿਭਾਗ ਵਲੋਂ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਦਾ ਚਾਰਜ ਸੰਭਾਲਿਆ ਗਿਆ। ਕਾਲਜ ਮੈਨੇਜਮੈਂਟ



ਵਲੋਂ ਪ੍ਰੋ ਜਸਪਾਲ ਸਿੰਘ ਐਸੋਸੀਏਟ ਪ੍ਰੋਫੈਸਰ ਪੰਜਾਬੀ (ਕਾਰਜਕਾਰੀ ਪ੍ਰਿੰਸੀਪਲ) ਦੇ ਸੇਵਾ-ਮੁਕਤ ਹੋਣ ’ਤੇ ਪ੍ਰੋ। ਲਖਵਿੰਦਰਜੀਤ ਕੌਰ ਨੂੰ ਕਾਰਜਕਾਰੀ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਕਾਲਜ ਦੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਦੀ ਹਾਜ਼ਰੀ ’ਚ ਕਾਰਜਕਾਰੀ ਪ੍ਰਿੰਸੀਪਲ ਦਾ ਚਾਰਜ ਸੰਭਾਲਦੇ ਹੋਏ ਪ੍ਰੋ ਲਖਵਿੰਦਰਜੀਤ ਕੌਰ ਨੇ ਕਾਲਜ ਮੈਨੇਜਮੈਂਟ ਵਲੋਂ ਸੌਂਪੀ ਜ਼ਿੰਮੇਵਾਰੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ। ਸੁਖਮਿੰਦਰ ਸਿੰਘ ਸਕੱਤਰ ਵਿੱਦਿਆ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਮਿਹਨਤ ਅਤੇ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਕਾਲਜ ਦੇ ਸਮੂਹ ਸਟਾਫ਼ ਦੇ ਸਹਿਯੋਗ ਨਾਲ ਅਦਾਰੇ ਦੀ ਬੇਹਤਰੀ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਮੌਕੇ ਸਮੂਹ ਸਟਾਫ਼ ਵਲੋਂ ਪ੍ਰੋ। ਲਖਵਿੰਦਰਜੀਤ ਕੌਰ ਨੂੰ ਚਾਰਜ ਸੰਭਾਲਣ ’ਤੇ ਵਧਾਈ ਦਿੱਤੀ।

# ਨਵਜੋਤ ਸਾਹਿਤ ਸੰਸਥਾ ਔੜ ਵਲੋਂ ਪਿੰਡ ਇਬਰਾਹੀਮਪੁਰ ਵਿੱਚ ਔਰਤਾਂ ਦੀ ਪ੍ਰਤੀਯੋਗਤਾ ਕਰਵਾਈ ਤੇ ਕੀਤਾ ਸਨਮਾਨਿਤ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸਾਹਿਤ ਖੇਤਰ ਵਿੱਚ ਬੀਤੇ 41 ਸਾਲ ਤੋਂ ਸਮਰਪਿਤ ਸੇਵਾਵਾਂ ਨਿਭਾ ਰਹੀ ਨਵਜੋਤ ਸਾਹਿਤ ਸੰਸਥਾ (ਰਜਿ।) ਔੜ ਵਲੋਂ ਇੱਥੋਂ ਨਜ਼ਦੀਕੀ ਪਿੰਡ ਇਬਰਾਹੀਮਪੁਰ ਵਿਖੇ ਜਨ ਜੀਵਨ ਨਾਲ ਸਬੰਧਤ ਆਮ ਜਾਣਕਾਰੀ ਦੇ ਸਵਾਲਾਂ ਵਾਲੀ ਪ੍ਰਤੀਯੋਗਤਾ ਕਰਵਾਈ ਗਈ। ਇਸ ਪ੍ਰਤੀਯੋਗਤਾ ਵਿੱਚ ਰਣਜੀਤ ਕੌਰ, ਪਰਮਜੀਤ ਕੌਰ, ਕਰਮਜੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਉਹਨਾਂ ਨੂੰ ਯਾਦਗਾਰੀ ਚਿੰਨ੍ਹ, ਪ੍ਰਮਾਣ ਪੱਤਰ ਅਤੇ ਫੁੱਲਾਂ ਦੇ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਦੇ ਬਾਕੀ ਸਾਰੀਆਂ ਔਰਤ ਪ੍ਰਤੀਯੋਗੀਆਂ ਨੂੰ ਵੀ ਸਨਮਾਨ ਪੱਤਰ ਪ੍ਰਦਾਨ ਕੀਤੇ ਗਏ ਇਹ ਸਨਮਾਨ ਰਸਮ ਬੀਬੀ ਸੁਰਜੀਤ ਕੌਰ ਸਾਬਕਾ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਮੈਡਮ ਰਜਨੀ ਸ਼ਰਮਾ ਪ੍ਰਧਾਨ ਨਵਜੋਤ ਸਾਹਿਤ ਸੰਸਥਾ ਔੜ ਅਤੇ ਸ਼੍ਰੀਮਤੀ ਕਮਲਜੀਤ ਕੌਰ ਪ੍ਰਿੰਸੀਪਲ ਯੂਨੀਵਰਸਲ




ਪਬਲਿਕ ਸਕੂਲ ਇਬਰਰਾਹੀਮਪੁਰ ਨੇ ਸਾਂਝੇ ਤੌਰ ’ਤੇ ਨਿਭਾਈ। ਉਹਨਾਂ ਜੇਤੂਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਜ਼ਿੰਦਗੀ ਦੀ ਸਥਾਪਤੀ ਲਈ ਅਜਿਹੀਆਂ ਪ੍ਰਤੀਯੋਗਤਾਵਾਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਸੰਸਥਾ ਦੇ ਸਕੱਤਰ ਮੈਡਮ ਅਮਰ ਜਿੰਦ ਅਤੇ ਖਜ਼ਾਨਚੀ ਮੈਡਮ ਨੀਰੂ ਜੱਸਲ ਨੇ ਆਪਣੇ ਸੰਬੋਧਨ ’ਚ ਔਰਤਾਂ ਨੂੰ ਸਵੈ ਮਾਣ ਦੇ ਮਿਸ਼ਨ ਦੀ ਪੂਰਤੀ ਲਈ ਇੱਕਜੁਟਤਾ ਅਤੇ ਜਾਗਰੂਕਤਾ ਦਾ ਹੋਕਾ ਦਿੱਤਾ।

ਉਹਨਾਂ ਇਹ ਵੀ ਜਾਣਕਾਰੀ ਦਿੱਤੀ ਕਿ ‘ਮਹਿਲਾ ਸਸ਼ਕਤੀਕਰਨ’ ਵਜੋਂ ਮਨਾਏ ਜਾ ਰਹੇ ਇਸ ਵਰ੍ਹੇ ਦੌਰਾਨ ਪਿੰਡਾਂ ਅਤੇ ਵਿੱਦਿਅਕ ਅਦਾਰਿਆਂ ਵਿੱਚ ਮਹੀਨਾਵਾਰ ਸਮਾਗਮ ਕਰਵਾਏ ਜਾ ਰਹੇ ਹਨ। ਦੱਸਣਯੋਗ ਹੈ ਕਿ ਨਵਜੋਤ ਸਾਹਿਤ ਸੰਸਥਾ ਔੜ ਦੀ ਅਗਵਾਈ ਵੀ ਇਸ ਵਰ੍ਹੇ ਔਰਤ ਲੇਖਕਾਵਾਂ ਹੀ ਕਰ ਰਹੀਆਂ ਹਨ। ਇਸ ਮੌਕੇ ਸਤਪਾਲ ਸਾਹਲੋਂ, ਜੁਗਿੰਦਰ ਸਿੰਘ ਕੁੱਲੇਵਾਲ, ਸੁਰਜੀਤ ਮਜਾਰੀ, ਹਰੀ ਕ੍ਰਿਸ਼ਨ ਪਟਵਾਰੀ, ਦਵਿੰਦਰ ਬੇਗਮਪੁਰੀ, ਦੇਸ ਰਾਜ ਬਾਲੀ ਨੇ ਵੀ ਰਚਨਾਵਾਂ ਅਤੇ ਵਿਚਾਰਾਂ ਦੀ ਸਾਂਝ ਪਾਈ।

# ਮਿਸ਼ਨ ਨੂੰ ਸਮਰਪਿਤ ਕਵਾਲੀ ਕਵਾਲੀ "ਹੱਕਾਂ ਲਈ ਉੱਠ" ਦੀ ਰਿਕਾਰਡਿੰਗ ਹੋਈ ਮੁਕੰਮਲ - ਸੀਟੂ ਬਾਈ

**ਫਗਵਾੜਾ 1 ਅਪ੍ਰੈਲ (ਬੀ. ਕੇ. ਰੱਤੂ)** ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਜੀ ਦੇ 132 ਵੇਂ ਜਨਮ ਦਿਵਸ ਮੌਕੇ ਮਿਸ਼ਨ ਨੂੰ ਸਮਰਪਿਤ ਕਵਾਲੀ "ਹੱਕਾਂ ਲਈ ਉੱਠ" ਦੀ ਰਿਕਾਰਡਿੰਗ ਬੀ ਐੱਸ ਬੱਲੀ ਕਵਾਲ ਪਾਸਲੇ ਵਾਲੇ ਐੱਸ ਕੇ ਸਾਗਰ ਅਤੇ ਪਾਰਟੀ ਦੀ ਅਵਾਜ ਵਿੱਚ ਨਿਰਮਾਤਾ ਅਤੇ ਨਿਰਦੇਸ਼ਕ ਸੀਟੂ ਬਾਈ ਦੀ ਦੇਖ ਰੇਖ ਹੇਠ ਰਿਕਾਰਡਿੰਗ ਮੁਕੰਮਲ ਕੀਤੀ ਗਈ ਹੈ। ਹੱਕਾਂ ਲਈ ਉੱਠ ਕਵਾਲੀ ਨੂੰ ਪ੍ਰਸਿੱਧ ਗੀਤਕਾਰ ਮਾਹੀ ਮਿੱਠਾਪੁਰੀ ਨੇ ਬਹੁਤ ਹੀ ਵਧੀਆ ਢੰਗ ਨਾਲ ਲਿਖਿਆ ਹੈ।ਜਿਸ ਵਿੱਚ ਬਾਬਾ ਸਾਹਿਬ ਦੇ ਮਿਸ਼ਨ ਅਤੇ ਸੰਘਰਸ਼ ਆਦਿ ਦੀ ਗੱਲ ਕਰਦਿਆਂ ਆਪਣੇ ਹੱਕਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਅੱਗੇ ਸੀਟੂ ਬਾਈ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੀਤਕਾਰ ਮਾਹੀ ਮਿੱਠਾਪੁਰੀ ਦੀ ਇਹ ਨਿਵੇਕਲੀ ਕੋਸ਼ਿਸ਼ ਜਿਹੜੇ ਬਾਬਾ ਸਾਹਿਬ ਨੂੰ ਸਮਝ ਗਏ ਹੱਕਾਂ ਲਈ ਉੱਠ ਖਲੋਵਣਗੇ। ਕਵਾਲੀ ਹਰ ਇੱਕ ਨੂੰ ਪਸੰਦ ਆਵੇਗੀ।ਸੀਟੂ ਬਾਈ ਦੀ ਨਿਰਦੇਸ਼ਨਾਂ ਹੇਠ ਭਾਗ ਫਿਲਮ ਪ੍ਰੋਡਕਸ਼ਨ ਦੀ ਟੀਮ ਵਲੋਂ ਜਲਦੀ ਹੀ ਇਸ ਦੀ ਵੀਡੀਓ ਦਾ ਫਿਲਮਾਂਕਣ ਕੀਤਾ ਜਾ ਰਿਹਾ ਹੈ ਅਤੇ ਕਵਾਲੀ ਨੂੰ ਰਿੰਗ ਰਿਕਾਰਡਸ ਕੰਪਨੀ ਵਲੋਂ ਸੋਸ਼ਲ ਸਾਈਟਾਂ ਤੇ ਰਿਲੀਜ ਕੀਤਾ ਜਾਵੇਗਾ। ਇਸ ਦੀ ਰਿਕਾਰਡਿੰਗ ਅਤੇ ਸੰਗੀਤ ਟੀ ਐੱਮ ਸੀ ਸਟੂਡੀਓ ਵਿੱਚ ਪੂਰੀ ਟੀਮ ਵਲੋਂ ਤਿਆਰ ਕੀਤਾ ਗਿਆ ਹੈ।





‘ਦੇਸ਼ ਦੁਆਬਾ’ ‘ਅੰਬੇਦਕਰ ਟਾਈਮਜ਼’

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com

www.ambedkartimes.com

# ਸ਼ਾਨਦਾਰ ਹੋ ਨਿਬੜਿਆ ਸਰਕਾਰੀ ਮਿਡਲ ਸਕੂਲ ਚੱਕਗੁਜਰਾਂ ਦਾ ਸਲਾਨਾ ਸਮਾਗਮ




ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ ਅਤੇ ਸਕੂਲ ਇੰਚਾਰਜ ਮੈਡਮ ਬਬੀਤਾ ਰਾਣੀ ਦੀ ਅਗਵਾਈ ਵਿੱਚ ਸਰਕਾਰੀ ਮਿਡਲ ਸਕੂਲ ਚੱਕਗੁਜਰਾਂ ਵਿਖੇ ਅੱਜ ਸਲਾਨਾ ਨਤੀਜੇ ਵਾਲੇ ਦਿਨ ਕੀਤਾ ਗਿਆ ਸਲਾਨਾ ਸਮਾਗਮ ਸ਼ਾਨਦਾਰ ਹੋ ਨਿਬੜਿਆ। ਸਮਾਗਮ ਵਿੱਚ ਮੁਖ ਮਹਿਮਾਨ ਵਜੋਂ ਸ. ਹਰਦੇਵ ਸਿੰਘ ਆਸੀ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਅਤੇ ਵਿਸ਼ੇਸ਼ ਮਹਿਮਾਨ ਵਜੋਂ ਡਾ. ਜਸਵੰਤ ਰਾਏ ਖੋਜ ਅਫ਼ਸਰ ਭਾਸ਼ਾ ਵਿਭਾਗ ਪੰਜਾਬ, ਜ਼ਿਲ੍ਹਾ ਹੁਸ਼ਿਆਰਪੁਰ ਪਹੁੰਚੇ।ਆਏ ਹੋਏ ਮਹਿਮਾਨਾਂ ਲਈ ਜੀ ਆਇਆਂ ਸ਼ਬਦ ਮੈਡਮ ਵੀਰਾਂਵਾਲੀ ਨੇ ਆਖੇ।ਸਕੂਲ ਦੀ ਸਲਾਨਾ ਰਿਪੋਰਟ ਮੈਡਮ ਬਬੀਤਾ ਰਾਣੀ ਨੇ ਪੜ੍ਹੀ। ਬੱਚਿਆਂ ਨੂੰ ਮੁਖ਼ਾਤਿਬ ਸ. ਹਰਦੇਵ ਸਿੰਘ ਆਸੀ ਨੇ ਕਿਹਾ ਕਿ ਡੱਟ ਕੇ ਕੀਤੀ ਹੋਈ ਮਿਹਨਤ ਹੀ ਜ਼ਿੰਦਗੀ ਦੀਆਂ ਮੰਜ਼ਿਲਾਂ ਸਰ ਕਰਨ ਵਿੱਚ ਮੱਦਦ ਕਰਦੀ ਹੈ। ਇੱਕ ਸਿਰਫ਼ ਪੜ੍ਹਾਈ ਹੀ ਅਜਿਹਾ ਗਹਿਣਾ ਹੈ ਜਿਸਨੂੰ ਕੋਈ ਵੀ ਚੁਰਾ ਨਹੀਂ ਸਕਦਾ। ਇਸ ਕਰਕੇ ਇਸ ਗਹਿਣੇ ਨੂੰ ਹੋਰ ਚਮਕਾਉਣ ਲਈ ਲਗਾਤਾਰ ਤਰੱਦਦ ਕਰਦੇ ਰਹੋ। ਡਾ. ਜਸਵੰਤ ਰਾਏ ਨੇ ਮਰਹੂਮ ਰਾਸ਼ਟਰਪਤੀ ਡਾ. ਕਲਾਮ ਦੀ ਉਦਾਹਰਣ ਦਿੰਦਿਆਂ ਬੱਚਿਆਂ ਨੂੰ ਹਰ ਮੁਸ਼ਕਲ ਤੋਂ ਪਾਰ ਜਾਣ ਦੀ ਤਾਕੀਦ ਕੀਤੀ।ਉਨ੍ਹਾਂ ਬੱਚਿਆਂ ਨੂੰ ਮਾਂ ਪਿਓ ਅਤੇ ਅਧਿਆਪਕਾਂ ਦਾ ਸਤਿਕਾਰ ਕਰਨ ਦੀ ਵੀ ਪ੍ਰੇਰਣਾ ਦਿੱਤੀ।

ਇਸ ਮੌਕੇ ਬੱਚਿਆਂ ਵਲੋਂ ਸ਼ਾਨਦਾਰ ਰੰਗਾਰੰਗ ਪ੍ਰੋਗ੍ਰਾਮ ਪੇਸ਼ ਕੀਤਾ ਗਿਆ।ਛੇਵੀਂ ਅਤੇ ਸੱਤਵੀਂ ਜਮਾਤ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਕਰਮਵਾਰ ਬਵਨਦੀਪ, ਪਰਮਿੰਦਰ ਸਿੰਘ, ਦੀਪਕ ਕੁਮਾਰ ਅਤੇ ਪਰਦੀਪ, ਵੰਸ਼ਿਕਾ, ਗੀਤਿਕਾ ਨੂੰ ਕਿਤਾਬਾਂ ਦੇ ਸੈੱਟ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਦੇ ਨਾਲ ਹੀ ਸਾਰਾ ਸਾਲ ਪੜ੍ਹਾਈ, ਖੇਡਾਂ, ਸਕੂਲ ਦੀ ਰੱਖ ਰਖਾਵ ਅਤੇ ਸਹਾਇਕ ਕਿਰਿਆਵਾਂ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਵਿਦਿਆਰਥੀ ਵੀ ਸਨਮਾਨਿਤ ਕੀਤੇ ਗਏ।ਸਕੂਲ ਸਟਾਫ਼ ਵਲੋਂ ਆਏ ਮਹਿਮਾਨਾਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਮੈਡਮ ਵਨੀਤਾ ਠਾਕੁਰ, ਓਮ ਪ੍ਰਕਾਸ਼, ਰਾਜਵਿੰਦਰ ਕੌਰ, ਗਗਨਦੀਪ ਕੌਰ, ਬੱਚਿਆਂ ਮਾਤਾ ਪਿਤਾ, ਪਤਵੰਤੇ ਅਤੇ ਸਕੂਲ ਵਿਦਿਆਰਥੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ**

# ਨਿੱਕੀਆਂ ਕਰੂੰਬਲਾਂ ਬਾਲ ਮਾਨਸਿਕਤਾ ਨੂੰ ਨਰੋਆ ਬਣਾਉਣ ਵਾਲਾ ਰਸਾਲਾ ਹੈ- ਡਾ. ਪਿਆਰੇ ਲਾਲ ਗਰਗ



**ਮਾਹਿਲਪੁਰ–** ਉੱਘੇ ਚਿੰਤਕ ਅਤੇ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ ਡਾਕਟਰ ਪਿਆਰੇ ਲਾਲ ਗਰਗ ਨੇ ਰਸਾਲਾ ਜਾਰੀ ਕਰਦਿਆਂ ਕਿਹਾ ਕਿ ਨਿੱਕੀਆਂ ਕਰੂੰਬਲਾਂ ਬਾਲ ਮਾਨਸਿਕਤਾ ਨੂੰ ਨਰੋਆ ਕਰਨ ਵਾਲਾ ਰਸਾਲਾ ਹੈ। ਉਹ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਦੇ ਰਿਲੀਜ਼ ਸਮਾਰੋਹ ਵਿੱਚ ਸੰਬੋਧਨ ਕਰ ਰਹੇ ਸਨ। ਉਨ੍ਹਾਂ ਅੱਗੇ ਕਿਹਾ ਕਿ ਪੂਰੇ ਪੰਜਾਬ ਵਿਚੋਂ ਪੰਜਾਬੀ ਵਿੱਚ ਲੰਬੇ ਸਮੇਂ ਤੋਂ ਛਪਣ ਵਾਲਾ ਇਹ ਇੱਕੋ ਇੱਕ ਬਾਲ ਰਸਾਲਾ ਹੈ। ਇਸ ਦੀ ਮਹਾਨਤਾ ਨੂੰ ਦੇਖਦਿਆਂ ਇੰਡੀਆ ਬੁੱਕ ਆਫ ਰਿਕਾਰਡ ਵਿੱਚ ਇਸ ਨੂੰ ਸ਼ਾਮਲ ਕੀਤਾ ਗਿਆ ਹੈ।ਜਿਹੜੇ ਵਿਦਿਆਰਥੀ ਇਸ ਰਸਾਲੇ ਦੇ ਪਾਠਕ ਹਨ ਉਹ ਉੱਚੀਆਂ ਮੰਜ਼ਲਾਂ ਪ੍ਰਾਪਤ ਕਰ ਰਹੇ ਹਨ। ਪ੍ਰਧਾਨਗੀ ਮੰਡਲ ਵਿਚ ਸ਼ਾਮਲ ਆਲ ਇੰਡੀਆ ਰੇਡੀਓ ਤੇ ਡਿਪਟੀ ਡਾਇਰੈਕਟਰ ਸੁਰਿੰਦਰ ਪਾਲ ਝੱਲ ਅਤੇ ਉੱਘੇ ਸ਼ਾਇਰ ਗੁਰਦਿਆਲ ਰੌਸ਼ਨ ਨੇ ਕਿਹਾ ਕੀ ਸਾਡੀਆਂ ਸਰਕਾਰਾਂ ਨੂੰ ਬਾਲ-ਸਾਹਿਤ ਦੀ ਲੋੜ ਨੂੰ ਪਛਨਣਾ ਚਾਹੀਦਾ ਹੈ ਅਜਿਹੇ ਰਸਾਲੇ ਹਰ ਸਰਕਾਰੀ ਤੇ ਗੈਰ ਸਰਕਾਰੀ ਸਕੂਲ ਵਿੱਚ ਪੁੱਜਣੇ ਚਾਹੀਦੇ ਹਨ। ਅਜਿਹਾ ਕਰਨ ਨਾਲ ਅਸੀਂ ਪੰਜਾਬ ਅਤੇ ਪੰਜਾਬੀਅਤ ਨੂੰ ਬਚਾ ਸਕਦੇ ਹਾਂ।ਸੰਤ ਬਾਬਾ ਹਰੀ ਸਿੰਘ ਖਾਲਸਾ ਕਾਲਜ ਆਫ਼ ਐਜੂਕੇਸ਼ਨ ਦੇ ਪ੍ਰਿੰਸੀਪਲ ਡਾਕਟਰ ਰੋਹਤਾਸ਼ ਨੇ ਕਿਹਾਂ ਕ ਸਾਡੇ ਅਧਿਆਪਕ ਬਣ ਰਹੇ ਵਿਦਿਆਰਥੀ ਵੀ ਇਸ ਰਸਾਲੇ ਨੂੰ ਉਚੇਚ ਨਾਲ ਪੜ੍ਹਦੇ ਹਨ। ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਮੀਤ ਪ੍ਰਧਾਨ ਵਿੰਗ ਕਮਾਂਡਰ ਹਰਦੇਵ ਸਿੰਘ ਢਿੱਲੋਂ ਨੇ ਕਿਹਾ ਕਿ ਉਨ੍ਹਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਮਾਹਿਲਪੁਰ ਤੋਂ ਬੱਚਿਆਂ ਲਈ ਛਪਣ ਬਾਲਾ ਰਸਾਲਾ ਨਿੱਕੀਆਂ ਕਰੂੰਬਲਾਂ ਪੂਰੀ ਦੁਨੀਆ ਵਿਚ ਪੜ੍ਹਿਆ ਜਾ ਰਿਹਾ ਹੈ। ਇਸ ਮੌਕੇ ਪ੍ਰੋ।ਵਿਕਰਮ ਚੰਦੇਲ, ਪ੍ਰੋਫ਼ੈਸਰ ਅਜੀਤ ਲੰਗੇਰੀ, ਐਕਸੀਅਨ ਪ੍ਰੇਮ ਪਾਲ ਡਾ।ਬਲਬੀਰ ਕੌਰ ਰੀਹਲ, ਪ੍ਰਿੰਸੀਪਲ ਮਨਜੀਤ ਕੌਰ, ਬੱਗਾ ਸਿੰਘ ਆਰਟਿਸਟ, ਸੁਖਮਨ ਸਿੰਘ, ਚੈਂਚਲ ਸਿੰਘ ਬੈਂਸ, ਹਰਵੀਰ ਮਾਨ,ਪੰਮੀ ਖੁਸ਼ਹਲਪੁਰੀ ਸਮੇਤ ਬਹੁਤ ਸਾਰੇ ਸਾਹਿਤ ਪ੍ਰੇਮੀ ਵਿਦਿਆਰਥੀ ਹਾਜ਼ਰ ਸਨ।

# ਉਘੇ ਸ਼ਾਇਰ ਪੰਮੀ ਖੁਸ਼ਹਾਲਪੁਰੀ ਨਹੀਂ ਰਹੇ, ਅੰਤਮ ਅਰਦਾਸ 9 ਅਪ੍ਰੈਲ ਨੂੰ ਹੋਵੇਗੀ



**ਮਾਹਿਲਪੁਰ–** ਬੀਤੇ ਦਿਨੀਂ ਉਘੇ ਸ਼ਾਇਰ ਪਰਮਜੀਤ ਪੰਮੀ ਖੁਸ਼ਹਾਲਪੁਰੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ।ਉਹ ਆਪਣੇ ਪਿੱਛੇ ਅਰਧਾਂਗਨੀ ਆਦਰਸ਼ ਰਾਣੀ, ਪੁੱਤਰ ਵਰਿੰਦਰ ਕੁਮਾਰ, ਬਹੂ ਅਨੀਤਾ ਰਾਜ ਅਤੇ ਪੋਤਰੀ ਆਸਥਾ ਨੂੰ ਛੱਡ ਗਏ। ਇਸ ਨਿੱਘੇ ਤੇ ਉੱਘੇ ਇਨਸਾਨ ਦਾ ਪੂਰੇ ਸਮਾਜ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਇਨਸਾਨੀ ਕਦਰਾਂ-ਕੀਮਤਾਂ ਦਾ ਇਹ ਪਹਿਰੇਦਾਰ ਹੁਣ ਸਾਹਿਤਕ ਮਹਿਫ਼ਲਾਂ ਵਿਚ ਕਦੀ ਨਜ਼ਰ ਨਹੀਂ ਆਵੇਗਾ। ਇਹ ਜਾਣਕਾਰੀ ਦਿੰਦਿਆਂ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਕਿਹਾ ਕਿ ਪੰਮੀ ਖੁਸ਼ਹਾਲਪੁਰੀ ਨਮਿਤ ਅੰਤਮ ਅਰਦਾਸ 9 ਅਪ੍ਰੈਲ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਮਾਹਿਲਪੁਰ ਵਿਖੇ ਬਾਅਦ ਦੁਪਹਿਰ ਇਕ ਵਜੇ ਹੋਵੇਗੀ।ਇਸ ਮੌਕੇ ਸਾਹਿਤਕ ਸਮਾਜਿਕ ਧਾਰਿਮਕ ਅਤੇ ਪੰਜਾਬ ਰੋਡਵੇਜ਼ ਨਾਲ ਸੰਬੰਧਤ ਸਖ਼ਸੀਅਤਾਂ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ।

# ਖੇਡਾਂ ਵਿਚ ਭਾਰਤੀ ਮੁਟਿਆਰਾਂ ਕਰ ਰਹੀਆਂ ਨੇ ਵਧੀਆ ਪ੍ਰਦਰਸ਼ਨ

ਭਾਰਤ ਵਿਚ ਔਰਤਾਂ ਦੀ ਮੁੱਕੇਬਾਜ਼ੀ ਦੀ ਖੇਡ ਮਨੀਪੁਰ ਦੀ ਐਮਸੀ ਮੈਰੀ ਕੋਮ ਦੀਆਂ ਕੌਮਾਂਤਰੀ ਟੂਰਨਾਮੈਂਟਾਂ ਵਿਚ ਜਿੱਤਾਂ ਕਾਰਨ ਲੋਕਾਂ ਦੇ ਧਿਆਨ ਦੇ ਕੇਂਦਰ ਵਿਚ ਰਹੀ ਹੈ। ਮੈਰੀ ਕੋਮ ਨੇ 2012 ਦੀਆਂ ਲੰਡਨ ਓਲੰਪਿਕ ਖੇਡਾਂ ਵਿਚ ਕਾਂਸੀ ਦੇ ਤਗਮੇ ਸਮੇਤ ਅੱਠ ਵਿਸ਼ਵ ਚੈਂਪੀਅਨਸ਼ਿਪ ਤਗ਼ਮੇ (ਛੇ ਸੋਨੇ ਸਮੇਤ) ਜਿੱਤੇ ਹਨ। ਉਸ ਦਾ ਸ਼ਾਨਦਾਰ ਪ੍ਰਦਰਸ਼ਨ ਹੋਰ ਮੁੱਕੇਬਾਜ਼ਾਂ ਮੁਟਿਆਰਾਂ ਨੂੰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕਰਦਾ ਰਿਹਾ ਹੈ। ਹਾਲ ਹੀ ਵਿਚ ਨਵੀਂ ਦਿੱਲੀ ਵਿਚ ਸਮਾਪਤ ਹੋਈ ਵਿਸ਼ਵ ਚੈਂਪੀਅਨਸ਼ਿਪ ਵਿਚ ਚਾਰ ਭਾਰਤੀ ਮੁੱਕੇਬਾਜ਼ਾਂ ਨੇ ਸੋਨੇ ਦੇ ਤਗਮੇ ਜਿੱਤੇ।



ਇਨ੍ਹਾਂ ਵਿਚ ਨਿਖ਼ਤ ਜ਼ਰੀਨ, ਲਵਲੀਨਾ ਬੋਰਗੋਹੇਨ, ਨੀਤੂ ਘੰਗਾਸ ਅਤੇ ਸਵੀਟੀ ਬੂਰਾ ਸ਼ਾਮਿਲ ਹਨ। ਨਿਖ਼ਤ ਨੇ ਮੈਰੀ ਕੋਮ ਵਾਂਗ ਦੋ ਵਾਰ ਵਿਸ਼ਵ ਖ਼ਿਤਾਬ ਜਿੱਤਣ ਦਾ ਮਾਣ ਹਾਸਿਲ ਕੀਤਾ; ਇਸ ਮੁਕਾਬਲੇ ਵਿਚ ਉਸ ਨੇ ਵੀਅਤਨਾਮ ਦੀ ਦੋ ਵਾਰ ਦੀ ਏਸ਼ੀਅਨ ਚੈਂਪੀਅਨ ਰਹੀ ਗੁਏਨ ਥੀ ਟਾਮ ਨੂੰ ਹਰਾਇਆ। ਟੋਕੀਓ ਓਲੰਪਿਕ ਦੀ ਕਾਂਸੀ ਤਗ਼ਮਾ ਜੇਤੂ ਲਵਲੀਨਾ ਨੇ ਆਸਟਰੇਲੀਆ ਦੀ ਕੇਟਲਨ ਪਾਰਕਰ ਨੂੰ ਹਰਾ ਕੇ ਆਪਣਾ ਪਹਿਲਾ ਵਿਸ਼ਵ ਖ਼ਿਤਾਬ ਜਿੱਤਿਆ। ਭਾਰਤ ਦੀਆਂ ਮਹਿਲਾ ਮੁੱਕੇਬਾਜ਼ਾਂ ਨੇ ਸੋਨ ਤਗ਼ਮਿਆਂ ਦੇ ਮਾਮਲੇ ਵਿਚ ਆਪਣੇ 2006 ਵਾਲੇ ਸਰਵੋਤਮ ਪ੍ਰਦਰਸ਼ਨ ਦੀ ਬਰਾਬਰੀ ਕੀਤੀ; ਉਨ੍ਹਾਂ ਨੇ ਉਸ ਵਿਸ਼ਵ ਚੈਂਪੀਅਨਸ਼ਿਪ (2006) ਵਿਚ ਵੀ ਚਾਰ ਮੈਡਲ ਜਿੱਤੇ ਸਨ।

ਨਿਖ਼ਤ ਅਤੇ ਲਵਲੀਨਾ ਇਸ ਸਾਲ ਸਤੰਬਰ-ਅਕਤੂਬਰ ਵਿਚ ਹਾਂਗਜ਼ੂ (ਚੀਨ) ਵਿਚ ਹੋਣ ਵਾਲੀਆਂ ਏਸ਼ਿਆਈ ਖੇਡਾਂ ਵਿਚ ਸੋਨੇ ਦੇ ਤਗ਼ਮੇ ਜਿੱਤਣ ਦੀਆਂ ਦਾਅਵੇਦਾਰ ਹੋਣਗੀਆਂ ਜਦੋਂਕਿ ਨੀਤੂ ਅਤੇ ਸਵੀਟੀ ਨੂੰ ਮੁਕਾਬਲੇ ਵਿਚ ਉਤਰਨ ਲਈ ਆਪੋ-ਆਪਣੇ ਭਾਰ ਵਰਗ ਵਿਚ ਬਦਲਾਅ ਕਰਨ ਦੀ ਲੋੜ ਹੈ। ਇਨ੍ਹਾਂ ਮੁੱਕੇਬਾਜ਼ਾਂ ਦੀਆਂ ਪ੍ਰਾਪਤੀਆਂ ਨੇ ਉਮੀਦ ਜਗਾਈ ਹੈ ਕਿ ਭਾਰਤ ਆਖ਼ਰਕਾਰ ਅਗਲੇ ਸਾਲ ਇਸ ਖੇਡ ਵਿਚ ਓਲੰਪਿਕ ਸੋਨ ਤਗ਼ਮਾ ਜਿੱਤੇਗਾ। ਇਹ ਖੁਸ਼ੀ ਦੀ ਗੱਲ ਹੈ ਕਿ ਮੁੱਕੇਬਾਜ਼ੀ ਅਤੇ ਕੁਸ਼ਤੀ ਕੁੜੀਆਂ ਵਿਚਕਾਰ ਪਸੰਦੀਦਾ ਖੇਡਾਂ ਬਣ ਗਈਆਂ ਹਨ ਹਾਲਾਂਕਿ, ਕ੍ਰਿਕਟ ਦਾ ਦਬਦਬਾ ਕਾਇਮ ਹੈ। ਭਾਰਤ ਦੀ ਔਰਤਾਂ ਦੀ ਹਾਕੀ ਟੀਮ ਵੀ ਚੰਗਾ ਪ੍ਰਦਰਸ਼ਨ ਕਰਦੀ ਰਹੀ ਹੈ। ਔਰਤ ਪਹਿਲਵਾਨਾਂ ਨੇ ਵੀ ਕੌਮਾਂਤਰੀ ਪੱਧਰ 'ਤੇ ਵੱਡੀਆਂ ਜਿੱਤਾਂ ਪ੍ਰਾਪਤ ਕੀਤੀਆਂ ਹਨ। ਬੈਡਮਿੰਟਨ ਦੀ ਖੇਡ ਵਿਚ ਭਾਰਤੀ ਖਿਡਾਰਨਾਂ ਨੇ ਵਿਸ਼ਵ ਪੱਧਰ 'ਤੇ ਆਪਣਾ ਸਿੱਕਾ ਜਮਾਇਆ ਹੈ। ਕੁਝ ਸਮਾਂ ਔਰਤ ਪਹਿਲਵਾਨਾਂ ਨੇ ਆਪਣੇ ਹੱਕਾਂ ਲਈ ਆਵਾਜ਼ ਉਠਾ ਕੇ ਇਹ ਦੱਸਿਆ ਸੀ ਕਿ ਉਹ ਆਪਣੇ ਮਾਣ-ਸਨਮਾਨ ਲਈ ਲੜ ਵੀ ਸਕਦੀਆਂ ਹਨ। ਸਪੱਸ਼ਟ ਤੌਰ 'ਤੇ ਦੇਸ਼ ਦੀਆਂ ਧੀਆਂ ਲਈ ਖੇਡਾਂ ਦੇ ਮੌਕਿਆਂ ਦੀ ਕੋਈ ਕਮੀ ਨਹੀਂ ਹੈ ਜਿਸ ਵਿਚ ਮੈਰੀ ਕੋਮ, ਸਾਨੀਆ ਮਿਰਜ਼ਾ, ਪੀਵੀ ਸਿੰਧੂ ਅਤੇ ਸਾਈਨਾ ਨੇਹਵਾਲ ਵਰਗੀਆਂ ਖਿਡਾਰਨਾਂ ਉਨ੍ਹਾਂ ਲਈ ਸਥਾਈ ਰੋਲ ਮਾਡਲ ਹਨ। ਕੇਂਦਰ ਅਤੇ ਰਾਜ ਸਰਕਾਰਾਂ ਦੀ ਸਹਾਇਤਾ ਦੇ ਨਾਲ-ਨਾਲ ਮਾਪਿਆਂ ਅਤੇ ਕੋਚਾਂ ਦੇ ਨਿਰੰਤਰ ਸਮਰਥਨ ਨਾਲ ਬਹੁਤ ਵੱਡਾ ਫ਼ਰਕ ਪੈ ਰਿਹਾ ਹੈ। ਔਰਤਾਂ ਦੀ ਬਰਾਬਰੀ ਇਕ ਵੱਡਾ ਮਸਲਾ ਹੈ ਅਤੇ ਖਿਡਾਰਨਾਂ ਦੀ ਸਫਲਤਾ ਔਰਤਾਂ ਵਿਚ ਵਿਸ਼ਵਾਸ ਤੇ ਉਤਸ਼ਾਹ ਪੈਦਾ ਕਰਦੀ ਹੈ।

# ਗੁਰਦੁਆਰਾ ਪ੍ਰਬੰਧਕਾਂ ਵਲੋਂ ਹਰਜਾਪ ਸਿੰਘ ਯੂਐਸਏ ਦਾ ਵਿਸ਼ੇਸ਼ ਸਨਮਾਨ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਉਸਮਾਨਪੁਰ ਸਥਿਤ ਗੁਰਦੁਆਰਾ ਸ਼੍ਰੀ ਸਿੰਘ ਸਭਾ ਵਿਖੇ ਗੁਰਦੁਆਰਾ ਪ੍ਰਧਾਨ ਹਰਮਿੰਦਰ ਸਿੰਘ ਦੀ ਅਗਵਾਈ ਹੇਠ ਉਘੇ ਦਾਨੀ ਸੱਜਣ ਅਤੇ ਸਫਲ ਕਾਰੋਬਾਰੀ ਬਲਬੀਰ ਸਿੰਘ ਉਸਮਾਨਪੁਰ ਯੂਐਸਏ ਸ਼ਿਆਟਲ ਦੇ ਛੋਟੇ ਭਰਾ ਹਰਜਾਪ ਸਿੰਘ ਯੂਐਸਏ ਦਾ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਕਾਰਜਾਂ ਲਈ 51 ਹਜਾਰ ਰੁਪਏ ਦੀ ਰਾਸ਼ੀ ਭੇਂਟ ਕਰਨ ਸਬੰਧੀ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਪ੍ਰਧਾਨ ਹਰਮਿੰਦਰ ਸਿੰਘ ਨੇ ਦੱਸਿਆ ਕਿ ਉਕਤ ਦਾਨੀ ਸੱਜਣ ਦੇ ਪਰਿਵਾਰ ਵਲੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸੋਲਰ ਸਿਸਟਮ ਪਲਾਂਟ ਲਗਵਾਉਣ ਵਾਸਤੇ 4 ਲੱਖ 30 ਹਜਾਰ ਰੁਪਏ ਦੀ ਰਾਸ਼ੀ ਦਾਨ ਕੀਤੀ ਗਈ ਸੀ। ਜਿਸ ਨਾਲ ਇਥੇ ਕਾਫੀ ਫਾਇਦਾ ਹੋਇਆ ਹੈ। ਇਸ ਮੌਕੇ ਦਾਨੀ ਸੱਜਣ ਹਰਜਾਪ ਸਿੰਘ ਯੂਐਸਏ ਨੇ ਕਿਹਾ ਕਿ ਹਰ ਮਨੁੱਖ ਨੂੰ ਆਪਣੇ ਦਸਵੰਧ ਵਿਚੋਂ ਹਮੇਸ਼ਾ ਦਾਨ ਕਰਦੇ ਰਹਿਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਮਨ ਨੂੰ ਸਕੂਨ ਮਿਲਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਭਵਿੱਖ ਵਿਚ ਵੀ ਸਮਾਜ ਸੇਵਾ ਦੇ ਕਾਰਜ ਇੰਝ ਹੀ ਜਾਰੀ ਰੱਖੇਗਾ। ਇਸ ਮੌਕੇ ਕੈਪਟਨ ਮੱਖਣ ਸਿੰਘ, ਅਜੈਬ ਸਿੰਘ ਸਾਬਕਾ ਸਰਪੰਚ, ਪਰਮਜੀਤ ਸਿੰਘ, ਮਾ: ਕੇਵਲ ਸਿੰਘ, ਦਰਬਾਰਾ ਸਿੰਘ, ਸਰਬਜੀਤ ਸਿੰਘ ਆਦਿ ਵੀ ਹਾਜਰ ਸਨ।

# ਭਾਜਪਾ ਆਗੂ ਬੱਗਾ ਦੇ 'ਵਾਹਿਗੁਰੂ' ਵਾਲੇ ਟਵੀਟ 'ਤੇ ਛਿੜਿਆ ਵਿਵਾਦ



**ਨਵੀਂ ਦਿੱਲੀ–** 'ਵਾਹਿਗੁਰੂ' ਦੇ ਅਰਥ ਨੂੰ ਲੈ ਕੇ ਖ਼ਬਰ ਸਾਹਮਣੇ ਆਈ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਆਗੂ ਤਜਿੰਦਰ ਪਾਲ ਬੱਗਾ ਦੇ 'ਵਾਹਿਗੁਰੂ' ਵਾਲੇ ਟਵੀਟ 'ਤੇ ਵਿਵਾਦ ਖੜ੍ਹਾ ਹੋ ਗਿਆ ਹੈ। ਬੱਗਾ ਨੇ ਟਵਿੱਟਰ 'ਤੇ ਲਿਖਿਆ,"ਭਾਰਤ ਅਤੇ ਹਿੰਦੂ ਦੇਵੀ/ਦੇਵਤਿਆਂ ਨੂੰ ਗਾਲ੍ਹਾਂ ਕੱਢਣ ਵਾਲੇ ਖਾਲਿਸਤਾਨੀ ਸਿੱਖ ਧਰਮ ਨੂੰ ਵੀ ਗਾਲ੍ਹਾਂ ਕੱਢ ਰਹੇ ਹਨ। ਉਹ ਵਾਹਿਗੁਰੂ ਦਾ ਅਰਥ ਨਹੀਂ ਜਾਣਦੇ।" ਨਾਲ ਹੀ ਉਨ੍ਹਾਂ ਨੇ ਵਾਹਿਗੁਰੂ ਦੇ ਅਰਥ ਵਿਸ਼ਨੂੰ, ਕ੍ਰਿਸ਼ਨਾ ਨਾਲ ਜੋੜ ਕੇ ਲਿਖੇ ਹਨ। ਦਿੱਲੀ ਘੱਟ ਗਿਣਤੀ ਕਮਿਸ਼ਨ ਨੇ ਟਵੀਟ 'ਤੇ ਨੋਟਿਸ ਲੈਂਦੇ ਹੋਏ ਬੱਗਾ ਦੇ 28 ਮਾਰਚ ਦੇ ਟਵੀਟ ਨੂੰ ਵਿਵਾਦਿਤ ਮੰਨਿਆ ਹੈ ਅਤੇ ਕਿਹਾ ਹੈ,"ਵਾਹਿਗੁਰੂ 'ਤੇ ਕੀਤੀ ਗਈ ਟਿੱਪਣੀ ਇਤਰਾਜ਼ਯੋਗ ਅਤੇ ਸਿੱਖ/ਸਿੱਖ ਨੈਤਿਕਤਾ ਖ਼ਿਲਾਫ਼ ਲੱਗਦੀ ਹੈ।"

ਕਮਿਸ਼ਨ ਤੋਂ ਪ੍ਰਾਪਤ ਵੇਰਵੇ ਅਨੁਸਾਰ ਸਿੱਖ ਮੈਂਬਰ ਐਸ ਅਜੀਤਪਾਲ ਸਿੰਘ ਬਿੰਦਰਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਪ੍ਰਧਾਨ ਐਸ ਜਸਪ੍ਰੀਤ ਸਿੰਘ ਕਰਮਸਰ ਨੂੰ ਪੱਤਰ ਲਿਖਿਆ ਸੀ। ਜਿਸ ਨਾਲ ਉਨ੍ਹਾਂ ਨੇ ਵਿਵਾਦਿਤ ਟਵੀਟ ਦੀ ਇਕ ਕਾਪੀ ਵੀ ਜੋੜੀ ਹੈ। ਐਸ ਬਿੰਦਰਾ ਨੇ ਕਿਹਾ ਕਿ ਜੇਕਰ ਟਵੀਟ (ਵਾਹਿਗੁਰੂ ਦਾ ਮਤਲਬ) ਸਿੱਖਾਂ ਵਿਰੁੱਧ ਹੈ ਤਾਂ ਬੱਗਾਂ ਖ਼ਿਲਾਫ਼ ਜ਼ਰੂਰੀ ਕਾਰਵਾਈ ਕੀਤੀ ਜਾਵੇਗੀ। ਕਮਿਸ਼ਨ ਨੇ ਅਪੀਲ ਕੀਤੀ ਗਈ ਹੈ ਕਿ ਉਹ ਸਿੱਖ ਮਾਪਦੰਡਾਂ ਅਨੁਸਾਰ 'ਵਾਹਿਗੁਰੂ' ਸ਼ਬਦ ਦਾ ਅਰਥ ਸਪੱਸ਼ਟ ਕਰੇ ਅਤੇ ਕਮਿਸ਼ਨ ਨੂੰ 2 ਦਿਨਾਂ ਅੰਦਰ ਆਪਣਾ ਜਵਾਬ ਭੇਜਣ ਨੂੰ ਕਿਹਾ ਹੈ।

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਡਾਕਟਰ ਅੰਬੇਡਕਰ ਦੀਆਂ ਉਪਲੱਬਧੀਆਂ ਨੂੰ ਮੂਰਖ ਬਣਕੇ ਨਾ ਗਵਾਓ



ਸਤਨਾਮ ਸਿੰਘ ਸਹੂੰਗੜਾ
91- 94170-71532

ਅੱਜ ਗੱਲ ਕਰਾਂਗੇ ਭਾਰਤੀ ਰਿਜਰਵ ਬੈਂਕ ਦੀ ਸਥਾਪਨਾ ਦੀ ਜੋ ਕਿ (ਭਾਰਤੀ ਰਿਜਰਵ ਬੈਂਕ) ਭਾਰਤ ਦਾ ਕੇਂਦਰੀ ਬੈਂਕ ਹੈ। ਇਹ ਭਾਰਤ ਦੇਸ਼ ਵਿੱਚ ਚੱਲ ਰਹੇ ਸਾਰੇ ਬੈਂਕਾ ਦਾ ਕਰਤਾ-ਧਰਤਾ ਤਾਂ ਹੈ ਹੀ ਕੋਈ ਵੀ ਬੈਂਕ ਇਸ ਦੀ ਲਿਖਤੀ ਮਨਜੂਰੀ ਤੋਂ ਬਿਨ੍ਹਾਂ ਨਾ ਨਵਾਂ ਖੋਲਿਆ ਜਾ ਸਕਦਾ ਹੈ ਤੇ ਨਾ ਆਪਣੀ ਮਰਜੀ ਨਾਲ ਪੱਕੇ ਤੌਰ ਤੇ ਮਨਜੂਰੀ ਤੋਂ ਬਿਨ੍ਹਾਂ ਬੈਂਕ ਬੰਦ ਕਰ ਸਕਦਾ ਹੈ। ਸਾਰੇ ਭਾਰਤ ਦੀ ਅਸਲ ਆਰਥਿਕਤਾ ਨੂੰ ਵੀ ਭਾਰਤੀ ਰਿਜਰਵ ਬੈਂਕ ਹੀ ਕੰਟਰੋਲ ਕਰਦਾ ਹੈ। ਇਹ ਭਾਰਤੀ ਰਿਜਰਵ ਬੈਂਕ ਐਕਟ ਦੇ 1934 ਦੇ ਅਨੁਸਾਰ 1 ਅਪ੍ਰੈਲ 1935 ਨੂੰ ਸਥਾਪਿਤ ਕੀਤਾ ਗਿਆ ਸੀ। ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ ਭਾਰਤੀ ਰਿਜਰਵ ਬੈਂਕ ਦੀ ਸਥਾਪਨਾ ਵਿੱਚ ਬਹੁਤ ਹੀ ਸਲਾਹੁਣਯੋਗ ਤੇ ਉੱਚ ਪਾਏ ਦੀ ਭੂਮਿਕਾ ਨਿਭਾਈ ਹੈ। ਭਾਰਤੀ ਰਿਜਰਵ ਬੈਂਕ ਦੀ ਸਥਾਪਨਾ ਉਹਨਾਂ ਦੁਆਰਾ ਪ੍ਰਦਾਨ ਕੀਤੇ ਗਏ ਦਿਸ਼ਾ-ਨਿਰਦੇਸ਼ ਹੇਠ ਜਾਂ ਨਿਰਦੇਸ਼ਕ ਸਿਧਾਂਤਾ ਦੇ ਅਧਾਰ ਤੇ ਹੀ ਕੀਤੀ ਗਈ ਸੀ।

ਬੈਂਕ ਦੀ ਕਾਰਜਸ਼ੈਲੀ ਤੇ ਇਸ ਦੀ ਬਣਤਰ ਤੋਂ ਲੈ ਕੇ ਦਿਸ਼ਾ-ਨਿਰਦੇਸ਼ ਸੰਬੰਧੀ ਬਾਬਾ ਸਾਹਿਬ ਜੀ ਨੇ "ਹਿਲਟਨ ਯੰਗ ਕਮਿਸ਼ਨ" ਦੇ ਸਾਹਮਣੇ ਰੱਖਿਆ ਸੀ। ਜਦੋਂ ਇਹ ਕਮਿਸ਼ਨ 1926 ਵਿੱਚ "ਰਾਇਲ ਕਮਿਸ਼ਨ ਆਨ ਇੰਡੀਅਨ ਕਰੰਸੀ ਐਂਡ ਫਾਈਨਾਂਸ" ਦੇ ਨਾਮ ਨਾਲ ਭਾਰਤ ਵਿੱਚ ਆਇਆ ਤਾਂ ਇਸ ਦੇ ਸਾਰੇ ਮੈਂਬਰਾਂ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੁਆਰਾ ਲਿਖੀ ਕਿਤਾਬ "ਦ ਪ੍ਰੋਬਲਮ ਆਫ ਦ ਰੁਪੀ-ਇਟਸ ਓਰਿਜਿਨ ਐਂਡ ਇਟਸ ਸੋਲਿਊਸ਼ਨ" ਪੜ੍ਹ ਕੇ ਇਸ ਦੀ ਜੋਰਦਾਰ ਵਕਾਲਤ ਕੀਤੀ ਤੇ ਇਸ ਦਾ ਸਮਰਥਨ ਵੀ ਕੀਤਾ।

ਬਾਅਦ ਵਿੱਚ ਅੰਗਰੇਜਾਂ ਦੀ ਵਿਧਾਨ ਸਭਾ ਨੇ ਬਾਬਾ ਸਾਹਿਬ ਜੀ ਦੀ ਕੀਤੀ ਵਕਾਲਤ ਨੂੰ ਪੱਕੇ ਤੌਰ ਤੇ ਲਾਗੂ ਕਰਨ ਲਈ ਕਾਨੂੰਨ ਦਾ ਰੂਪ ਦੇ ਦਿੱਤਾ ਅਤੇ ਇਸ ਨੂੰ ਭਾਰਤੀ ਰਿਜਰਵ ਬੈਂਕ ਐਕਟ 1934 ਦਾ ਨਾਮ ਦਿੱਤਾ ਗਿਆ। ਸ਼ੁਰੂ ਸ਼ੁਰੂ ਵਿੱਚ ਇਸ ਦੇ ਕੇਂਦਰੀ ਦਫ਼ਤਰ ਦੀ ਵੀ ਜਰੂਰਤ ਸੀ ਜੋ ਇਸ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਹਾਇਕ ਬਣਦਾ।ਇਸ ਨੂੰ ਧਿਆਨ ਵਿੱਚ ਰੱਖਦਿਆ ਮੁੱਖ ਦਫ਼ਤਰ ਕਲਕੱਤਾ ਵਿਖੇ ਖੋਲਿਆ ਗਿਆ। ਬਾਅਦ ਵਿੱਚ ਸਮੇਂ ਦੀ ਹਕੂਮਤ ਵਲੋਂ ਇਸ ਦਫਤਰ ਨੂੰ ਬਦਲ ਕੇ 1937 ਨੂੰ ਬੰਬਈ ਵਿੱਚ ਬਦਲ ਦਿੱਤਾ ਗਿਆ ਸੀ।

ਪਹਿਲਾਂ-ਪਹਿਲ ਇਹ ਇਕ ਨਿੱਜੀ ਬੈਂਕ ਹੀ ਸੀ। ਪਰ 1946 ਤੋਂ ਬਾਅਦ ਵਿੱਚ ਇਹ ਭਾਰਤ ਸਰਕਾਰ ਦਾ ਇੱਕ ਬਹੁਤ ਹੀ ਅਹਿਮ ਤੇ ਜਰੂਰਤਮੰਦ ਅਦਾਰਾ ਬਣ ਗਿਆ।

ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੁਆਰਾ ਦੇਸ਼ ਹਿੱਤ ਤੇ ਆਪਣੇ ਮੂਲਵਾਸੀ ਗਰੀਬ ਸਮਾਜ ਹਿੱਤ ਅਣਗਿਣਤ ਅਜਿਹੇ ਇਤਿਹਾਸਕ ਕੰਮ ਹਨ। ਜੋ ਮੌਕੇ-ਮੌਕੇ ਦੀਆਂ ਸਰਕਾਰਾਂ ਨੇ ਲੋਕਾਂ ਦੇ ਵਿੱਚ ਬਾਬਾ ਸਾਹਿਬ ਦੀ ਉਪਲੱਬਧੀ ਦੇ ਤੌਰ ਤੇ ਜਾਣ ਹੀ ਨਹੀਂ ਦਿੱਤੇ। ਜੋ ਕੁੱਝ ਲੋਕਾਂ ਵਿੱਚ ਚਲੇ ਵੀ ਗਏ ਤਾਂ ਉਹਨਾਂ ਨੂੰ ਮਨੂੰਵਾਦੀਆਂ ਨੇ ਆਪਣੀ ਨਫਰਤ ਦੀ ਨੋਕ ਵਾਲੀ ਪੁੱਠ ਦੇ ਕੇ ਅੱਗੇ ਰੱਖ ਕੇ ਅਜਿਹੇ ਢੰਗ ਨਾਲ ਦੱਸਿਆ ਕਿ ਆਮ ਜਨਤਾ ਨੇ ਉਸ ਤੋਂ ਮੂੰਹ ਘੁਮਾ ਕੇ ਦੂਰ ਰਹਿਣਾ ਹੀ ਠੀਕ ਸਮਝਿਆ। ਅਨਪੜ੍ਹ ਵਰਗ ਨਾ ਸ਼ੈਤਾਨ ਲੋਕਾਂ ਦੀਆਂ ਸ਼ੈਤਾਨੀ ਭਰੀਆਂ ਚਾਲਾਂ ਨੂੰ ਸਮਝ ਸਕਿਆ ਤੇ ਨਾ ਕਦੀ ਸਮਝਣ ਦੀ ਜੁਰਅੱਤ ਕੀਤੀ। ਜੇ ਕਿਸੇ ਨੇ ਅਜਿਹੀ ਜੁਰਅੱਤ ਕੀਤੀ ਤਾਂ ਉਹ ਸਮਾਜ ਦਾ ਖੱਦਰ ਬਣਾ ਧਰਿਆ ਤੇ ਮੂਲਵਾਸੀ ਵਰਗ 'ਚ ਉਹ ਨਫਰਤ ਦਾ ਸ਼ਿਕਾਰ ਹੀ ਰਿਹਾ।




ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਬਦੌਲਤ ਹੀ ਭਾਰਤ ਵਿੱਚ ਕਾਨੂੰਨੀ, ਵਿਦਿਅਕ ਢਾਂਚਾ ਤੇ ਰਾਜਨੀਤਕ ਢਾਂਚਾ ਖੜਾ ਹੋ ਸਕਿਆ ਹੈ। ਨਫਰਤ ਕਰਨ ਵਾਲੇ ਲੋਕ ਤਾਂ ਬਾਬਾ ਸਾਹਿਬ ਜੀ ਦੇ ਬਰਾਬਰ ਵਿੱਦਿਆ ਹਾਸਲ ਨਾ ਕਰ ਸਕੇ। ਫਿਰ ਉਹ ਇਹ ਕਿਵੇਂ ਬਰਦਾਸ਼ਤ ਕਰ ਲੈਂਦੇ ਕਿ ਭਾਰਤ ਵਿੱਚ ਸਦੀਆਂ ਤੋਂ ਅਛੂਤ ਮੰਨਿਆ ਤੇ ਦੁਰਕਾਰਿਆ ਗਿਆ ਵਰਗ ਦਾ ਇਕ ਅਛੂਤ ਬਾਲਮੀਕ ਉਹਨਾਂ ਦੀ ਸੋਚ ਤੋਂ ਪਰ੍ਹੇ ਹੋ ਕੇ ਉੱਚੀ ਸੋਚ ਰੱਖ ਕੇ ਅਜਿਹਾ ਕੰਮ ਕਰੇ ਜੋ ਮਨੂੰਵਾਦੀਆਂ ਦੇ ਚਿੱਤ ਚੇਤਿਆਂ 'ਚ ਵੀ ਨਹੀਂ ਸੀ। ਉਹਨਾਂ ਬਾਬਾ ਸਾਹਿਬ ਜੀ ਦੀਆਂ ਕੀਤੀਆਂ ਕੁਰਬਾਨੀਆਂ ਦਾ ਮੁੱਲ ਤਾਂ ਕੀ ਪਾਉਣਾ ਸੀ ਸਗੋਂ ਹਰ ਰਾਹ ਵਿੱਚ ਅੱਗੇ ਤੋਂ ਅੱਗੇ ਕੰਡੇ ਬੀਜਦੇ ਤੁਰਦੇ ਰਹੇ। ਇਸੇ ਕੜੀ ਵਿਚ ਬਣਾਏ ਭਾਰਤੀ ਰਿਜਰਵ ਬੈਂਕ ਐਕਟ ਨੇ ਤੇ ਕੀਤੀ ਸਥਾਪਨਾ ਨੇ ਪੂਰੇ ਭਾਰਤ ਵਿੱਚ ਦੇਸ਼ ਲਈ ਇਕ ਵਿਲੱਖਣ ਤੇ ਮਜਬੂਤ ਥੰਮ੍ਹ ਦਾ ਕੰਮ ਕੀਤਾ। ਜੋ ਅੱਜ ਸਾਰੇ ਦੇਸ਼ ਦਾ ਇਕ ਓਤ ਜਰੂਰੀ ਅੰਗ ਦੇ ਵਜੋਂ ਕੰਮ ਕਰ ਰਿਹਾ ਹੈ। ਭਾਰਤ ਦੇਸ਼ ਲਈ ਕੀਤੀਆਂ ਇਹਨਾਂ ਕੁਰਬਾਨੀਆਂ ਨਾਲ ਬਣਾਈਆਂ ਨੀਹਾਂ ਵਿੱਚ ਅੱਜ ਭਾਰਤ ਪੂਰੀ ਦੁਨੀਆਂ ਵਿੱਚ ਇੱਕ




ਬਹੁਤ ਹੀ ਜਬਰਦਸਤ ਤੇ ਮਜਬੂਤ ਸਥਿਤੀ ਵਿੱਚ ਪਹੁੰਚ ਗਿਆ ਹੈ। ਜੋ ਦੁਨੀਆਂ ਭਰ ਵਿੱਚ ਇੱਕ ਵਿਲੱਖਣ ਪਛਾਣ ਰੱਖਦਾ ਹੈ।

ਅੱਜ ਦਾ ਦੋਗਲਾ ਤੇ ਕਿਰਦਾਰ ਪੱਖੋਂ ਅੱਤ ਦਰਜੇ ਹੇਠਾਂ ਗਿਰਿਆ ਹੋਇਆ ਮਨੂੰਵਾਦੀ ਮੀਡੀਆ ਪਿਉ-ਦਾਦੇ ਵਾਲਾ ਜੋਰ ਲਗਾ ਕੇ ਹਰ ਸਮੇਂ ਇਹ ਹੀ ਕੋਸ਼ਿਸ਼ ਕਰ ਰਿਹਾ ਹੈ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੁਆਰਾ ਕੀਤੇ ਅਨੇਕਾਂ ਇਤਿਹਾਸਕ ਕੰਮਾਂ ਨੂੰ ਜਮੀਨ ਦੀ ਗਹਿਰਾਈ ਤੱਕ ਦਫਨ ਕਰਕੇ ਉਸ ਉਪਰ ਮਨੂੰਵਾਦ ਦਾ ਲੇਬਲ ਕਿਵੇਂ ਲਗਾਉਣਾ ਹੈ। ਪਰ ਇਹਨਾਂ ਹੋਛੀਆਂ ਤੇ ਕਮੀਨਗੀ ਭਰੀਆਂ ਹਰਕਤਾਂ ਕਾਰਨ ਉਹ ਕਦੇ ਵੀ ਸਫਲ ਨਹੀਂ ਹੋ ਪਾਉਂਦਾ। ਪਿਛਲੇ ਸਮਿਆਂ 'ਚ ਜਿਹਨਾਂ ਲੋਕਾਂ ਨੂੰ ਪੜਨ ਲਿਖਣ ਨਹੀਂ ਦਿੱਤਾ ਜਾਂਦਾ ਸੀ ਅੱਜ ਉਹ ਡਿਗਰੀਆਂ ਦੇ ਮਾਲਕ ਬਣ ਗਏ ਤੇ ਆਪਣੇ ਸਮਾਜ ਨੂੰ ਜਾਗਰੂਕ ਕਰਨ ਵਿੱਚ ਹਿੱਸਾ ਪਾ ਰਹੇ ਹਨ, ਅਤੇ ਦੁਸ਼ਮਣ ਦੀਆਂ ਲੂੰਬੜ ਚਾਲਾਂ ਨੂੰ ਸਮਝ ਕੇ ਹਰ ਥਾਂ ਮੁਕਾਬਲਾ ਦੇ ਕੇ ਉਸ ਦਾ ਮੂੰਹ ਮੋੜ ਰਹੇ ਹਨ। ਜੋ ਪਹਿਲਾ ਅਛੂਤ ਵਰਗ ਨਹੀਂ ਸੀ ਕਰ ਪਾ ਰਿਹਾ ਉਹ ਹੁਣ ਆਪ ਕਰ ਰਹੇ ਹਨ।

ਮੂਲਵਾਸੀ ਗਰੀਬ ਸਮਾਜ ਲਈ ਅਪ੍ਰੈਲ ਮਹੀਨੇ ਦਾ ਬਹੁਤ ਉਚ ਦਰਜੇ ਦਾ ਮਹੱਤਵ ਹੈ। ਇਸ ਮਹੀਨੇ ਵਿੱਚ ਬਹੁਜਨ ਮਹਾਂਪੁਰਸ਼ਾਂ ਦੇ ਅਨੇਕਾਂ ਜੈਅੰਤੀਆਂ ਤੇ ਇਤਿਹਾਸਕ ਦਿਹਾੜੇ ਆਉਂਦੇ ਹਨ ਜੋ ਉਹ ਬਰਦਾਸ਼ਤ ਨਹੀਂ ਕਰ ਪਾ ਰਹੇ ਜਾਂ ਪਚਾ ਨਹੀਂ ਪਾ ਰਹੇ।ਇਸ ਲਈ ਉਹਨਾਂ ਅਪ੍ਰੈਲ ਮਹੀਨੇ ਦੇ 1 ਤਾਰੀਖ ਵਾਲੇ ਦਿਨ ਨੂੰ ਪੂਰੇ ਭਾਰਤ ਵਿੱਚ ਮੂਰਖਾਂ ਦੇ ਦਿਨ ਦਾ ਢਿੰਡੋਰਾ ਪਿੱਟ-ਪਿੱਟ ਕੇ ਲੋਕਾਂ ਵਿੱਚ "ਮੂਰਤੀਆਂ ਦਾ ਦਿਨ" ਪੱਕਾ ਕਰ ਦਿੱਤਾ ਹੈ। ਜੋ ਇਤਿਹਾਸਕ ਤੌਰ ਤੇ ਕੋਰੀਆਂ ਕਲਪਨਾਵਾਂ ਤੇ ਅਧਾਰ ਤੇ ਘਾੜਤਾਂ ਘੜ ਕੇ ਸਿਰਫ ਬਾਬਾ ਸਾਹਿਬ ਜੀ ਦੀ ਵਗ ਰਹੀ ਵਾ ਨੂੰ ਰੋਕਣ ਦਾ ਕੋਝਾ ਯਤਨ ਤੇ ਜਾਂ ਛੁਪਿਆ ਮਨੋਰਥ ਹੀ ਕਹਿ ਸਕਦੇ ਹਾ। ਅੱਜ ਦੇ ਜਮਾਨੇ 'ਚ ਜਿਸ ਨਾਲ ਉਹ ਸਿਰਫ ਆਪ ਮੂਰਖ ਬਣ ਕੇ ਦੂਸਰਿਆਂ ਨੂੰ ਵੀ ਮੂਰਖ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ। ਜਿਸ ਦੇਸ਼ ਵਿੱਚ ਸਭ ਸਹੂਲਤਾਂ ਮਾਣ ਰਹੇ ਮਨੂੰਵਾਦੀ ਵਰਗ ਤੋਂ ਛੁੱਟ ਕੋਈ ਹੋਰ ਅਜਿਹਾ ਕੀਰਤੀਮਾਨ ਸਥਾਪਿਤ ਕਰ ਦੇਵੇ ਉਸ ਨੂੰ ਪਚਾਉਣਾ ਬਹੁਤ ਔਖਾ ਹੈ।ਉਸ ਦੀ ਦਿਸ਼ਾ ਨੂੰ ਉਲਝਾਉਣ ਲਈ ਸਿਰਫ ਕਹਾਣੀਆਂ ਹੀ ਘੜੀਆਂ ਜਾ ਸਕਦੀਆਂ ਨੇ ਉਸ ਨੂੰ ਝੁਠਲਾਇਆ ਨਹੀਂ ਜਾ ਸਕਦਾ।

ਜਿਸ ਸਮਾਜ ਨੂੰ ਸਦੀਆਂ ਤੱਕ ਗੁਲਾਮ ਰੱਖਿਆ ਹੋਵੇ, ਪੜਨ ਲਿਖਣ ਨਾ ਦਿੱਤਾ ਹੋਵੇ, ਮੁਕਾਬਲਾ ਕਰਨ ਦੇ ਸਾਰੇ ਹੱਕ ਅੰਗੂਠਾ ਕੱਟ ਕੇ ਖੋਹੇ ਜਾਂਦੇ ਹੋਣ, ਪਾਟੀਆਂ ਲੀਰਾਂ ਨਾਲ ਜਿੰਦਗੀ 'ਚ ਗੁਜਾਰਾ ਕੀਤਾ ਹੋਵੇ, ਸੁਣਨ ਤੇ ਕੰਨਾਂ ਵਿੱਚ ਪਿਘਲਿਆ ਸ਼ੀਸ਼ਾ ਪਾਇਆ ਜਾਂਦਾ ਹੋਵੇ, ਰੱਬੀ ਇਲਾਹੀ ਬਾਣੀ ਬੋਲਣ ਤੇ ਜੀਭ ਕੱਟ ਦਿੱਤੀ ਜਾਂਦੀ ਹੋਵੇ, ਗਰੀਬ ਦੀ ਧੀ ਨੂੰ ਹਰ ਵੇਲੇ ਰਖੇਲ ਸਮਝਿਆ ਜਾਂਦਾ ਹੋਵੇ, ਆਪਣੇ ਬੱਚਿਆਂ ਦਾ ਢਿੱਡ ਭਰਨ ਖਾਤਰ ਜੂਠਾ ਖਾ ਕੇ ਗੁਜਾਰਾ ਕਰਿਆ ਹੋਵੇ, ਉੱਚ ਜਾਤੀਆਂ ਦੇ ਘਰ ਅੱਗਿਓ ਲੰਘਣ ਵੇਲੇ ਪੈਰਾਂ 'ਚ ਪਾਈ ਜੁੱਤੀ ਖੋਲ ਕੇ ਹੱਥੀ ਫੜ ਕੇ ਜਾਣ ਵਾਲੇ, ਮੁਕਾਬਲਿਆਂ 'ਚ ਪਹਿਲੇ ਥਾਂ ਆਉਣ ਤੇ ਵੀ ਜਲੀਲ ਹੋਣਾ ਪਵੇ ਜਾਂ ਮੌਕਾ ਹੀ ਨਾਂ ਦਿੱਤਾ ਜਾਣ ਵਾਲੇ ਲੋਕ, ਛੂਹਣ ਨਾਲ ਪਾਣੀ ਦਾ ਭਰਿਆ ਘੜਾ ਭਿੱਟ ਹੋ ਜਾਵੇ, ਬਲੈਕਬੋਰਡ ਤੇ ਅਛੂਤ ਦੇ ਲਿਖਣ ਸਮੇਂ ਉਚ ਜਾਤੀ ਬੱਚਿਆਂ ਨੂੰ ਰੋਟੀ ਵਾਲੇ ਡੱਬੇ ਚੁੱਕਣੇ ਪੈਣ ਮਤਲਬ ਕੀ ਹਰ ਥਾਂ ਮੁਕਾਬਲੇ ਤੋਂ ਹਾਸ਼ੀਏ ਤੋਂ ਵੀ ਬਾਹਰ ਕੀਤੇ ਲੋਕ ਅਗਰ ਇੰਨੇ ਝੱਖਣ ਝੁੱਲ ਜਾਣ ਤੋਂ ਬਾਅਦ ਵੀ ਕੋਈ ਮਾਰਕੇ ਵਾਲਾ ਕਮਾਲ ਕਰ ਦੇਣ ਫਿਰ ਤਾਂ ਪਚਾਉਣਾ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ।

ਇਸ ਕਰਕੇ ਜੋ ਉਪਰ ਲਿਖੀਆ ਮੁਸੀਬਤਾਂ ਝੱਲ ਕੇ, ਰੋਣਹਾਕਾ ਹੋ ਕੇ ਵੀ ਸਮਾਜ ਨੂੰ ਬਿਨ੍ਹਾ ਖੂਨ-ਪਸੀਨਾ ਬਹਾਏ ਕੁਝ ਦੇ ਗਿਆ ਹੋਵੇ ਤਾਂ ਦੁਨੀਆ ਭਰ ਵਿੱਚ ਕੋਈ ਹੋਰ ਮਾਂ ਦਾ ਲਾਲ ਤਾਂ ਨਹੀਂ ਅਛੂਤ ਮਾਂ ਦਾ ਜੰਮਿਆ ਸਿਰਫ ਕਰੋੜਾਂ ਲੋਕਾਂ ਦਾ ਮਸੀਹਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਹੀ ਹੋ ਸਕਦਾ ਹੈ। ਇਸ ਲਈ ਭਾਰਤ ਦੇ ਮੂਲਵਾਸੀਆਂ ਨੂੰ ਇਸ ਹਰ ਸਾਲ ਅਪ੍ਰੈਲ ਮਹੀਨੇ ਨੂੰ 1 ਤਾਰੀਖ ਤੋਂ ਸ਼ੁਰੂ ਕਰਕੇ ਹਰ ਦਿਨ ਨੂੰ ਉਤਸ਼ਾਹ ਦੇ ਨਾਲ ਮਨਾਉਣਾ ਚਾਹੀਦਾ ਹੈ ਨਾਂ ਕਿ ਮਨੂੰਵਾਦੀਆਂ ਦੇ ਹੱਥਠੋਕੇ ਬਣਕੇ ਅਪ੍ਰੈਲ ਫੂਲ ਮੰਨ ਕੇ।

**12 ਅਪ੍ਰੈਲ ਲਈ**

# ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ : ਕਾਮਰੇਡ ਤੇਜਾ ਸਿੰਘ ਸੁਤੰਤਰ

ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ ਕਾਮਰੇਡ ਤੇਜਾ ਸਿੰਘ ਸੁੰਤਤਰ ਜੀ ਦਾ ਜਨਮ ਸ। ਕ੍ਰਿਪਾਲ ਸਿੰਘ ਉਰਫ ਦੇਸਾ ਸਿੰਘ ਦੇ ਗ੍ਰਹਿ ਵਿਖੇ 1901 ਵਿਚ ਪਿੰਡ ਅਲੂਣਾ ਜਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਉਨ੍ਹਾਂ ਦੇ ਵੱਡੇ-ਵਡੇਰੇ ਕਿਸਾਨ ਘਰਾਣੇ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਦੇ ਪਿਤਾ ਜੀ ਖੁਦ ਕ੍ਰਾਂਤੀਕਾਰੀ ਵਿਚਾਰਾਂ ਦੇ ਮਾਲਿਕ ਸਨ।

ਉਨ੍ਹਾਂ ਦੀ ਜੀਵਨ-ਸ਼ੈਲੀ ਉਚ-ਕੋਟੀ ਦੀ ਸੀ। ਉਨ੍ਹਾਂ ਦੇ ਆਪਣਾ ਸਵਾਸ-ਸਵਾਸ ਦੇਸ਼ ਸੇਵਾ ਦੇ ਲੇਖੇ ਲਾਇਆ। ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੜ੍ਹੇ। ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਅੰਗਰੇਜ਼ਾਂ ਦੇ ਵਿਰੁੱਧ ਅਨੇਕਾਂ ਹੀ ਕ੍ਰਾਂਤੀਕਾਰੀ ਮੁਹਿੰਮਾਂ ਚਲਾਈਆਂ ਤੇ ਕਈ ਜਥੇਬੰਦੀਆਂ ਨੂੰ ਹੋਂਦ ਵਿਚ ਲਿਆਂਦਾ। ਭ੍ਰਿਸ਼ਟਾਚਾਰ, ਮਹੰਤਾਂ ਤੇ ਮਸੰਦਾਂ ਦੇ ਵਿਰੁੱਧ ਡੱਟ ਕੇ ਆਵਾਜ਼ ਉਠਾਈ। ਅਕਾਲੀ ਜਥੇ ਭਰਤੀ ਕੀਤੇ। ਉਹ ਦੇਸ਼ ਪ੍ਰਦੇਸ਼ ਦੇ ਪਰਪੰਕ ਭਾਸ਼ਾਈ ਗਿਆਤਾ ਪ੍ਰਚਾਰਕ ਸਨ। ਅਨੇਕਾਂ ਹੀ ਭਾਸ਼ਾਵਾਂ ਦੇ ਗਿਆਤਾ ਨੇ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਕਈ ਡਿਗਰੀਆਂ ਹਾਸਿਲ ਕੀਤੀਆਂ। ਉਨ੍ਹਾਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਦੇਸ਼ਾਂ ਵਿਚ ਰਹਿ ਕੇ ਜਹਾਜ਼ ਖ਼ਰੀਦੇ ਤੇ ਤੁਰਕੀ ਆਦਿ ਦੇਸ਼ਾਂ ਦੀ ਫ਼ੌਜ ਵਿਚ ਅਫ਼ਸਰ ਵੀ ਰਹੇ। ਖ਼ਾਸ ਕਰਕੇ ਈਸਟਰਨ ਯੂਨੀਵਰਸਿਟੀ ਮਾਸਕੋ ਤੋਂ ਫਲਸਫੇ ਤੇ ਤਕਨੀਕੀ ਸਿੱਖਿਆ ਦੇ ਕਈ ਕੋਰਸ ਪਾਸ ਕੀਤੇ। ਉਹ ਇਕ ਵਧੀਆ ਲੇਖਕ, ਆਲੋਚਕ ਤੇ ਸੰਪਾਦਕ ਵੀ ਸਨ। ਉਹ ਪੰਜਾਬ ਐਸੰਬਲੀ ਦੇ ਬਿਨਾਂ ਮੁਕਾਬਲਾ ਮੈਂਬਰ ਚੁਣੇ ਗਏ। ਇਸ ਤਰ੍ਹਾਂ ਦੀਆਂ ਅਨੇਕਾਂ ਹੀ ਪ੍ਰਾਪਤੀਆਂ ਦੇਸ਼ ਭਗਤੀ ਦਾ ਜਜ਼ਬਾ ਤੇ ਨਿਸ਼ਕਾਮ ਸੇਵਾ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਹਮੇਸ਼ਾਂ ਲਈ ਯਾਦ ਕੀਤੀਆਂ ਜਾਇਆ ਕਰਨਗੀਆਂ।

ਸੁਤੰਤਰ ਜੀ ਦੇ ਸਮੁਚੇ ਪਰਿਵਾਰ ਨੇ ਨਾਮਧਾਰੀ ਲਹਿਰ, ਗਦਰ ਲਹਿਰ, ਅਕਾਲੀ ਲਹਿਰ ਤੇ ਆਜ਼ਾਦੀ ਦੀ ਲਹਿਰ ਵਿਚ ਅਹਿਮ ਹਿੱਸਾ ਪਾਇਆ। ਉਨ੍ਹਾਂ ਦੇ ਗੁਪਤਵਾਸ ਸਮੇਂ ਉਨ੍ਹਾਂ ਦੇ ਦੋ ਛੋਟੇ ਭਾਈ, ਇਕ ਥਾਣਿਆਂ ਵਿਚ ਪੁਲਿਸ ਦੇ ਤਸੀਹੇ ਝੱਲ ਰਿਹਾ ਸੀ ਤੇ ਉਸ ਤੋਂ ਛੋਟਾ ਸ। ਮੇਦਨ ਸਿੰਘ ਮੇਦਨ ਬਰੇਲੀ ਸੈਂਟਰਲ ਜੇਲ੍ਹ ਵਿਚ ਉਮਰ ਕੈਦ ਸੀ। ਬਿਰੁਧ ਮਾਤਾ-ਪਿਤਾ, ਉਨ੍ਹਾਂ ਦੀ ਵਿਧਵਾ, ਛੋਟੀ ਭੈਣ, ਭਾਣਜਾ ਅਤੇ ਉਨ੍ਹਾਂ ਦੀ ਇਕਲੌਤੀ ਪੁੱਤਰੀ ਆਦਿ ਦੀਆਂ ਮੌਤਾ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਹੀ ਹੋਈਆਂ। ਘਰ ਦੀ ਤਬਾਹੀ ਗਰੀਬੀ, ਤੰਗੀ, ਮਸੀਬਤਾਂ ਦੇ ਅਨੇਕਾਂ ਹੀ ਪਹਾੜ ਟੁੱਟੇ, ਉਮਰ ਕੈਦ ਕੱਟ ਰਹੇ ਮੇਦਨ ਜੀ ਦੀ ਧਰਮ ਪਤਨੀ ਦੀ ਚਿੱਠੀ ਵੀ ਉਨ੍ਹਾਂ ਨੂੰ ਜੇਲ੍ਹ ਵਿਚ ਹੀ ਮਿਲੀ, ਜਿਸ ਵਿਚ ਘਰ ਦੀ ਤਬਾਹੀ ਦਾ ਜ਼ਿਕਰ ਸੀ।

ਸੁਤੰਤਰ ਜੀ ਨੇ ਤੇਜਾ ਵਹੀਲਾ ਗੁਰਦੁਆਰਾ ਜੋ ਕਿਲ੍ਹੇ ਨੁਮਾ ਬਣਿਆ ਹੋਇਆ ਸੀ ਅਤੇ ਉਠੀਆਂ ਦਾ ਗੁਰਦੁਆਰਾ ਫੌਜੀ ਵਿਉਂਤਬੰਦੀ ਨਾਲ ਮਹੰਤਾਂ ਪਾਸੋਂ ਆਜ਼ਾਦ ਕਰਵਾਏ। ਇਸ ਮੁਹਿੰਮ ਵਿਚ ਕਿਸੇ ਨੂੰ ਚੁਪੇੜ ਵੀ ਨਾ ਮਾਰਨੀ ਪਈ। ਜਦਕਿ ਹੋਰਨਾਂ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਲਈ ਮਹੀਨੇ-ਮਹੀਨੇ ਤੇ ਸਾਲਾਂ ਬੱਧੀ ਲਗਦੇ ਰਹੇ। ਮੋਰਚੇ ਲੰਬੇ ਹੋ ਜਾਂਦੇ ਰਹੇ। ਗੁਰੂ ਕੇ ਬਾਗ਼ ਦਾ ਮੋਰਚਾ ਲੰਬਾ ਸਮਾਂ ਲੈਂਦਾ ਵੇਖ ਕੇ ਸੁਤੰਤਰ ਜੀ ਨੇ ਉਸ ਵੇਲੇ ਦੀ ਲੀਡਰਸ਼ਿਪ ਨੂੰ ਰਾਏ ਦਿੱਤੀ ਕਿ ਸ਼ਾਂਤਮਈ ਵਤੀਰਾ ਛੱਡ ਕੇ ਡੁਰਲੀ ਜਥੇ ਰਾਹੀਂ ਇਹ ਮੋਰਚਾ ਲੜਿਆ ਜਾਵੇ, ਆਖ਼ਿਰ ਉਸ ਜਥੇ ਵਿਚ ਆਪਣਾ ਸੁਤੰਤਰ ਸ਼ਹੀਦ ਜਥਾ ਮੋਹਰੇ ਲਿਆਂਦਾ ਤੇ ਗੁਰੂ ਦੇ ਬਾਗ਼ ਦਾ ਮੋਰਚਾ ਸਰ ਕਰ ਲਿਆ।

ਇਨ੍ਹਾਂ ਘਟਨਾਵਾਂ ਨੇ ਸੁਤੰਤਰ ਜੀ ਨੂੰ ਉਸ ਵਕਤ ਲੀਡਰਸ਼ਿਪ ਦੀ ਮੋਹਰਲੀ ਕਤਾਰ ਵਿਚ ਲਿਆ ਖੜ੍ਹੇ ਕੀਤਾ। ਉਹ ਉਸ ਸਮੇਂ ਦੇ ਲੀਡਰਾਂ ਨਾਲੋਂ ਸਭ ਤੋਂ ਛੋਟੇ ਸਨ। ਪਰ ਵਿੱਦਿਆ ਵਿਚ ਸਭ ਤੋਂ ਅੱਗੇ ਸਨ, ਤਾਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਸਿੱਖ ਧਰਮ ਦੇ ਪ੍ਰਚਾਰ ਲਈ ਉਨ੍ਹਾਂ ਨੂੰ ਅਫਗਾਨਿਸਤਾਨ ਭੇਜਿਆ, ਕਿਉਂਕਿ ਸੁਤੰਤਰ ਜੀ ਦੇ ਪਿਤਾ ਬਾਬਾ ਕ੍ਰਿਪਾਲ ਸਿੰਘ ਜੀ ਦੇ ਗਦਰੀਆਂ ਨਾਲ ਸਬੰਧ ਸਨ। ਇਸ ਲਈ ਕਾਬਲ ਵਿਚ ਉਹ ਗਦਰੀਆਂ ਦੇ ਸੰਪਰਕ ਵਿਚ ਆਏ, ਭਾਈ ਰਤਨ ਸਿੰਘ, ਮਾਸਟਰ ਉਧਮ ਸਿੰਘ, ਬਾਬਾ ਗੁਰਮੁੱਖ ਸਿੰਘ ਆਦਿ ਉਸ ਸਮੇਂ ਦੇ ਭਗੌੜੇ ਗਦਰੀਆਂ ਨਾਲ ਉਨ੍ਹਾਂ ਦਾ ਪੂਰਾ ਤਾਲ-ਮੇਲ ਹੋ ਗਿਆ।



ਤੁਰਕੀ ਤੇ ਅਫਗਾਨਿਸਤਾਨ ਦੀਆਂ ਹਕੂਮਤਾਂ ਅੰਗਰੇਜ਼ ਵਿਰੁੱਧੀ ਸ। ਇਨ੍ਹਾਂ ਹਕੂਮਤਾਂ ਦੀ ਪ੍ਰੇਰਣਾ ਲੇ ਸੁਤੰਤਰ ਜੀ ਨੂੰ ਤੁਰਕੀ ਫੌਜੀ ਦੀਆਂ ਵਿਦਿਆ ਲੈਣ ਲਈ ਤੁਰਕੀ ਭੇਜਿਆ, ਜਿਥੇ ਉਨ੍ਹਾਂ ਕੁਸਤੁਨਤਨੀਆਂ ਫੌਜੀ ਕਾਲਜ ਤੋਂ ਉਚ ਵਿਦਿਆ ਪ੍ਰਾਪਤ ਕੀਤੀ।

1929 ਵਿਚ ਅਮਰੀਕਾ ਦੀ ਗਦਰ ਪਾਰਟੀ ਟੁੱਟ-ਭੱਜ ਗਈ, ਅੰਗਰੇਜ਼ਾਂ ਦੀ ਸਾਜਿਸ਼ ਕਾਰਨ, ਉਨ੍ਹਾਂ ਦੇ ਖ਼ਰੀਦੇ ਗਦਾਰਾਂ ਨੇ ਭਾਈ ਸਿੰਘ ਵਰਗੇ ਗਦਰੀ ਮਰਵਾ ਦਿੱਤੇ, ਗਦਰ ਪਾਰਟੀ ਦੇ ਹੁਕਮ ਮੁਤਾਬਿਕ ਉਹ ਨੌਕਰੀ ਛੱਡ ਕੇ ਅਮ-ਰੀਕਾ ਗਏ, ਉਥੇ ਜਾ ਕੇ ਉਨ੍ਹਾਂ ਗਦਰ ਅਖ਼ਬਾਰ ਕੱਢਿਆ ਤੇ ਉਹ ਵਿਚ ਲੰਬੇ-ਲੰਬੇ ਲੇਖ ਲਿਖ ਕੇ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਲਈ ਲਾਮਬੰਦ ਕੀਤਾ ਅਤੇ ਇਸ ਦੇ ਨਾਲ ਹੀ ਗੁਰੀਲੇ ਜਥਾਬੰਦ ਕਰਕੇ 30 ਦੇ ਕਰੀਬ ਅੰਗਰੇਜ਼ਾਂ ਦੇ ਖ਼ਰੀਦੇ ਗਦਾਰਾਂ ਨੂੰ ਸੋਧਿਆ। ਅਮਰੀਕਾ ਵਿਚ ਉਸ ਸਮੇਂ ਤਹਿਲਕਾ ਮਚ ਗਿਆ, ਅੰਗਰੇਜ਼ਾਂ ਅਮਰੀਕਾ ਸਰਕਾਰ ਨੂੰ ਮਜਬੂਰ ਕੀਤਾ, ਕਿ ਉਹ ਸੁਤੰਤਰ ਨੂੰ ਅਮਰੀਕਾ ’ਚੋਂ ਕੱਢ ਦੇਵੇ।

ਸੁਤੰਤਰ ਜੀ ਸ਼ਾਂਤ ਵਿਵਸਥਾ ਦੇ ਉਥੋਂ ਤਕ ਹਾਮੀ ਸਨ ਜਿੱਥੋਂ ਤਕ ਲੋਕਾਂ ਨੂੰ ਜਾਗ੍ਰਿਤ ਤੇ ਲਾਮਬੰਦ ਕਰਨਾ ਹੁੰਦਾ ਹੈ ਪਰ ਇਸਦੇ ਨਾਲ-ਨਾਲ ਉਹ ਹਥਿਆਰਬੰਦੀ ਨੂੰ ਬਹੁਤ ਲਾਜ਼ਮੀ ਸਮਝਦੇ ਸਨ, ਉਹ ਕਿਹਾ ਕਰਦੇ ਸਨ, ਕਿ ਕਿਸੇ ਇੰਨਕਲਾਬੀ ਲਹਿਰ ਲਈ ਤਕਰੀਰ ਤੇ ਸ਼ਮਸ਼ੀਰ ਦੋਵੇਂ ਹੋਣੀਆਂ ਲਾਜ਼ਮੀ ਨੇ ਅਤੇ ਇਨ੍ਹਾਂ ਦੀ ਵਰਤੋ ਲੋਕ ਸਮੇਂ ਕਰਨੀ ਚਾਹੀਦੀ ਹੈ।

ਸੁਤੰਤਰ ਜੀ ਨੇ ਹਿੰਦੁਸਤਾਨ ਦੀ ਅੱਸੀ ਫੀਸਦੀ ਕਿਸਾਨੀ ਨੂੰ ਜਥਾਬੰਦ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਅਤੇ ਉਹ ਕੁਲ ਹਿੰਦ ਕਿਸਾਨ ਦੇ ਪ੍ਰਧਾਨ ਵੀ ਰਹੇ, ਪੈਪਸੂ ਦੀ ਮੁਜ਼ਾਰਾ ਲਹਿਰ ਨੂੰ ਜਥਾਬੰਦ ਕਰਕੇ ਗੁਰੀਲਾ ਜਥੇ ਬਣਾਕੇ 171/2 ਏਕੜ ਜਮੀਨ ਮੁਜ਼ਾਰਿਆਂ ਨੂੰ ਬੇਜ਼ਮੀਨੇ ਲੋਕਾਂ ਵਿਚ ਵੰਡੀ। ਉਹ ਇਸ ਲਹਿਰ ਦੇ ਜਨਮ ਦਾਤਾ ਸਨ, ਉਹ ਭਰਤੀ ਜ਼ੁਬਾਨਾਂ ਤੋਂ ਇਲਾਵਾ 14 ਵਿਦੇਸ਼ੀ ਜ਼ੁਬਾਨਾਂ ਦੇ ਮਾਹਿਰ ਸਨ। ਉਹ ਇਕ ਮਹਾਨ ਜਰਨੈਲ, ਮਹਾਨ ਸਿਆਸਤਦਾਨ, ਲੇਖਕ, ਕੀਲ ਲੈਣ ਵਾਲੇ ਬੁਲਾਰੇ, ਆਗੂ, ਤਿਆਗੀ, ਤਪਸਵੀ ਤੇ ਸੂਰਮੇ ਦੇਸ਼ ਭਗਤ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਮਿਕਨਾਤੀਸੀ ਖਿੱਚ ਹੁੰਦੀ ਸੀ। ਉਨ੍ਹਾਂ ਦੀ ਲਗਨ, ਲੋਕ ਸੇਵਾ, ਸਾਦਗੀ, ਨਿਸ਼ਕਾਮਤਾ ਆਪਣੇ ਆਪ ਵਿਚ ਇਕ ਮਿਸ਼ਾਲ ਹੈ। ਸਰਕਾਰ ਨੇ ਇਸ ਪਰਿਵਾਰ ਵੱਲ ਕਦੇ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਸਰਕਾਰ ਨੇ ਉਨ੍ਹਾਂ ਦੀ ਕੋਈ ਉਚੇਚੇ ਵੱਡੀ ਯਾਦਗਾਰ ਹੀ ਬਣਾਈ ਹੈ ਤੇ ਨਾ ਹੀ ਉਨ੍ਹਾਂ ਦੇ ਪਿੰਡ ਨੂੰ ਇਤਿਹਾਸਕ ਕਰਾਰ ਦਿੱਤਾ ਹੈ, ਉਨ੍ਹਾਂ ਦੇ ਪਿੰਡ ਦੇ ਮਕਾਨ ਦੇ ਨਜ਼ਦੀਕ ਉਨ੍ਹਾਂ ਦੀ ਇਕ ਛੋਟੀ ਜਿਹੀ ਸਮਾਧ ਜ਼ਰੂਰ ਬਣਾਈ ਗਈ ਹੈ। ਜਦਕਿ ਸਰਕਾਰ ਨੂੰ ਉਨ੍ਹਾਂ ਦੇ ਪਿੰਡ ਅਲੂਣਾ (ਹਰਦੋਛੰਨੀ) ਨੂੰ ਜਾਂਦੀ ਸੜਕ ਲਾ ਤੇਜਾ ਸਿੰਘ ‘ਸੁਤੰਤਰ ਮਾਰਗ’ ਰੱਖਣਾ ਚਾਹੀਦਾ ਹੈ। ਹਰ ਸਾਲ ਉਨ੍ਹਾਂ ਦੀ ਬਰਸੀ 12 ਅਪ੍ਰੈਲ ਨੂੰ ਮਨਾਈ ਜਾਂਦੀ ਹੈ।

# ਲੋਕਤੰਤਰ ਦਾ ਮਹੱਤਵ ਤੇ ਲੋਕਤੰਤਰ ਨੂੰ ਖਤਰੇ



ਕੇਹਰ ਸ਼ਰੀਫ
+49 173 3546050

ਲੋਕਰਾਜ ਉਸਨੂੰ ਕਿਹਾ ਜਾਂਦਾ ਹੈ ਜਿਸ ਨੂੰ ਲੋਕ ਆਪਣਾ ਰਾਜ ਸਮਝਦੇ ਹੋਣ। ਲੋਕ ਸਮਝਦੇ ਹੀ ਨਾ ਹੋਣ ਸਗੋਂ, ਲੋਕਾਂ ਨਾਲ ਨਿੱਤ ਦਾ ਵਿਹਾਰ ਵੀ ਇਸ ਦੀ ਗਵਾਹੀ ਭਰਦਾ ਹੋਵੇ। ਇਹ ਇਕ-ਦੂਜੇ ਨਾਲ ਮਿਲਜੁਲ ਕੇ ਰਹਿਣ ਦੇ ਮੌਕੇ ਵੀ ਦਿੰਦਾ ਹੋਵੇ, ਨਹੀਂ ਤਾਂ ਅਬਰਾਹਿਮ ਲਿੰਕਨ ਦੀ ਲੋਕਤੰਤਰੀ ਸਰਕਾਰ ਬਾਰੇ ਦਿੱਤੀ ਪ੍ਰੀਭਾਸ਼ਾ ਕਿ ''ਲੋਕਤੰਤਰ ਲੋਕਾਂ ਦੀ, ਲੋਕਾਂ ਦੁਆਰਾ, ਅਤੇ ਲੋਕਾਂ ਲਈ ਬਣਾਈ ਗਈ ਸਰਕਾਰ ਹੈ'' ਵੀ ਟਿੱਚਰ ਜਹੀ ਜਾਪਣ ਲੱਗ ਪੈਂਦੀ ਹੈ । ਲੋਕਤੰਤਰ ਅੰਦਰ ਅਸਹਿਮਤੀ ਦਾ ਬਹੁਤ ਵੱਡਾ ਮਹੱਤਵ ਹੁੰਦਾ ਹੈ ਜਾਂ ਕਹਿ ਲਉ ਕਿ ਅਸਹਿਮਤੀ (ਭਾਵ, ਇਕ ਦੂਜੇ ਤੋਂ ਵੱਖਰੇ ਜਾਂ ਵਿਰੋਧੀ ਵਿਚਾਰ) ਲੋਕਤੰਤਰ ਦਾ ਦੂਜਾ ਨਾਮ ਹੈ। ਜਦੋਂ ਲੋਕਤੰਤਰੀ ਪ੍ਰਬੰਧ ਅੰਦਰ ਅਸਹਿਮਤੀ ਦਾ ਸਨਮਾਨ (ਦੂਜਿਆਂ ਪ੍ਰਤੀ ਸਹਿਣਸ਼ੀਲਤਾ, ਵਿਚਾਰ ਵਟਾਂਦਰਾ, ਦੂਜੇ ਦੀ ਗੱਲ/ਵਿਚਾਰ ਨੂੰ ਸਹਿਣ ਕਰਨ ਦਾ ਮਾਦਾ) ਖਤਮ ਹੋ ਰਿਹਾ ਹੋਵੇ ਤਾਂ ਸਮਝੋ ਕਿ ਲੋਕਤੰਤਰ ਦੀ ਸਮਾਪਤੀ ਦਾ ਖਤਰਾ ਵਧ ਰਿਹਾ ਹੈ। ਅਜਿਹੇ ਸਮੇਂ ਅਸਹਿਮਤੀ ਦੀ ਆਵਾਜ਼ ਹੋਰ ਉੱਚੀ ਹੋ ਜਾਣੀ ਚਾਹੀਦੀ ਹੈ। ਅਸਹਿਮਤੀ ਜਾਂ ਵਿਰੋਧ ਦੀ ਅ-ਹਿੰਸਕ ਆਵਾਜ਼ ਨੂੰ ਲੋਕਤੰਤਰ ਦੀ ਖੂਬਸੂਰਤੀ ਕਿਹਾ ਜਾਣਾ ਚਾਹੀਦਾ ਹੈ। ਇਸਦੇ ਆਪਣੇ ਬਹੁਤ ਸਾਰੇ ਖਤਰੇ ਹੋ ਸਕਦੇ ਹਨ, ਪਰ ਲੋਕਤੰਤਰ ਇਹ ਖਤਰੇ ਸਹੇੜ ਕੇ ਹੀ ਬਚ ਸਕਦਾ ਹੈ। ਇਨ੍ਹਾਂ ਨੂੰ ਖਤਰੇ ਕਹਿਣ ਨਾਲੋਂ ਫ਼ਰਜ਼ਾਂ ਦੀ ਸੰਗਿਆ ਦਿੱਤੀ ਜਾਣੀ ਚਾਹੀਦੀ ਹੈ। ਲੋਕਤੰਤਰੀ ਰਾਜ ਵਲੋਂ ਆਮ ਨਾਗਰਿਕਾਂ ਦੇ ਅਧਿਕਾਰਾਂ ਦੀ ਪੂਰਤੀ, ਰਾਖੀ ਅਤੇ ਦੋਹਾਂ ਪਾਸਿਆਂ ਤੋਂ ਫ਼ਰਜ਼ਾਂ ਦੀ ਪਾਲਣਾ ਦਾ ਨਾਂ ਹੈ। ਇਸ ਵਿਚ ਆਈ ਮਾੜੀ ਜਹੀ ਕਾਣ ਵੀ ਲੋਕਤੰਤਰ ਨੂੰ ਕਮਜ਼ੋਰ ਜਾਂ ਤਬਾਹ ਕਰਨ ਦਾ ਸਬੱਬ ਬਣ ਸਕਦੀ ਹੈ। ਲੋਕਤੰਤਰ ਵਾਸਤੇ ਇਹ ਸ਼ੁਭ ਸ਼ਗਨ ਨਹੀਂ ਹੋ ਸਕਦਾ । ਕਿਸੇ ਵੀ ਅਜਿਹੇ ਖਤਰੇ ਨੂੰ ਫ਼ਰਜ਼ ਸਮਝ ਕੇ ਉਸ ਦੀ ਪਹਿਰੇਦਾਰੀ ਲਈ ਖੜ੍ਹੇ ਹੋਣ ਵਾਲੇ ਲੋਕ ਹੀ ਲੋਕਤੰਤਰੀ ਰਵਾਇਤਾਂ ਦੇ ਰਾਖੇ ਜਾਂ ਵਾਰਿਸ ਅਖਵਾ ਸਕਣ ਦੇ ਯੋਗ ਕਹੇ ਜਾ ਸਕਦੇ ਹਨ।

ਅੱਜ ਦੇ ਸਮੇਂ ਜਦੋਂ ਵਿਸ਼ਵੀਕਰਨ ਉਰਫ ਲੁੱਟਤੰਤਰ ਦੇ ਢੋਲ ਵਾਲੇ ਰੌਲ਼ੇ ਹੇਠ ਕਿਸੇ ਵੀ ਥਾਂ ਲੋਕਤੰਤਰ ਅਤੇ ਇਸਦੇ ਪਾਲਕ /ਹੱਕਦਾਰ ਮਿਹਨਤਕਸ਼ ਲੋਕ ਦੇਸੀ-ਬਦੇਸੀ ਬਾਜ਼ਾਰਵਾਦ ਦੇ ਖ਼ੂਨੀ ਪੰਜਿਆਂ ਵਿਚ ਲਹੂ-ਲੁਹਾਣ ਹੋ ਰਹੇ ਹੋਣ ਤਾਂ ਲੋਕਤੰਤਰ ਅੰਦਰ ਯਕੀਨ ਰੱਖਣ ਵਾਲਿਆਂ (ਖਾਸ ਕਰਕੇ ਵਿਰੋਧ ਦੀਆਂ ਸਿਆਸੀ ਪਾਰਟੀਆਂ, ਜਾਂ ਵੱਖਰੇ ਵਿਚਾਰ ਰੱਖਣ ਵਾਲੇ ਲੋਕਾਂ) ਲਈ ਫਿਕਰਮੰਦ ਹੋ ਜਾਣਾ ਕੁਦਰਤੀ ਹੀ ਹੈ ਜਿਸਦੇ ਸਿੱਟੇ ਵਜੋਂ ਉਨ੍ਹਾਂ ਦਾ ਬੋਲਣਾ ਜ਼ਰੂਰੀ ਹੋ ਜਾਂਦਾ ਹੈ। ਨਾਲ ਹੀ ਇਤਿਹਾਸ ਵੱਲ ਝਾਤ ਮਾਰਨੀ ਵੀ ਅਤਿਅੰਤ ਜ਼ਰੂਰੀ ਹੈ ਕਿਉਂਕਿ ਇਤਿਹਾਸ ਇਨ੍ਹਾਂ ਖਤਰਿਆਂ ਤੋਂ ਸਾਵਧਾਨ/ ਸੁਚੇਤ ਕਰਦਾ ਰਿਹਾ ਹੈ ਤੇ ਅਜੇ ਵੀ ਸੁਚੇਤ ਕਰਦਾ ਹੈ। ਅੱਜ ਦੇ ਖਤਰੇ ਅਣਡਿੱਠ ਕਰਕੇ ਜਾਂ ਅੱਖਾਂ ਮੀਟ ਕੇ ਕੱਲ੍ਹ ਵਾਸਤੇ ਟਾਲੇ ਨਹੀਂ ਜਾ ਸਕਦੇ। ਇਹ ਸਿਆਸੀ ਖੁਦਕੁਸ਼ੀ ਵਰਗਾ ਗੈਰ-ਜ਼ਰੂਰੀ ਵਿਹਾਰ ਸਾਬਤ ਹੋ ਸਕਦਾ ਹੈ।

ਲੋਕਤੰਤਰ ਅੰਦਰ ਹਰ ਨਾਗਰਿਕ ਨੂੰ ਵੋਟ ਦੇਣ ਦਾ ਅਧਿਕਾਰ ਹੁੰਦਾ ਹੈ, ਪਰ ਸਿਰਫ ਵੋਟ ਦੇਣਾ ਹੀ ਲੋਕਤੰਤਰ ਨਹੀਂ। ਸਿਆਸੀ ਪਾਰਟੀਆਂ ਜੋ ਵਾਅਦੇ ਕਰਦੀਆਂ ਹਨ ਉਨ੍ਹਾਂ ਦੀ ਪੁਣਛਾਣ ਕਰਨਾ ਤੇ ਫੇਰ ਜਿਹੜੀ ਪਾਰਟੀ ਦੇਸ਼ ਦੇ ਭਲੇ ਵਾਸਤੇ ਭਾਵ ਗਰੀਬ, ਮਜ਼ਦੂਰ, ਕਿਸਾਨ ਆਦਿ ਕਿ ਹਰ ਮਿਹਨਤਕਸ਼ ਵਾਸਤੇ ਸੋਹਣੇ ਭਵਿੱਖ ਦਾ ਭਰੋਸਾ ਦਿੰਦੀ ਹੋਵੇ ਉਸਨੂੰ ਵੋਟ ਦਿੱਤਾ ਜਾਂਦਾ ਹੈ। ਇੱਥੋਂ ਹੀ ਨਾਗਰਿਕ ਦਾ ਲੋਕਤੰਤਰੀ ਕੰਮ ਸ਼ੁਰੂ ਹੁੰਦਾ ਹੈ, ਕਿ ਜੋ ਵਾਅਦੇ ਕਰਕੇ ਕੋਈ ਪਾਰਟੀ ਹਕੂਮਤ ਬਣਾ ਲੈਂਦੀ ਹੈ ਉਹ ਆਪਣੇ ਕਹੇ ਮੁਤਾਬਿਕ ਕੰਮ ਵੀ ਕਰ ਰਹੀ ਹੈ ਜਾਂ ਨਹੀਂ, ਹਰ ਗੱਲ / ਵਰਤਾਰੇ 'ਤੇ ਨਿਗਾਹ ਰੱਖਣੀ ਵੋਟ ਦੇਣ ਵਾਲੇ ਨਾਗਰਿਕਾਂ ਦਾ ਹੀ ਕੰਮ/ਫ਼ਰਜ਼/ਅਧਿਕਾਰ ਹੁੰਦਾ ਹੈ। ਜੇ ਅਜਿਹਾ ਨਹੀਂ ਵਾਪਰਦਾ ਤਾਂ ਲੋਕਤੰਤਰੀ ਢਾਂਚੇ ਅੰਦਰ ਵਿਗਾੜ ਪੈਦਾ ਹੋਣਗੇ ਤੇ ਬੇਰੋਕ-ਟੋਕ ਵਧਦੇ ਹੀ ਜਾਣਗੇ। ਇਸ ਨਾਲ ਲੋਕਤੰਤਰ ਕਮਜ਼ੋਰ ਹੋਵੇਗਾ ਤੇ ਉਸਦੇ ਕੁਰਾਹੇ ਪੈ ਜਾਣ ਦਾ ਖਤਰਾ ਵਧ ਜਾਵੇਗਾ। ਇਸ ਕੁਰਾਹੇ ਪੈ ਜਾਣ ਵੇਲੇ ਡੱਕਣ ਦੀ ਜੁੰਮੇਵਾਰੀ ਨਾ ਨਿਭਾ ਸਕਣ ਤੋਂ ਸਿਆਸੀ ਧਿਰਾਂ ਅਤੇ ਆਮ ਨਾਗਰਿਕ ਕਿਵੇਂ ਬਚ ਸਕਣਗੇ?

ਲੋਕਤੰਤਰੀ ਪ੍ਰਬੰਧ ਅੰਦਰ ਰਹਿੰਦਿਆਂ ਇਸ ਵਿਚ ਆਉਂਦੇ ਵਿਗਾੜਾਂ ਦੇ ਖਿਲਾਫ ਹੋਣਾ ਹੀ ਲੋਕਤੰਤਰੀ ਹੋਣਾ ਹੁੰਦਾ ਹੈ, ਤਾਂ ਕਿ ਲੋਕਤੰਤਰ ਦੀ ਰਾਖੀ ਕੀਤੀ ਜਾ ਸਕੇ। ਸਾਧਾਰਨ ਲਫ਼ਜ਼ਾਂ ਵਿਚ ਇਸ ਨੂੰ ਦੇਸ਼ਭਗਤੀ ਆਖਿਆ ਜਾ ਸਕਦਾ ਹੈ। ਅਜਿਹੇ ਸਮੇਂ ਚੁੱਪ ਰਹਿਣਾ ਲੋਕਤੰਤਰੀ ਸਮਾਜ ਵਿਚੋਂ ਆਪਣੇ ਆਪ ਨੂੰ ਖਾਰਿਜ ਕਰਨ ਦੇ ਬਰਾਬਰ ਹੁੰਦਾ ਹੈ। ਸਰਬੱਤ ਦੇ ਭਲੇ ਵਾਸਤੇ ਸਮਾਜ ਅੰਦਰ ਸੱਤਾਧਾਰੀਆਂ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਕਿਸੇ ਇਕ ਵੀ ਪ੍ਰਾਣੀ ਤੱਕ ਦੇ ਬੁਨਿਆਦੀ ਅਤੇ ਮਨੁੱਖੀ ਹੱਕਾਂ ਨੂੰ ਆਂਚ ਨਾ ਆਉਣ ਦੇਣ। ਲੁੱਟ ਦੇ ਆਸਰੇ ਬਣੀ ਧਨਾਢ ਜਮਾਤ (ਜੁੰਡਲੀ) ਦੇ ਮੁਕਾਬਲੇ ਮਿਹਨਤਕਸ਼ਾਂ ਨੂੰ ਦੁਜੈਲੇ ਕਿਸਮ ਦੇ ਸ਼ਹਿਰੀ ਸਮਝ ਕੇ ਵਿਤਕਰੇ ਦੇ ਸ਼ਿਕਾਰ ਨਾ ਬਨਾਉਣ, ਜੇ ਅਜਿਹਾ ਹੁੰਦਾ ਹੈ ਤਾਂ ਸਮਾਜ ਵਿਚ ਵੰਡੀਆਂ ਪੈਣ ਅਤੇ ਭਾਈਚਾਰਕ ਸਾਂਝ ਅੰਦਰ ਪਾੜ ਪੈਣ ਦੇ ਖਤਰੇ ਵਧ ਜਾਂਦੇ ਹਨ ਜੋ ਸਿਹਤਮੰਦ ਲੋਕਤੰਤਰ ਵਾਸਤੇ ਚੰਗਾ ਰੁਝਾਨ ਨਹੀਂ ਹੋ ਸਕਦਾ। ਅਜਿਹੇ ਵਰਤਾਰਿਆਂ ਨੂੰ ਅਣਡਿਠ ਕਰਨ ਵਾਲਾ ਹਕੂਮਤੀ ਢਾਂਚਾ ਲੋਕਤੰਤਰੀ ਲੀਹਾਂ ਨੂੰ ਛੱਡਣ ਵੇਲੇ ਗੈਰ-ਲੋਕਤੰਤਰੀ ਹੋ ਜਾਂਦਾ ਹੈ ਜੋ ਆਪਣੇ ਵਿਰੋਧੀਆਂ ਲਈ ਸਮਾਜ ਅੰਦਰ ਲੋਕਾਂ ਵਲੋਂ ਉਨ੍ਹਾਂ ਵਾਸਤੇ ਹਮਦਰਦੀ ਵਾਲਾ ਸਬੱਬ ਪੈਦਾ ਕਰਨ ਦਾ ਕਾਰਨ ਵੀ ਹੋ ਨਿੱਬੜਦਾ ਹੈ। ਹੋ ਰਹੇ ਜ਼ੁਲਮ ਦੀਆਂ ਵਿਰੋਧੀ ਸੁਰਾਂ ਵੀ ਅਜਿਹੇ ਸਮੇਂ ਹੀ ਉਠਦੀਆਂ ਤੇ ਸਮਾਜ ਬਦਲਣ ਵਾਸਤੇ ਸਰਗਰਮ ਹੋ ਜਾਂਦੀਆਂ ਹਨ।

ਉਸ ਪ੍ਰਬੰਧ ਨੂੰ ਲੋਕਤੰਤਰ ਕਿਵੇਂ ਕਿਹਾ ਜਾ ਸਕਦਾ ਹੈ ਜਿਸ ਅੰਦਰ ਹਕੂਮਤੀ ਧਿਰਾਂ ਵਲੋਂ ਆਪਣੇ ਲੋਕਾਂ ਪ੍ਰਤੀ ਸੰਵੇਦਨਾ ਦਾ ਭੋਰਾ ਬਚਿਆ ਹੀ ਨਾ ਹੋਵੇ। ਜਿਸ ਅੰਦਰ ਲੋਕਾਂ ਦੇ ਦੁੱਖ-ਸੁੱਖ ਅਤੇ ਦਰਦ ਸ਼ਾਮਲ ਹੀ ਨਾ ਹੋਣ। ਕਿਸੇ ਪ੍ਰਬੰਧ ਦੀ ਚੂਲ ਹੀ ਉਖਾੜ ਦੇਣੀ ਉਸ ਪ੍ਰਬੰਧ ਦਾ ਸਰੂਪ ਬਦਲ ਦਿੰਦੀ ਹੈ। ਕਿਸੇ ਵੀ ਥਾਵੇਂ ਲੋਕਤੰਤਰ ਉਸੇ ਨੂੰ ਆਖਿਆ ਜਾ ਸਕੇਗਾ ਜਿੱਥੇ ਪ੍ਰਬੰਧ ਅੰਦਰ ਲੋਕਾਂ ਦੀ ਹਰ ਘੜੀ ਭਰਵੀਂ ਸ਼ਮੂਲੀਅਤ ਹੋਵੇ। ਲੋਕਾਂ ਨੂੰ ਇਸ ਬਾਰੇ ਸੁਚੇਤ ਅਤੇ ਸਿੱਖਿਅਤ ਕਰਨਾ ਰਾਜ ਦੀਆਂ ਲੋਕਤੰਤਰੀ ਸੰਸਥਾਵਾਂ ਦਾ ਪਹਿਲਾ ਫ਼ਰਜ਼ ਹੋਣਾ ਚਾਹੀਦਾ ਹੈ। ਲੋਕ ਭਾਵਨਾਵਾਂ ਅਤੇ ਮਾਨਤਾਵਾਂ ਦੀਆਂ ਰੇਖਾਵਾਂ ਨੂੰ ਉਲੰਘਣਾ ਲੋਕ ਰਾਜ ਦਾ ਅਪਮਾਨ ਹੁੰਦਾ ਹੈ। ਲੋਕਾਂ ਵਲੋਂ ਆਪਣੇ ਨੁਮਾਂਇਦੇ ਚੁਣੇ ਜਾਣ ਤੋਂ ਬਾਅਦ ਉਨ੍ਹਾਂ ਨੁਮਾਂਇੰਦਿਆਂ ਵਾਸਤੇ ਲਾਜ਼ਮੀ ਹੁੰਦਾ ਹੈ ਕਿ ਉਹ ਸਮੁੱਚੇ ਲੋਕਾਂ ਦੀਆਂ ਭਾਵਨਾਵਾਂ ਦੀ ਪਾਲਣਾ ਅਤੇ ਉਨ੍ਹਾਂ ਦੀ ਕਦਰ / ਸਤਿਕਾਰ ਕਰਨ ਵਾਸਤੇ ਪਾਬੰਦ ਰਹਿਣ । ਜਦੋਂ ਕੋਈ ਚੁਣਿਆਂ ਨੁਮਾਂਇਦਾ ਅਜਿਹਾ ਨਹੀਂ ਕਰਦਾ ਤਾਂ ਉਹ ਲੋਕਰਾਜੀ ਕਦਰਾਂ-ਕੀਮਤਾਂ ਨਾਲ ਇਨਸਾਫ ਨਾ ਕਰਕੇ ਉਨ੍ਹਾਂ ਨਾਲ ਵੈਰ ਕਮਾ ਰਿਹਾ ਹੁੰਦਾ ਹੈ। ਅਜਿਹੇ ਸਮੇਂ ਅਜਿਹੇ ਨੁਮਾਂਇਦੇ ਲੋਕਾਂ ਨਾਲ ਕੀਤੇ ਵਚਨਾਂ ਨੂੰ ਤੋੜਨ ਵਾਲੇ ਮੁਜ਼ਰਿਮ ਬਣ ਜਾਂਦੇ ਹਨ, ਲੋਕਤੰਤਰੀ ਪ੍ਰੰਪਰਾਵਾਂ ਅਨੁਸਾਰ ਇਹ ਕਿਸੇ ਬਣਦੀ ਸਜ਼ਾ ਦੇ ਭਾਗੀ ਹੋਣੇ ਚਾਹੀਦੇ ਹਨ, ਪਰ ਅਫ਼ਸੋਸ ਕੀ ਆਮ ਕਰਕੇ ਅਜਿਹਾ ਹੁੰਦਾ ਨਹੀਂ।

ਲੋਕਤੰਤਰੀ ਬੁਨਿਆਦ ਵਾਲੇ ਰਾਜ ਦੇ ਚੁਣੇ ਗਏ ਮੈਂਬਰ ਝੂਠ ਬੋਲਣ ਵਾਲੇ ਜਾਂ ਆਪਣੇ ਲੋਕਾਂ ਤੋਂ ਲੁਕੋ ਕੇ ਪਰਦੇ ਅੰਦਰ ਕਾਰਜ (ਨੀਤੀਆਂ ਬਨਾਉਣਾ ਆਦਿ) ਕਰਨ ਵਾਲੇ ਵੀ ਨਹੀਂ ਹੋਣੇ ਚਾਹੀਦੇ, ਸਗੋਂ ਲੋਕਾਂ ਨੂੰ ਉਨ੍ਹਾਂ 'ਤੇ ਭਰੋਸਾ ਹੋਵੇ ਕਿ ਉਹ ਜੋ ਕਹਿਣ ਉਸ 'ਤੇ ਪੂਰੇ ਵੀ ਉਤਰਨ। ਜਦੋਂ ਅਜਿਹਾ ਨਹੀਂ ਹੁੰਦਾ ਤਾਂ ਲੋਕਾਂ ਦਾ ਅਜਿਹੇ ਨੇਤਾਵਾਂ ਤੋਂ ਵਿਸ਼ਵਾਸ ਉੱਠ ਜਾਂਦਾ ਹੈ, ਇਸ ਨਾਲ ਕਿਸੇ ਨੇਤਾ ਨੂੰ ਫਰਕ ਪਵੇ ਨਾ ਪਵੇ ਪਰ ਲੋਕਤੰਤਰੀ ਪ੍ਰੰਪਰਾਵਾਂ ਨੂੰ ਫਰਕ ਪੈਂਦਾ ਹੈ, ਉਹ ਪ੍ਰੰਪਰਾਵਾਂ ਤਬਾਹ ਹੋ ਜਾਂਦੀਆਂ ਹਨ, ਜਿਨ੍ਹਾਂ 'ਤੇ ਲੋਕਾਂ ਦਾ ਭਰੋਸਾ ਬਣਿਆਂ ਹੁੰਦਾ ਹੈ। ਅਜਿਹੇ ਸਮੇਂ ਫੈਲੀ ਅਫਰਾ-ਤਫਰੀ ਗ੍ਰਹਿ ਯੁੱਧ ਵਿਚ ਬਦਲਦੀ ਵੀ ਇਤਿਹਾਸ ਨੇ ਬਹੁਤ ਥਾਵੀਂ ਦੇਖੀ ਹੈ। ''ਸੋਸ਼ਲ ਡੈਮੋਕ੍ਰੇਸੀ'' ਵਰਗੇ ਝੂਠੇ ਲਾਰਿਆਂ ਹੇਠ ਜਿੱਤ ਪ੍ਰਾਪਤ ਕਰ ਲੈਣ ਤੋਂ ਬਾਅਦ ਅਜਿਹੇ ਸਿਸਟਮ ਨੂੰ ਲੋਕਾਂ ਨੇ ਨਾਜ਼ੀਵਾਦ/ਫਾਸ਼ੀਵਾਦ ਵਿਚ ਬਦਲਦਿਆਂ ਵੀ ਇਤਿਹਾਸ ਅੰਦਰ ਦਰਜ ਹੋਇਆ ਦੇਖਿਆ ਹੈ। ਲੋਕਾਂ ਦੀ ਭਾਗੀਦਾਰੀ ਨਾਲ ਉਸਰੇ ਉਸੇ ਝੂਠ ਭਰੇ ਦੁਰ-ਪ੍ਰਬੰਧ ਨੇ ਪਿਛਲੀ ਸਦੀ 'ਚ ਕਰੋੜਾਂ ਲੋਕਾਂ ਦੀ ਜਾਨ ਵੀ ਲਈ ਹੈ, ਇਹ ਕੌਣ ਨਹੀਂ ਜਾਣਦਾ ?

ਲੋਕਤੰਤਰ ਦਾ ਮੁੱਖ ਕਾਰਜ ਲੋਕਾਂ ਅੰਦਰ ਸਹਿਹੋਂਦ ਦੀ ਭਾਵਨਾ ਪੈਦਾ ਕਰਨੀ ਅਤੇ ਇਕ ਦੂਜੇ ਪ੍ਰਤੀ ਸਤਿਕਾਰ ਅਤੇ ਮਨੁੱਖੀ ਹਮਦਰਦੀਆਂ ਵਾਲਾ ਭਾਈਚਾਰਾ ਕਾਇਮ ਕਰਨਾ ਵੀ ਹੁੰਦਾ ਹੈ । ਜਿਸ ਭਾਈਚਾਰੇ ਅੰਦਰ ਧਾਰਮਿਕ, ਸਮਾਜਿਕ, ਆਰਥਕ ਅਤੇ ਰਾਜਨੀਤਕ ਪੱਖੋਂ ਕਿਸੇ ਦੇ ਪ੍ਰਤੀ ਵੀ ਪੱਖਪਾਤ ਜਾਂ ਨਫਰਤ ਦੀ ਕੋਈ ਜਗ੍ਹਾ ਨਹੀਂ ਹੋ ਸਕਦੀ। ਜੇ ਕੋਈ ਅਜਿਹਾ ਕਰਦਾ ਹੈ ਤਾਂ ਉਹ ਗੈਰ-ਲੋਕਤੰਤਰੀ ਹੀ ਹੋ ਸਕਦਾ ਹੈ, ਸਮਾਜ ਅੰਦਰ ਅਜਿਹੇ ਲੋਕਾਂ ਨੂੰ ਕਦੇ ਵੀ ਕਬੂਲ ਨਹੀਂ ਕੀਤਾ ਜਾ ਸਕਦਾ।

ਜਿੱਥੇ ਡਰ-ਭੈਅ, ਧੱਕਾ ਤੇ ਧੌਂਸ ਦਾ ਬੋਲਬਾਲਾ ਹੋਵੇ ਉਸ ਨੂੰ ਲੋਕਰਾਜ ਕਹਿਣ 'ਤੇ ਸਵਾਲੀਆ ਨਿਸ਼ਾਨ ਤਾਂ ਲਗਦਾ ਹੀ ਹੈ ਸਗੋਂ ਨਾਲ ਹੀ ਲੋਕਾਂ ਅੰਦਰ ਅਜਿਹੇ ਪ੍ਰਬੰਧ ਅਤੇ ਪ੍ਰਬੰਧ ਨੂੰ ਚਲਾ ਰਹੀ ਸਰਕਾਰ ਪ੍ਰਤੀ ਨਿਰਾਸ਼ਤਾ ਤੇ ਗੁੱਸਾ ਦੋਵੇਂ ਪੈਦਾ ਹੁੰਦੇ ਹਨ। ਕਿਸੇ ਵੀ ਸਿਆਸੀ ਧਿਰ ਵਲੋਂ ਝੂਠੇ ਵਾਅਦਿਆਂ ਨਾਲ ਸਿਰਜੇ ਰਾਜਤੰਤਰ ਵਲੋਂ ਲੋਕਾਂ ਨੂੰ ਦਿੱਤੇ ਬਚਨਾਂ 'ਤੇ ਪੂਰੇ ਨਾ ਉਤਰਨਾ ਲੋਕਾਂ ਨਾਲ ਧੋਖਾ ਕਰਨ ਦੇ ਬਰਾਬਰ ਹੀ ਗਿਣਿਆਂ ਜਾਂਦਾ ਹੈ। ਇਸ ਨਾਲ ਕਿਸੇ ਰਾਜ ਦੀ ਸੰਸਾਰ ਅੰਦਰਲੇ ਦੂਜੇ ਰਾਜਾਂ ਅੰਦਰ ਵੀ ਗੈਰ-ਭਰੋਸੇਯੋਗਤਾ ਵਾਲੀ ਹਾਲਤ ਬਣ ਜਾਂਦੀ ਹੈ।

ਜਦੋਂ ਲੋਕਾਂ ਦੀ ਚੁਣੀ ਹੋਈ ਸਰਕਾਰ ਲੋਕਾਂ ਦੀਆਂ ਹੱਕੀ ਮੰਗਾਂ ਦੀ ਅਣਦੇਖੀ ਕਰੇ ਤੇ ਲੋਕਾਂ ਦੇ ਮਸਲਿਆਂ ਨੂੰ ਕਿਸੇ ਹੋਰ ਦੇ ਮੁਫਾਦ ਜਾਂ ਮੁਨਾਫੇ ਖਾਤਰ ਟਾਲੇ ਜਾਂ ਬਦਨਾਮ ਕਰੇ ਉਦੋਂ ਲੋਕਾਂ ਵਲੋਂ ਚੁਣੀ ਹੋਈ ਸਰਕਾਰ ਲੋਕਤੰਤਰ ਨੂੰ ਅਣਗੌਲਿਆਂ ਕਰਨ ਜਾਂ ਲੋਕਤੰਤਰ ਦੀ ਬੇਅਦਬੀ ਕਰਨ ਦੀ ਦੋਸ਼ੀ ਬਣ ਜਾਂਦੀ ਹੈ। ਇਸ ਤਰ੍ਹਾਂ ਸਰਕਾਰ ਜਾਂ ਸਰਕਾਰੀਤੰਤਰ ਜਾਣੇ-ਅਣਜਾਣੇ ਆਪਣੇ ਹੀ ਲੋਕਾਂ ਨੂੰ ਉਕਸਾਉਣ ਜਾਂ ਭੜਕਾਉਣ ਦਾ ਕਾਰਜ ਕਰਦੇ ਹਨ, ਜਿਸ ਨੂੰ ਅਨੈਤਿਕ ਵੀ ਕਿਹਾ ਜਾ ਸਕਦਾ ਹੈ ਤੇ ਗੈਰ-ਜ਼ਰੂਰੀ ਵੀ। ਕਿਉਂਕਿ ਲੋਕਤੰਤਰੀ ਪਰੰਪਰਾਵਾਂ ਵਿਵਾਦ ਦੀ ਨਹੀ ਸੰਵਾਦ ਦੀ ਹਾਮੀ ਭਰਦੀਆਂ ਹਨ, ਹਰ ਮਸਲਾ ਸੰਵਾਦ ਨਾਲ ਸੁਲਝਾਇਆ ਜਾ ਸਕਦਾ। ਵਿਵਾਦ ਨੂੰ ਹਵਾ ਦੇਣ ਵਾਲੇ ਏਕਾਅਧਿਕਾਰਵਾਦੀ ਪ੍ਰਬੰਧ /ਵਿਵਸਥਾ ਨੂੰ ਉਤਸ਼ਾਹਿਤ ਕਰਨ ਦੇ ਕੁਕਰਮ ਦਾ ਕਾਰਨ ਬਣ ਸਕਦੇ ਹਨ। ਅਜਿਹਾ ਕਦੇ ਵੀ ਨਹੀਂ ਹੋਣਾ ਚਾਹੀਦਾ ਕਿਉਂਕਿ ਇਸ ਨਾਲ ਲੋਕਾਂ ਦਾ ਲੋਕਤੰਤਰ ਵਿਚ ਬਣਿਆ ਵਿਸ਼ਵਾਸ ਤਿੜਕਣ ਲੱਗ ਜਾਂਦਾ ਹੈ। ਇਤਿਹਾਸ ਦੱਸਦਾ ਹੈ ਕਿ ਇਸ ਦੇ ਸਿੱਟੇ ਬਹੁਤ ਖਤਰਨਾਕ ਹੋ ਸਕਦੇ ਹਨ, ਜਿਨ੍ਹਾਂ ਤੋਂ ਬਚਣਾ ਬਹੁਤ ਹੀ ਜ਼ਰੂਰੀ ਹੋ ਜਾਂਦਾ ਹੈ।

ਬੌਣੀ ਸੋਚ ਵਾਲੇ ਸਿਆਸੀ ਆਗੂਆਂ ਦਾ ਵੀ ਇਹੀ ਦੁਖਾਂਤ ਹੁੰਦਾ ਹੈ ਕਿ ਉਹ ਬਰਾਬਰੀ ਦੇ ਅਰਥ ਸਮਝਦੇ ਹੋਏ ਵੀ ਨਹੀਂ ਸਮਝਦੇ। ਜਾਂ ਫਿਰ ਉਹ ਇਹ ਅਰਥ ਸਮਝਣ ਤੋਂ ਅਸਮਰਥ ਹੁੰਦੇ ਹਨ। ਕਿਸੇ ਵੱਲੋਂ ਵੀ ਗਰੀਬੀ ਹੰਢਾਉਣਾ ਕਦੇ ਵੀ ਕਿਸਮਤ ਜਾਂ ਮੁਕੱਦਰ ਨਹੀਂ ਹੁੰਦੇ, ਇਹ ਤਾਂ ਵੱਧੋ-ਵਧ ਮੁਨਾਫਾ ਕਮਾਉਣ ਅਧਾਰਤ ਲੋਕਦੋਖੀ ਰਾਜ ਪ੍ਰਬੰਧ ਦੇ ਲੋਕ ਵਿਰੋਧੀ ਅਤੇ ਧਨਾਢ ਪੱਖੀ ਚਰਿਤ੍ਰ ਦਾ ਨਤੀਜਾ ਹੁੰਦਾ ਹੈ। ਗਰੀਬੀ ਹੰਢਾਅ ਚੁੱਕਿਆ ਮਨੁੱਖ ਕਦੇ ਵੀ ਆਪਣੇ ਪਿਛੋਕੜ ਅਤੇ ਹੰਢਾਈ ਹੋਈ ਪੀੜ ਨੂੰ ਭੁੱਲਦਾ ਨਹੀਂ ਹੁੰਦਾ ਜੋ ਭੁੱਲ ਜਾਵੇ ਉਹਦੇ ਚੋਂ ਇਨਸਾਨ ਹੋਣ ਦਾ ਬਹੁਤ ਕੁਝ ਕਿਰ ਗਿਆ ਹੁੰਦਾ ਹੈ। ਉਸ ਨਾਲ ਮਨੁੱਖਤਾ ਦੀ ਹਾਨੀ ਵੀ ਹੁੰਦੀ ਹੈ ਤੇ ਉਹ ਮਨੁੱਖ ਖੁਦ ਇਸ ਧਰਤੀ 'ਤੇ ਭਾਰ ਜਿਹਾ ਬਣ ਜਾਂਦਾ ਹੈ। ਸਮੇਂ ਦੀ ਸਲੇਟ ਤੇ ਇਹੋ ਪਲ ਦੁਖਦਾਈ ਕਹਾਉਂਦੇ ਹਨ। ਲੋਕ ਦੋਖੀ ਹਾਕਮਾਂ/ਹਕੂਮਤਾਂ ਵਲੋਂ ਦਿੱਤੇ ਦਰਦ ਨੂੰ ਆਮ ਲੋਕ ਕਦੇ ਵੀ ਭੁੱਲਦੇ ਨਹੀਂ ਸਗੋਂ ਸਦੀਆਂ ਤੱਕ ਚੇਤੇ ਰੱਖਦਿਆਂ ਲਾਹਨਤਾਂ ਪਾਉਂਦੇ ਹਨ। ਖਰੀਆਂ, ਲੋਕ ਪੱਖੀ ਸਿਆਸੀ ਧਿਰਾਂ ਲੋਕ ਚੇਤਨਾਂ ਨੂੰ ਸੁਚੇਤ ਕਰਨ ਦੇ ਜਤਨ ਕਰਦੀਆਂ ਹਨ ਕਿ ਮੁੜ ਅਜਿਹਾ ਕਦੇ ਵੀ ਨਾ ਵਾਪਰੇ।

ਜਦੋਂ ਮਨੁੱਖ ਕੋਲੋਂ ਆਪਣਾ ਪਿਛੋਕੜ ਤੇ ਆਪਣੇ ਵਿਰਸੇ ਅੰਦਰਲਾ ਦੂਜਿਆਂ ਬਾਰੇ ਨੇਕ ਸੋਚਣ, ਨੇਕੀ ਕਰਨ ਦਾ ਵਿਚਾਰ ਖੁੱਸ ਜਾਵੇ ਤਾਂ ਉਸ ਦੇ ਕੋਲ ਬਚਦਾ ਹੀ ਕੀ ਹੈ? ਆਦਿ ਕਾਲ ਤੋਂ ਹੀ ਮਨੁੱਖ ਆਪਣੇ ਜੀਣ-ਥੀਣ ਲਈ ਸੰਘਰਸ਼ਸ਼ੀਲ ਰਿਹਾ ਹੈ। ਕਿਸੇ ਮਨੁੱਖ ਦਾ ਲੋਕਤੰਤਰੀ ਹੋਣਾ ਵੀ ਉਸਦੇ ਪਾਲਣ ਪੋਸ਼ਣ ਅਤੇ ਉਸ ਦੀ ਸਿੱਖਿਆ ਨਾਲ ਸੰਬੰਧ ਰਖਦਾ ਹੈ। ਗਲਤ ਸਿੱਖਿਆ ਅਤੇ ਦਲਿੱਦਰੀ ਤੇ ਨਫਰਤੀ ਸੋਚ ਕਦੇ ਵੀ ਉੱਜਲਾ ਭਵਿੱਖ ਨਹੀਂ ਸਿਰਜ ਸਕਦੀ।

ਲੋਕ ਤੰਤਰੀ ਪ੍ਰਬੰਧ ਚਲਾਉਣ ਵਾਸਤੇ ਆਗੂ ਆਮ ਲੋਕਾਂ ਵਿਚੋਂ ਚੁਣੇ ਜਾਂਦੇ ਹਨ ਚੁਣੇ ਜਾਣ ਤੱਕ ਭਾਵੇਂ ਉਹ ਕਿਸੇ ਇਕ ਸਿਆਸੀ ਪਾਰਟੀ ਦੇ ਨੁਮਾਂਇਦੇ ਹੁੰਦੇ ਹਨ ਪਰ ਚੁਣੇ ਜਾਣ ਤੋਂ ਬਾਅਦ ਉਹ ਸਾਰੇ ਲੋਕਾਂ ਦੇ ਆਗੂ ਹੁੰਦੇ ਹਨ। ਜੇ ਅਜਿਹਾ ਨਹੀਂ ਵਾਪਰਦਾ ਹਾਕਮਾਂ ਦੀ ਬਦਨਾਮੀ ਤਾਂ ਹੁੰਦੀ ਹੀ ਹੈ ਪਰ ਨੁਕਸਾਨ ਲੋਕਤੰਤਰ ਨੂੰ ਹੁੰਦਾ ਹੈ। ਲੋਕਾਂ ਦੇ ਕਹੇ ਜਾਂਦੇ ਰਾਜ ਅੰਦਰ ਆਗੂ ਸੱਚੇ- ਸੁੱਚੇ ਹੋਣੇ ਚਾਹੀਦੇ ਹਨ। ਝੂਠ ਬੋਲਣ ਵਾਲਾ ਆਗੂ ਲੋਕਤੰਤਰੀ ਹੋ ਹੀ ਨਹੀਂ ਸਕਦਾ, ਕਿਉਂਕਿ ਲੋਕਾਂ ਨਾਲ ਉਨ੍ਹਾਂ ਨੇ ਸੱਚ ਬੋਲਣ ਦਾ ਵਾਅਦਾ ਕੀਤਾ ਹੁੰਦਾ ਹੈ । ਕਿਸੇ ਵੀ ਲੋਕਤੰਤਰੀ ਆਗੂ ਦਾ ਆਪਣੇ ਸਿਆਸੀ ਵਿਰੋਧੀਆਂ ਪ੍ਰਤੀ ਇਮਾਨਦਾਰ ਤੇ ਸਹਿਣਸ਼ੀਲ ਹੋਣਾ ਬਹੁਤ ਜਰੂਰੀ ਹੁੰਦਾ ਹੈ। ਕਹੇ ਕੁੱਝ ਹੋਰ ਤੇ ਕਰੇ ਕੁੱਝ ਹੋਰ ਵਾਲਾ ਤਾਂ ਪੰਜਾਬੀ ਦੀ ਕਹਾਵਤ ''ਬੁੱਕਲ ਵਿਚ ਰੋੜੀ ਭੰਨਣ ਵਾਲੇ'' ਵਾਂਗ ਬੇ-ਈਮਾਨ/ਸ਼ੈਤਾਨ ਹੀ ਗਿਣਿਆਂ ਜਾਂਦਾ ਹੈ ।

ਬੇ-ਈਮਾਨ ਬੰਦੇ 'ਤੇ ਦੁਨੀਆਂ ਵਿਚ ਕੌਣ ਭਰੋਸਾ ਕਰਦਾ ਹੈ? ਜੇ ਲੋਕਤੰਤਰ ਦੀ ਦੁਹਾਈ ਦੇਣ ਵਾਲੇ ਵੀ ਅਜਿਹਾ ਕਰਨ ਤਾਂ ਦੁਨੀਆਂ ਦੇ ਪੱਧਰ 'ਤੇ ਉਹ ਆਗੂ ਆਪਣੇ ਹੀ ਦੇਸ਼/ਆਪਣੇ ਲੋਕਾਂ ਦੀ ਹੇਠੀ ਦਾ ਕਾਰਨ ਬਣ ਜਾਂਦੇ ਹਨ। ਦੁਨੀਆਂ ਦੇ ਪੱਧਰ ਤੇ ਸਮਝੀ ਜਾਂਦੀ ਬਣੀ ਹੋਈ ਭੱਲ ਜਾਂ ਬੱਲੇ ਬੱਲੇ ਉਨ੍ਹਾਂ ਦਾ ਵਹਿਮ ਹੀ ਰਹਿ ਜਾਂਦਾ ਹੈ। ਇਤਿਹਾਸ ਦੀਆਂ ਘਟਨਾਵਾਂ ਬਾਰੇ ਪੜ੍ਹਦਿਆਂ ਅਜਿਹਾ ਬਹੁਤ ਕੁੱਝ ਦੇਖਣ ਨੂੰ ਮਿਲਦਾ ਹੈ।

ਲੋਕਤੰਤਰ ਅੰਦਰ ਬਹੁਗਿਣਤੀ ਤੇ ਘੱਟਗਿਣਤੀ ਦਾ ਬਰਾਬਰ ਦਾ ਰੁਤਬਾ ਤੇ ਸਨਮਾਨ ਹੁੰਦਾ ਹੈ। ਕਿਸੇ ਵੀ ਧਰਮ ਨਿਰਪੱਖ ਰਾਜ ਅੰਦਰ ਧਾਰਮਕ, ਰਾਜਸੀ, ਸਮਾਜਕ ਜਾਂ ਸੱਭਿਆਚਾਰਕ ਵਖਰੇਵਿਆਂ ਕਰਕੇ ਕਿਸੇ ਨਾਲ ਵਿਤਕਰਾ ਹੋਵੇ ਤਾਂ ਰਾਜ ਦਾ ਫਰਜ਼ ਬਣ ਜਾਂਦਾ ਹੈ ਪੀੜਤ ਦੇ ਨਾਲ ਖੜ੍ਹੇ ਹੋਣਾ ਅਤੇ ਉਸਨੂੰ ਇਨਸਾਫ ਦੇਣਾ/ਦੁਆਉਣਾ । ਦੁਨੀਆਂ ਅੰਦਰ ਲੋਕਤੰਤਰ ਨੂੰ ਖੋਰਾ ਉਦੋਂ ਹੀ ਲੱਗਿਆ ਜਦੋ ਹਕੂਮਤਾਂ ਵਲੋਂ ਕਿਸੇ ਤਰ੍ਹਾਂ ਦੀਆਂ ਕੋਝੀਆਂ ਗਰਜਾਂ ਦੀ ਪੂਰਤੀ ਹਿਤ ਲੋਕਤੰਤਰੀ ਪਰੰਪਰਾਵਾਂ ਨੂੰ ਨੁਕਸਾਨ ਪਹੁੰਚਾਇਆ ਗਿਆ। ਇਹ ਹੋਣਾ ਹੀ ਨਹੀਂ ਚਾਹੀਦਾ ਪਰ ਦੁਨੀਆਂ ਦੇ ਇਤਿਹਾਸ ਅੰਦਰ ਇਸ ਤਰ੍ਹਾਂ ਦੇ ਕਿੱਸੇ ਵੀ ਮਿਲਦੇ ਹਨ। ਵਰਤਮਾਨ ਸਮੇਂ ਅੰਦਰ ਵੀ ਜੇ ਉਹ ਮੁੜ ਦੁਹਰਾਏ ਜਾਂਦੇ ਹਨ ਤਾਂ ਮਨੁੱਖ ਨੇ ਇਤਿਹਾਸ ਤੋਂ ਕੀ ਸਿੱਖਿਆ ?

ਕਿਸੇ ਵੀ ਰਾਜ ਦੀ ਸਿਆਸੀ ਜਾਂ ਸਮਾਜੀ ਬਣਤਰ ਨੂੰ ਦੁਨੀਆਂ ਦੇਖਦੀ ਹੈ। ਸਮਾਜਿਕ, ਆਰਥਿਕ ਤਰੱਕੀ ਤਾਂ ਤਾਨਾਸ਼ਾਹੀ ਵਾਲੇ ਰਾਜਾਂ ਵਿਚ ਵੀ ਨਹੀਂ ਰੁਕਦੀ, ਇਹ ਤਾਂ ਮਿਹਨਤਕਸ਼ ਲੋਕਾਂ ਦੇ ਖੂਨ-ਪਸੀਨੇ ਦਾ ਜਲੌਅ ਹੁੰਦਾ ਹੈ, ਉਹ ਖੁਸ਼ੀ ਨਾਲ ਕਰਨ ਜਾਂ ਧੱਕੇ ਨਾਲ ਕਰਵਾਇਆ ਜਾਵੇ। ਸਵਾਲ ਸਿਰਫ ਇਹ ਹੁੰਦਾ ਹੈ ਕਿ ਹੋਈ ਤਰੱਕੀ ਦਾ ਲਾਭ ਕਿਸ ਨੂੰ ਮਿਲਿਆ, ਹੋਏ ਵਿਕਾਸ ਨੇ ਕਿਨ੍ਹਾਂ ਲੋਕਾਂ ਦੇ ਚਿਹਰਿਆਂ 'ਤੇ ਹਾਸਾ ਜਾਂ ਰੌਣਕ ਲਿਆਂਦੀ। ਹੁਣ ਤੱਕ ਲੋਕਤੰਤਰ ਭਾਈਚਾਰਕ ਸਾਂਝ ਵਧਾਉਣ ਵਾਲਾ ਅਜਿਹਾ ਪ੍ਰਬੰਧ ਗਿਣਿਆਂ ਗਿਆ ਹੈ ਜਿੱਥੇ ਮਨੁੱਖੀ ਆਜ਼ਾਦੀਆਂ ਨੂੰ ਪਿਆਰਿਆ ਤੇ ਸਤਿਕਾਰਿਆ ਜਾਂਦਾ ਹੈ। ਇਸ ਪ੍ਰਬੰਧ ਦਾ ਮਕਸਦ ਲੋਕਾਂ ਨੂੰ ਇਨਸਾਨ ਬਣਨ ਅਤੇ ਇਨਸਾਨਾਂ ਨਾਲ ਆਪਣੇ ਵਰਗਾ ਵਿਹਾਰ ਕਰਨ ਦਾ ਸਬਕ ਪੜ੍ਹਾਇਆ ਜਾਂਦਾ ਹੈ। ਇਹ ਤਾਂ ਅਸੀਂ ਬਚਪਨ ਤੋਂ ਹੀ ਸੁਣਦੇ ਆਏ ਹਾਂ ਕਿ ਕੋਈ ਵੀ ਚੰਗਾ ਰਾਜਪ੍ਰਬੰਧ ਚਲਾਉਣ ਵਾਸਤੇ ਪਹਿਲੀ ਸ਼ਰਤ ਇਨਸਾਨਸਾਜ਼ੀ ਹੁੰਦੀ ਹੈ, ਇਸ ਤੋਂ ਬਿਨਾਂ ਰਾਜ ਨੂੰ ਚਲਾਉਣ ਵਾਲੇ ਡੋਲ ਜਾਂਦੇ ਹਨ ਤੇ ਅਸਲੋਂ ਹੀ ਲੋਕਤੰਤਰ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ੀ ਸਾਬਤ ਹੁੰਦੇ ਹਨ। ਅਜਿਹਾ ਬਹੁਤ ਵਾਰ ਹੋਇਆ ਹੈ ਕਿ ਗਲਤ ਪ੍ਰਚਾਰ ਨਾਲ ਗੁਮਰਾਹ ਹੋ ਕੇ ਲੋਕ ਕਾਲੇ ਮਨਾਂ ਵਾਲੇ ਆਗੂਆਂ ਨੂੰ ਚੁਣ ਲੈਂਦੇ ਰਹੇ ਹਨ ਤੇ ਫੇਰ ਉਨ੍ਹਾਂ ਨੇ ਅਣਜਾਣੇ 'ਚ ਹੋਈ ਗਲਤੀ ਦਾ ਆਪਣੀਆਂ ਜਾਨਾਂ ਦੇ ਕੇ ਮੁੱਲ ਵੀ ਤਾਰਿਆ ਹੈ।

ਲੋਕਾਂ ਦੇ ਭਾਈਚਾਰੇ ਨੂੰ ਵੰਡਣ ਵਾਲੇ ਕਿਸੇ ਵੀ ਖੇਤਰ ਦੇ ਆਗੂਆਂ ਨੂੰ ਲੋਕਾਂ ਨੇ ਕਦੇ ਦਿਲੋਂ ਪ੍ਰਵਾਨ ਨਹੀਂ ਕੀਤਾ। ਇਤਿਹਾਸ ਨੇ ਸਦਾ ਹੀ ਉਨ੍ਹਾਂ ਨੂੰ ਖਲਨਾਇਕਾਂ ਅਤੇ ਨਫਰਤੀ ਸੌਦਾਗਰਾਂ ਦੇ ਰੂਪ ਵਿਚ ਚੇਤੇ ਰੱਖਿਆ ਹੈ। ਜਮਹੂਰੀ ਨਿਜ਼ਾਮ ਉਸੇ ਨੂੰ ਹੀ ਕਿਹਾ ਜਾ ਸਕਦਾ ਹੈ ਜੋ ਹਰ ਕਿਸੇ ਨੂੰ ਬੋਲਣ ਦੀ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਿੰਦਾ ਹੀ ਨਾ ਹੋਵੇ ਉਸ ਦੀ ਰਾਖੀ ਵੀ ਕਰਦਾ ਹੋਵੇ। ਵਿਰੋਧੀ ਧਿਰ ਜਾਂ ਵਿਰੋਧੀ ਵਿਚਾਰਾਂ ਨੂੰ ਧੱਕੇ ਤੇ ਧੌਂਸ ਨਾ ਦਬਾਉਣਾ ਗੈਰ-ਲੋਕਤੰਤਰੀ ਹੁੰਦਾ ਹੈ।

ਅਜਿਹੇ ਸਮੇਂ ਹਰ ਕਿਸੇ ਨੂੰ ਖਾਸ ਤੌਰ 'ਤੇ ਬੁੱਧੀਜੀਵੀਆਂ ਤੇ ਦੂਰਦਰਸ਼ੀ ਸੋਚ ਵਾਲੇ ਲੋਕਾਂ (ਥਿੰਕ ਟੈਂਕ) ਨੂੰ ਲੋਕਤੰਤਰ ਲਈ ਖਤਰਾ ਪੈਦਾ ਹੋ ਜਾਣ ਸਮੇਂ ਲੋਕਾਂ ਦੇ ਸੰਗ-ਸਾਥ ਨਾਲ ਮੈਦਾਨੇ ਨਿੱਤਰਨਾ ਪੈਂਦਾ ਹੈ। ਇਹ ਵੀ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਲੋਕ ਰਾਜ ਦੀ ਰਾਖੀ ਵਾਸਤੇ ਮੱਥਿਆਂ ਵਿਚ ਗਿਆਨ ਦੇ ਜਗਦੇ ਦੀਵਿਆਂ ਵਾਲੇ ਲੋਕਾਂ ਨੇ ਚਾਨਣੀ ਸੋਚ ਲੈ ਕੇ ਹਮੇਸ਼ਾ ਹੀ ਆਪਣੀ ਆਵਾਜ਼ ਬੁਲੰਦ ਕੀਤੀ। ਇਤਿਹਾਸ ਅਜਿਹੇ ਲੋਕਾਂ ਨੂੰ ਸਦਾ ਹੀ ਸਮੇਂ ਦੇ ਸੂਰਮਿਆਂ ਵਜੋਂ ਚੇਤੇ ਕਰਦਾ ਰਿਹਾ ਹੈ ਅਤੇ ਕਰਦਾ ਰਵ੍ਹੇਗਾ।

# ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਬਲਾਕ ਲਹਿਰਾਗਾਗਾ, ਮੂਨਕ ਦੀ ਚੋਣ; ਗੁਰਦਾਸ ਸਿੰਘ ਝਲੂਰ ਨੂੰ ਪ੍ਰਧਾਨ ਚੁਣੇ

**ਲਹਿਰਾਗਾਗਾ,(ਦਲਜੀਤ ਕੌਰ)**- ਅੱਜ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਮੀਟਿੰਗ ਹੋਈ ਜ ਜਿਸ ਚ ਲਹਿਰਾਗਾਗਾ ਤੇ ਮੂਨਕ ਦੇ ਵੱਖ -ਵੱਖ ਪਿੰਡਾਂ ਦੇ ਲੋਕਾਂ ਨੇ ਸਮੂਲੀਅਤ ਕੀਤੀ। ਜਿਸ ਨੂੰ ਸੰਬੋਧਨ ਕਰਦੇ ਹੋਏ ਜੋਨਲ ਵਿੱਤ ਸਕੱਤਰ ਬਿੱਕਰ ਸਿੰਘ ਹਥੋਆ ਨੇ ਦਸਿਆ ਕਿ ਮੌਜੂਦਾ ਸਮੇਂ ਸਰਕਾਰ ਵੱਲੋ ਮਜ਼ਦੂਰਾਂ ਨੂੰ ਰੱਜ ਕੇ ਅਣਗੌਲਿਆਂ ਕਰਿਆ ਜਾਂ ਰਿਹਾ ਹੈ। ਮਜ-ਦੂਰਾਂ ਦੇ ਬੁਨਿਆਦੀ ਮਸਲੇ ਜਮੀਨ/ਘਰ, ਰੁਜਗਾਰ, ਕਰਜ਼ਾ, ਜਾਤੀ ਵਿਤਕਰਾ ਦਾ ਖ਼ਤਮ ਦੇ ਵੱਲ ਕੋਈ ਧਿਆਨ ਨਹੀ। ਜਿਸ ਤੇ ਮਜ਼ਦੂਰਾਂ ਦੇ ਮੁੱਖ ਮਸਲੇ ਪੰਚਾਇਤੀ ਜਮੀਨ ਦੇ ਤੀਜੇ ਹਿੱਸੇ ਨੂੰ ਪੱਕੇ ਤੌਰ ਤੇ ਲੈਣ, ਨਜ਼ੂਲ ਜ਼ਮੀਨ ਦੇ ਮਾਲਕਾਨਾ ਹੱਕ, ਕੋਆਪਰੇਟਿਵ ਸੁਸਾਇਟੀ 'ਚੋਂ ਮੈਂਬਰਸ਼ਿਪ ਲੈ ਕੇ ਕਰਜ਼ੇ ਦਾ ਪ੍ਰਬੰਧ ਕਰਨ ਤੇ ਹੋਰ ਮੰਗਾਂ ਨੂੰ ਲੈ ਕੇ ਸੰਘਰਸ਼ ਵਿੱਢਣ ਦਾ ਪ੍ਰੋਗਰਾਮ ਮਿਥਿਆ ਗਿਆ ਹੈ ਅਤੇ ਸੀਜਨ ਤੋਂ ਬਾਅਦ ਵੱਡਾ ਐਕਸ਼ਨ ਕਰਕੇ ਘੋਲ ਚਲਾਉਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਦੌਰਾਨ 15 ਮੈਂਬਰੀ ਕਮੇਟੀ ਦੀ ਚੋਣ ਕੀਤੀ



ਗਈ। ਜਿਸ 'ਚ ਗੁਰਦਾਸ ਸਿੰਘ ਝਲੂਰ ਨੂੰ ਪ੍ਰਧਾਨ, ਦੇਵ ਸਿੰਘ ਦਹਿਲਾ, ਸੁਰੇਸ਼ ਬਨਾਰਸੀ, ਮੱਖਣ ਝਲੂਰ ਤਿੰਨੋ ਮੀਤ ਪ੍ਰਧਾਨ, ਰਾਮਪਾਲ ਸਿੰਘ ਘੋੜੇਨਾਬ ਜਰਨਲ ਸਕੱਤਰ, ਸਤਿਗੁਰ ਸਿੰਘ ਰੈਧਰਾਣਾ ਖਜਾਨਚੀ, ਪਿੰਕਾ ਸਿੰਘ ਪ੍ਰੈਸ ਸਕੱਤਰ, ਦਰਸ਼ਨ ਸਿੰਘ ਸਲਾਹਕਾਰ, ਲੀਲਾ ਸਿੰਘ ਭੁਟਾਲ ਕਲਾ, ਚਾਨਣ ਸਿੰਘ, ਅਮਰੀਕ ਸਿੰਘ, ਲੀਲਾ ਰਾਮ ਬਨਾਰਸੀ, ਹਰਫੂਲ ਸਿੰਘ ਖਨੌਰੀ, ਜਿਲਾ ਸਿੰਘ, ਨਾਥਾ ਸਿੰਘ, ਲੀਲਾ ਰਾਮ ਖਨੌਰੀ ਕਲਾਂ ਮੈਂਬਰ ਲੈ ਗਏ। ਅੰਤ ਵਿੱਚ ਪਿੰਡਾਂ 'ਚ ਮੈਂਬਰਸ਼ਿਪ ਕਰਕੇ ਵਿਸਥਾਰ ਕਰਨ, ਤੇ 9 ਤਰੀਕ ਨੂੰ ਡਾ ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਸੈਮੀਨਾਰ ਚ ਸੰਗਰੂਰ ਪੁੱਜਣ ਦਾ ਸੱਦਾ ਦਿੱਤਾ ਗਿਆ।

# ਡਾ. ਬੀ.ਆਰ. ਅੰਬੇਡਕਰ ਜੀ ਦੇ ਉੱਚੇ ਤੇ ਸੁੱਚੇ ਵਿਚਾਰ





ਸੰਤੋਖ ਸਿੰਘ ਜੱਸੀ
91-70876-19800

1) ਮੇਰੀ ਜੈ ਜੈ ਕਾਰ ਕਰਨ ਦੀ ਬਜਾਏ, ਮੇਰੇ ਦੱਸੇ ਰਸਤੇ ’ਤੇ ਚੱਲੋ ਇਹੀ ਮੇਰੀ ਇੱਛਾ ਹੈ।

2) ਪੂਰੀ ਰਾਤ ਮੈਂ ਇਸ ਲਈ ਜਾਗਦਾ ਰਹਿੰਦਾ ਹਾਂ ਕਿਉਂਕਿ ਮੇਰਾ ਸਮਾਜ ਸੁੱਤਾ ਹੋਇਆ ਹੈ। ਉਸਦੇ ਜਾਗਣ ਦਾ ਇੰਤਜ਼ਾਰ ਕਰਦਾ ਹਾਂ।

3) ਜਿਹੜੀ ਕੌਮ ਆਪਣਾ ਇਤਿਹਾਸ ਨਹੀਂ ਜਾਣਦੀ, ਉਹ ਕੌਮ ਆਪਣਾ ਇਤਿਹਾਸ ਨਹੀਂ ਬਣਾ ਸਕਦੀ। ਜਾਗਦੇ ਲੋਕ ਹੀ ਇਤਿਹਾਸ ਬਣਾਉਂਦੇ ਹਨ।

4) ਆਪਣੀ ਕਿਸਮਤ ’ਤੇ ਵਿਸ਼ਵਾਸ ਕਰਨ ਦੀ ਬਜਾਏ, ਆਪਣੀ ਮਜ਼ਬੂਤੀ ’ਤੇ ਵਿਸ਼ਵਾਸ ਕਰੋ।

5) ਮੈਂ ਰਾਜਨੀਤੀ ਵਿੱਚ ਸੁੱਖ ਭੋਗਣ ਲਈ ਨਹੀਂ ਆਇਆ, ਸਗੋਂ ਦੱਬੇ ਕੁਚਲੇ ਲੋਕਾਂ ਨੂੰ ਅਧਿਕਾਰ ਦੁਆਉਣ ਵਾਸਤੇ ਆਇਆ ਹਾਂ।

6) ਮਨੂੰਵਾਦ ਨੂੰ ਜੜ੍ਹ ਤੋਂ ਖਤਮ ਕਰਨਾ, ਮੇਰਾ ਪਹਿਲਾ ਧਰਮ ਅਤੇ ਟੀਚਾ ਹੈ।

7) ਜਿਹੜਾ ਧਰਮ ਜਨਮ ਤੋਂ ਹੀ ਇੱਕ ਨੂੰ ਉੱਚਾ ਤੇ ਦੂਸਰੇ ਨੂੰ ਨੀਵਾਂ ਦਿਖਾਵੇ, ਉਹ ਧਰਮ ਨਹੀਂ, ਗ਼ੁਲਾਮ ਬਣਾਉਣ ਵਾਲਾ ਚਲਾਕੀ ਭਰਿਆ ਛੜਯੰਤਰ ਹੈ।

8) ਦੇਸ਼ ਉਦੋਂ ਹੀ ਉੱਚਾਈ ਪ੍ਰਾਪਤ ਕਰ ਸਕਦਾ ਹੈ, ਜਦੋਂ ਉੱਥੋਂ ਦੇ ਲੋਕਾਂ ਵਿੱਚ ਜਾਤੀ, ਨਸਲ, ਰੰਗ, ਲਿੰਗ, ਭੇਦ ਦਾ ਅੰਤਰ ਖ਼ਤਮ ਕਰ ਕੇ ਸਮਾਜ ਨੂੰ ਸਮਾਜਿਕ ਉੱਚਾਈ ’ਤੇ ਸਰਵਉੱਚ ਸਥਾਨ ਦਿੱਤਾ ਜਾਵੇ।

9) ਮੈਂ ਸਾਰੀ ਜ਼ਿੰਦਗੀ ਕੰਮ ਕੀਤਾ ਹੈ। ਹੁਣ ਮੇਰੇ ਸਮਾਜ ਦੇ ਨੌਜਵਾਨ ਇਸ ਕੰਮ ਲਈ ਅੱਗੇ ਆਉਣ।

10) ਆਪਣੇ ਆਪ ਨੂੰ ਵਧੀਆ ਦਿਖਾਉਣ ਲਈ ਨਾ ਜੀਓ, ਬਲਕਿ ਅੱਛਾ ਬਣਨ ਲਈ ਜੀਓ।

11) ਜਿਹੜਾ ਇਨਸਾਨ ਝੁਕ ਸਕਦਾ ਹੈ। ਉਹ ਸਾਰੀ ਦੁਨੀਆਂ ਨੂੰ ਵੀ ਝੁਕਾਉਣ ਦੀ ਤਾਕਤ ਰੱਖਦਾ ਹੈ।

12) ਲੋਕਤੰਤਰ ਸਰਕਾਰ ਦਾ ਮਹਿਜ਼ ਇੱਕ ਢਾਂਚਾ ਨਾ ਹੋਵੇ, ਇਹ ਜੀਉਂਦਾ ਜਾਗਦਾ ਹੋਣਾ ਚਾਹੀਦਾ ਹੈ।

13) ਇੱਕ ਇਤਿਹਾਸਕਾਰ ਸਟੀਕ, ਇਮਾਨਦਾਰ, ਨਿਰਪੱਖ ਹੋਵੇ। ਪੱਖਪਾਤੀ ਨਹੀਂ ਹੋਣਾ ਚਾਹੀਦਾ।

14) ਸੰਵਿਧਾਨ ਇਹ ਇੱਕ ਮਾਤਰ ਵਕੀਲਾਂ ਦਾ ਦਸਤਾਵੇਜ਼ ਨਹਂ ਹੈ। ਇਹ ਜੀਵਨ ਜਿਊਣ ਦਾ ਵਧੀਆ ਮਾਧਿਅਮ ਹੈ।

15) ਕਿਸ ਵੀ ਚੀਜ਼ ਦਾ ਸੁਆਦ ਬਦਲਿਆ ਜਾ ਸਕਦਾ ਹੈ, ਪ੍ਰੰਤੂ ਜ਼ਹਿਰ ਨੂੰ ਅੰਮ੍ਰਿਤ ਵਿੱਚ ਨਹੀਂ ਬਦਲਿਆ ਜਾ ਸਕਦਾ।

16) ਨਿਆਂ ਹਮੇਸ਼ਾਂ ਬਰਾਬਰਤਾ ਦੇ ਵਿਚਾਰ ਨੂੰ ਪੈਦਾ ਕਰਦਾ ਹੈ, ਅਨਿਆਏ ਨਹੀਂ ਕਰਦਾ।

17) ਮਨ ਦੀ ਆਜ਼ਾਦੀ ਹੀ ਅਸਲ ਵਿੱਚ ਆਜ਼ਾਦੀ ਹੈ, ਬਾਕੀ ਸਭ ਗ਼ੁਲਾਮੀ ਹੈ।

18) ਇਸ ਦੁਨੀਆਂ ਵਿੱਚ ਮਹਾਨ ਕੋਸ਼ਿਸ਼ਾਂ ਨਾਲ ਪ੍ਰਾਪਤ ਕੀਤਾ ਗਿਆ ਮਹਾਨ ਹੈ, ਬਾਕੀ ਸਭ ਕੁੱਝ ਬਹੁਮੁੱਲਾ ਨਹੀਂ ਹੈ।

19) ਗਿਆਨ ਹੀ ਵਿਅਕਤੀ ਦੇ ਜੀਵਨ ਦਾ ਆਧਾਰ ਹੈ। ਇਸ ’ਤੇ ਹੀ ਜ਼ਿੰਦਗੀ ਖੜ੍ਹੀ ਹੈ।

20) ਸਿੱਖਿਆ ਜਿੰਨੀ ਮਰਦਾਂ ਲਈ ਜ਼ਰੂਰੀ ਹੈ, ਉਸ ਤੋਂ ਜ਼ਿਆਦਾ ਜ਼ਰੂਰੀ ਔਰਤਾਂ ਲਈ ਵੀ ਹੈ।

21) ਸਿੱਖਿਆ ਸ਼ੇਰਨੀ ਦਾ ਉਹ ਦੁੱਧ ਹੈ, ਜਿਹੜਾ ਪੀਏਗਾ ਉਹ ਹੀ ਗਰਜੇਗਾ।

22) ਖ਼ਤਰਾ ਮੈਨੂੰ ਉਹਨਾਂ ਤੋਂ ਨਹੀਂ ਜੋ ਮੇਰੇ ਲਿਖੇ ਸੰਵਿਧਾਨ ਨਾਲ ਛੇੜ-ਛਾੜ ਕਰਦੇ ਹਨ। ਖ਼ਤਰਾ ਮੈਨੂੰ ਆਪਣੇ ਸਮਾਜ ਦੇ ਉਹਨਾਂ ਬਦਮਾਸ਼ਾਂ ਤੋਂ ਹੈ, ਜਿਹੜੇ ਰਾਖਵੇਂਕਰਨ ਨਾਲ ਪੜ੍ਹ-ਲਿਖ ਕੇ ਨੌਕਰੀ ਲੈ ਕੇ, ਵਿਧਾਇਕ ਬਣਕੇ, ਮੰਤਰੀ ਬਣਕੇ ਦੁਸ਼ਮਣਾਂ ਦੀਆਂ ਜੁੱਤੀਆਂ ਚੱਟਦੇ ਹਨ ਤੇ ਆਪਣੇ ਸਮਾਜ ਨੂੰ ਧੋਖਾ ਦੇ ਰਹੇ ਹਨ।

23) ਜੋ ਦਲਿਤ ਮੰਦਿਰਾਂ ਵਿੱਚੋਂ ਭਗਵਾਨ ਲੱਭ ਰਹੇ ਹਨ, ਜੇਕਰ ਅੰਬੇਡਕਰ ਸਾਹਿਬ ਨਾ ਹੁੰਦੇ ਤਾਂ ਉਹ ਲੋਕ ਕੂੜੇ ਵਿੱਚੋਂ ਖਾਣ ਲਈ ਲੱਭ ਰਹੇ ਹੁੰਦੇ।

**ਸ਼ਰਧਾਂਜਲੀ**

ਆਪਣੀ ਅਕਲ ਲਿਆਕਤ ਨਾਲ ਕਮਾਲਾਂ ਕਰ ਦਿੱਤੀਆਂ।
ਸਦੀਆਂ ਤੋਂ ਸੱਖਣੀਆਂ ਸਹਿਜਲ ਝੋਲ਼ੀਆਂ ਭਰ ਦਿੱਤੀਆਂ।

ਡਾ. ਅੰਬੇਡਕਰ ਦੀ ਸ਼ਖ਼ਸੀਅਤ ਉਹਨਾਂ ਦੀ ਵਿਦਵਤਾ, ਉਹਨਾਂ ਵਿੱਚ ਅਗਵਾਈ ਕਰਨ ਅਤੇ ਸੰਗਠਿਤ ਕਰਨ ਦੀ ਸਮਰੱਥਾ, ਅਜਿਹੇ ਗੁਣ ਆਪਣੇ ਆਪ ਵਿੱਚ ਹੀ ਉਹਨਾਂ ਨੂੰ ਸਿਰਮੌਰ, ਦੇਸ਼ ਦਾ ਮਾਣ (ਪੂੰਜੀ) ਦਰਸਾਉਣ ਲਈ ਕਾਫੀ ਹਨ। ਇਸ ਤੋਂ ਇਲਾਵਾ, ਉਹਨਾਂ ਨੇ ਛੂਆਛਾਤ ਨੂੰ ਖਤਮ ਕਰਨ ਦੇ ਯਤਨਾਂ ਦੁਆਰਾ ਆਪਦੀਆਂ ਅਪਾਰ ਸੇਵਾਵਾਂ ਭਾਰਤ ਭੂਮੀ ਲਈ ਦਿੱਤੀਆਂ। ਲੱਖਾਂ ਕਰੋੜਾਂ ਕਰੋੜਾਂ ਦਲਿਤ ਵਰਗਾਂ ਅੰਦਰ ਆਤਮ ਵਿਸ਼ਵਾਸ ਆਦਮੀਅਤਾ ਵਾਲੀ ਭਾਵਨਾ ਪੈਦਾ ਕੀਤੀ। ਦੇਸ਼ ਭਗਤੀ ਅਤੇ ਮਾਨਵਤਾ ਪੱਖ ਤੋਂ ਉਹਨਾਂ ਦੀ ਵੱਡੀ ਦੇਣ ਹੈ। ਅਖੌਤੀ ਅਛੂਤ ਜਾਤਾਂ ਅੰਦਰ ਅਜਿਹੀ ਉੱਚ ਸ਼ਖ਼ਸੀਅਤ ਦਾ ਜਨਮ ਲੈਣਾ ਇਹ ਸੱਚਮੁੱਚ ਹੀ ਅਛੂਤਾਂ ਨੂੰ ਆਤਮ-ਨਿਰਾਸ਼ਾ ਤੋਂ ਮੁਕਤ ਕਰਨ ਲਈ ਕਾਫੀ ਹੈ। ਉਹਨਾਂ ਵਿੱਚ ਜ਼ਿੰਦਾਦਿਲੀ ਭਰਨ ਲਈ ਕਾਫੀ ਹੈ ਕਿ ਉਹ ਅਖੌਤੀ ਛੂਤ ਜਾਤਾਂ (ਉੱਚ ਜਾਤਾਂ) ਦੀ ਉੱਚਤਾ ਨੂੰ ਚੁਣੌਤੀ ਦੇ ਸਕਦੇ ਹਨ।

**ਵੀਰ ਸਾਵਰਕਰ ਜੀਵਨ ਅਤੇ ਮਿਸ਼ਨ ਸਫਾ 346**

ਬਹੁਤਾ ਕਰਕੇ ਡਾ. ਅੰਬੇਡਕਰ ਨੂੰ ਹਿੰਦੂ ਸਮਾਜ ਦੇ ਸਾਰੇ ਅੱਤਿਆਚਾਰੀ ਲੱਛਣਾਂ ਵਿਰੁੱਧ ਵਿਦਰੋਹ ਦੇ ਪ੍ਰਤੀਕ ਵਜੋਂ ਚੇਤੇ ਰੱਖਿਆ ਜਾਵੇਗਾ। ਇਸ ਸ਼ੋਸ਼ਣ ਵਾਲੇ ਪੱਖਾਂ ਦੀ ਉਹਨਾਂ ਦੁਆਰਾ ਸਖਤ ਵਿਰੋਧਤਾ ਨੇ ਲੋਕਾਂ ਦੀ ਸੋਚ, ਲੋਕਾਂ ਦੇ ਮਨਾਂ ਨੂੰ ਜਾਗਰੂਕ ਕੀਤਾ, ਭਾਵੇਂ ਉਹਨਾਂ ਬਾਰੇ ਵਾਦ-ਵਿਵਾਦ ਵੀ ਕਾਫੀ ਰਿਹਾ, ਫਿਰ ਵੀ ਉਹਨਾਂ ਨੇ ਸਰਕਾਰੀ ਸਰਗਰਮੀਆਂ ਵਿੱਚ ਬਹੁਤ ਹੀ ਉਸਾਰੂ ਅਤੇ ਮਹੱਤਵਪੂਰਨ ਰੋਲ ਅਦਾ ਕੀਤਾ। ਉਹਨਾਂ ਨੇ ਜਿਹਨਾਂ ਪਹਿਲੂਆਂ ਖਿਲਾਫ਼ ਬਗ਼ਾਵਤ ਕੀਤੀ, ਉਹ ਸਾਨੂੰ ਸਭ ਨੂੰ ਕਰਨੀ ਚਾਹੀਦੀ ਹੈ।

**ਜਵਾਹਰ ਲਾਲ ਨਹਿਰੂ, ਜੀਵਨ ਅਤੇ ਮਿਸ਼ਨ ਸਫਾ 517**

ਡਾ. ਅੰਬੇਡਕਰ ਸਾਡੇ ਸੰਵਿਧਾਨ ਦੇ ਨਿਰਮਾਤਾ ਸਨ, ਵੱਖ-ਵੱਖ ਹੈਸੀਅਤ ਵਿੱਚ ਖਾਸ ਕਰਕੇ ਦਲਿਤ ਵਰਗਾਂ ਦੇ ਉੱਥਾਨ ਲਈ ਉਹਨਾਂ ਦੀਆਂ ਸੇਵਾਵਾਂ ਦਾ ਜਵਾਬ ਨਹੀਂ।

**ਡਾ. ਰਜਿੰਦਰ ਪ੍ਰਸਾਦ, ਜੀਵਨ ਅਤੇ ਮਿਸ਼ਨ ਸਫਾ 517**

ਡਾ. ਅੰਬੇਡਕਰ ਸਾਦਾ, ਪੂਰੀ ਤਰ੍ਹਾਂ ਇਮਾਨਦਾਰ, ਤਿੱਖੀ ਕਾਨੂੰਨੀ ਸੂਝ ਵਾਲਾ, ਆਪਣੀ ਗੱਲ ਦਾ ਪੱਕਾ ਅਤੇ ਮਹਾਨ ਵਿਦਵਤਾ ਵਾਲਾ ਵਿਅਕਤੀ ਸੀ।

**ਰਾਜਗੋਪਾਲਚਾਰੀ, ਜੀਵਨ ਅਤੇ ਮਿਸ਼ਨ ਸਫਾ 518**

ਉੱਚ ਜਾਤਾਂ ਦੀ ਜ਼ਮੀਰ ਨੂੰ ਆਪਣੇ ਪ੍ਰਭਾਵ ਨਾਲ ਟੁੰਬਣ ਕਰਕੇ ਗਾਂਧੀ ਨੇ ਆਪਣੇ ਆਪ ਨੂੰ ਮਹਾਨ ਆਗੂ ਸਾਬਿਤ ਕੀਤਾ, ਪਰ ਮੇਰੀ ਰਾਏ ਵਿੱਚ ਡਾ. ਅੰਬੇਡਕਰ ਅਸਲ ਮਹਾਤਮਾ ਹੈ। ਉਹਨਾਂ ਦਾ ਕੱਦ, ਉਹਨਾਂ ਦਾ ਰੁਤਬਾ ਨਾ ਕੇਵਲ ਅਨਿਆਂ ਖਿਲਾਫ਼ ਲੜਨ ਵਾਲੇ ਅਣਥੱਕ ਯੋਧੇ ਵਜੋਂ ਹੈ, ਬਲਕਿ ਬਤੌਰ ਮਹਾਨ ਭਾਰਤੀ ਵਜੋਂ ਵੀ ਹੈ।

**ਮਧੂਲਿਮੇ, ਅੰਤਲੇ ਕੁੱਝ ਸਾਲ ਸਫਾ 161**

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਡਾ. ਅੰਬੇਡਕਰ ਅਜਿਹੇ ਮਸ਼ਹੂਰ ਵਿਅਕਤੀਆਂ ਵਿੱਚੋਂ ਇੱਕ ਹੈ, ਜਿਸ ਨੇ ਮਹਾਨ ਦੇਸ਼ ਭਾਰਤ ਵਿੱਚ ਉਸ ਸਮੇਂ ਇੱਕ ਇਤਿਹਾਸਿਕ ਯੋਗਦਾਨ ਪਾਇਆ, ਜਦੋਂ ਦੇਸ਼ ਵੱਡੀਆਂ ਤਬਦੀਲੀਆਂ ਵਿੱਚੀਂ ਗੁਜ਼ਰ ਰਿਹਾ ਸੀ। ਡਾ. ਅੰਬੇਡਕਰ ਉਹਨਾਂ ਵਿੱਚੋਂ ਇੱਕ ਸੀ, ਜਿਸ ਨੇ ਦੇਸ਼ ਵਿੱਚ ਸਮਾਜਿਕ ਤਬਦੀਲੀ ਦੇ ਸਿਲਸਿਲੇ ਨੂੰ ਤੇਜ਼ ਕਰਨ ਵਿੱਚ ਸਹਾਇਤਾ ਕੀਤੀ, ਅਜਿਹਾ ਸਿਲਸਿਲਾ ਜਿਸ ਦੇ ਸਿੱਟੇ ਵਜੋਂ ਲੱਖਾਂ ਲੋਕ ਬਿਹਤਰ ਅਤੇ ਸੁਖੀ ਜੀਵਨ ਜੀਊਣ ਦੇ ਯੋਗ ਹੋ ਗਏ।

**ਯੂ. ਨੂ. ਪ੍ਰਧਾਨ ਮੰਤਰੀ ਬਰਮਾ ਜੀਵਨ ਅਤੇ ਮਿਸ਼ਨ ਸਫਾ 519**

ਬਾਬਾ ਸਾਹਿਬ ਦੇ ਮਹਾਨ ਬੌਧਿਕ ਗੁਣਾਂ, ਦੇਸ਼ ਅਤੇ ਆਪਣੇ ਸਮੁਦਾਇ ਪ੍ਰਤੀ ਉਹਨਾਂ ਦੀਆਂ ਸੇਵਾਵਾਂ ਕਾਰਨ ਦੇਸ਼ ਦੇ ਮਹਾਨ ਬੰਦਿਆਂ ਦੀ ਮੋਹਰਲੀ ਕਤਾਰ ਵਿੱਚ ਉਹਨਾਂ ਦਾ ਸ਼ੁਮਾਰ ਹੁੰਦਾ ਹੈ। ਦੁਨੀਆਂ ਵਿੱਚ ਆਮ ਕਰਕੇ ਅਤੇ ਭਾਰਤ ਵਿੱਚ ਖਾਸ ਕਰਕੇ ਜਿਹੜੇ ਵੀ ਮਨੁੱਖੀ ਸੁਤੰਤਰਤਾ ਪ੍ਰਾਪਤੀ ਨਾਲ ਸੰਬੰਧਿਤ ਹਨ, ਉਹਨਾਂ ਲਈ ਬਾਬਾ ਸਾਹਿਬ ਦੀ ਘਾਲਣਾ, ਮਾਣ, ਸਤਿਕਾਰ, ਧੰਨਵਾਦ ਕਰਨ ਯੋਗ ਹੈ।

**ਬੀ.ਜੀ. ਹੌਰਨੀਮਨ, ਸੰਪਾਦਕ ਬੰਬੇ ਸੈਂਟੀਨਲ**
**ਜੀਵਨ ਅਤੇ ਮਿਸ਼ਨ ਸਫਾ 346**

ਹਰ ਭਾਰਤੀ ਨਾਗਰਿਕ ਆਪਣੇ ਅਧਿਕਾਰ ਮਾਨਣ ਸਮੇਂ ਬਾਬਾ ਸਾਹਿਬ ਦਾ ਨਾਂ ਅਹਿਸਾਨਮੰਦੀ ਨਾਲ ਯਾਦ ਕਰੇਗਾ। ਮੈਂ ਉਹਨਾਂ ਨੂੰ ਐੱਸ.ਸੀ. ਦੇ ਹੀ ਲੀਡਰ ਨਹੀਂ, ਸਾਰੀ ਕੌਮ ਸਾਰੇ ਦੇਸ਼ ਦੇ ਲੀਡਰ ਮੰਨਦਾ ਹਾਂ। ਸੰਵਿਧਾਨ ਕਾਨੂੰਨ ਦੇ ਇੱਕ ਮਾਹਿਰ ਵਜੋਂ ਉਹਨਾਂ ਦਾ ਨਾਂ ਦੁਨੀਆਂ ਭਰ ਵਿੱਚ ਜਾਣਿਆਂ ਜਾਂਦਾ ਹੈ। ਉਹ ਰਾਜਨੀਤੀ ਦੇ ਵੀ ਵਿਦਵਾਨ ਹਨ।

**ਜਸਟਿਸ ਐਮ.ਸੀ. ਛਾਗਲਾ ਜੀਵਨ ਅਤੇ ਮਿਸ਼ਨ ਸਫਾ 419**

ਆਉਣ ਵਾਲੀਆਂ ਨਸਲਾਂ ਲਈ ਡਾ. ਅੰਬੇਡਕਰ, ਸੰਵਿਧਾਨ ਸਭਾ ਦੇ ਮਸੀਹਾ ਵਜੋਂ ਜਾਣੇ ਜਾਣਗੇ। ਇੱਕ ਦਿਨ ਅਜਿਹਾ ਆਵੇਗਾ, ਜਦੋਂ ਲੋਕ ਉਹਨਾਂ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਦੇਖਣਗੇ।

**ਕੇ. ਹਨੂਮਥੱਈਆ ਜੀਵਨ ਅਤੇ ਮਿਸ਼ਨ ਸਫਾ 420**

ਸੱਚ ਕਹੀਏ ਤਾਂ ਅਛੂਤਾਂ ਦੇ ਰਾਜਨੀਤਿਕ ਅਧਿਕਾਰਾਂ ਪ੍ਰਤੀ ਕੁੱਛ ਕਰਨ ਲਈ ਗਾਂਧੀ, ਡਾ. ਅੰਬੇਡਕਰ ਤੋਂ ਪ੍ਰਭਾਵਿਤ ਹੋਇਆ ਸੀ। ਡਾ. ਅੰਬੇਡਕਰ ਦੱਬੇ ਕੁਚਲੇ ਲੋਕਾਂ ਦੀ ਗੁਲਾਮੀ ਤੋੜਨ ਵਾਲਾ ਇੱਕ ਮਹਾਨ ਸਿੱਧ ਪੁਰਸ਼ ਸੀ।

**ਆਰ. ਕੇ. ਸਿੱਧਵਾਂ ਜੀਵਨ ਅਤੇ ਮਿਸ਼ਨ ਸਫਾ 420**

ਗਾਂਧੀ ਨਹਿਰੂ ਵਰਗੇ ਭਾਰਤੀ ਆਗੂ ਅਸਾਧਾਰਣ ਗੁਣਾਂ ਵਾਲੇ ਸਨ, ਪਰ ਡਾ. ਅੰਬੇਡਕਰ ਇਹਨਾਂ ਸਿਆਣਿਆਂ ਵਿੱਚੋਂ ਵੀ ਵੱਧ ਅਸਾਧਾਰਨ ਯੋਗਤਾ ਵਾਲਾ ਮਨੁੱਖ ਸੀ।

**ਮਾਈਕਲ ਫੁੱਟ, ਲੇਬਰ ਪਾਰਟੀ ਯੂ.ਕੇ. ਦਾ ਸਾਬਕਾ ਲੀਡਰ**
**ਸ਼ੋਰੀ ਨੂੰ ਜਵਾਬ ਸਫਾ-22**

ਡਾ. ਅੰਬੇਡਕਰ ਦੀ ਪ੍ਰਤਿਭਾ, ਉਹਨਾਂ ਦੇ ਗੁਣਾਂ ਦਾ ਕੌਮ ਪੂਰੀ ਤਰ੍ਹਾਂ ਲਾਹਾ ਨਹੀਂ ਲੈ ਸਕੀ। ਇਸ ਨੁਕਸ ਕਾਰਨ ਦੇਸ਼ ਨੂੰ ਵੱਡਾ ਘਾਟਾ ਪਿਆ ਹੈ, ਜਿਹੜੀ ਕੌਮ (ਦੇਸ਼) ਵਿਦਵਤਾ ਨੂੰ ਨਜ਼ਰਅੰਦਾਜ਼ ਕਰਦੀ ਹੈ ਅਤੇ ਸਾਧਾਰਨ ਜਾਂ ਔਸਤ ਨੂੰ ਉਤਸ਼ਾਹਿਤ ਕਰਦੀ ਹੈ, ਬੌਧਿਕ ਇਮਾਨਦਾਰੀ ਅਤੇ ਭਰੋਸੇ ਹੌਸਲੇ ਨੂੰ ਤੋੜਦੀ ਹੈ, ਜੀ ਹਜ਼ੂਰੀਆਂ ਦਾ ਪੱਖ ਪੂਰਦੀ ਹੈ, ਹਮੇਸ਼ਾਂ ਪਤਨ ਵੱਲ ਜਾਂਦੀ ਹੈ। ਕਿੰਨਾ ਫਰਕ ਦਿਸਦਾ ਜੇ ਡਾ. ਅੰਬੇਡਕਰ ਵਰਗੇ ਕੁੱਛ ਬੁੱਧੀਮਾਨ ਲੋਕ ਇਸ ਮੁਲਕ ਦੀਆਂ ਉਸਾਰੂ ਗਤੀਵਿਧੀਆਂ ਦੇ ਮੁੱਖ ਸੰਚਾਲਕ ਹੁੰਦੇ।

**ਜਸਟਿਸ ਕੇ. ਸੁੱਬਾ ਰਾਓ ਸ਼ੋਰੀ ਨੂੰ ਜਵਾਬ ਸਫਾ-35**

ਅੰਗਰੇਜ਼ੀ ਭਾਸ਼ਾ ਉੱਤੇ ਡਾ. ਅੰਬੇਡਕਰ ਦੀ ਆਪਣੀ ਜੋਰਦਾਰ ਪਕੜ ਹੈ, ਇਸ ਭਾਸ਼ਾ ਦੀ ਵਰਤੋਂ ਉੱਤੇ ਉਹਨਾਂ ਦਾ ਨਿੱਜੀ ਰੰਗ ਹੈ। ਉਹ ਨਿਰਭੈ ਹੋ ਕੇ ਇਤਿਹਾਸਿਕ ਜਾਂ ਉਂਝ ਉਦਾਹਰਣਾਂ-ਪ੍ਰਮਾਣ ਦੇ ਕੇ ਬਹਿਸ ਕਰਨ ਵਿੱਚ ਮਾਹਿਰ ਹੈ। ਉਹਨਾਂ ਵਿਚਲੀ ਊਰਜਾ ਬੜੇ ਅਸਰਦਾਰ ਢੰਗ ਨਾਲ ਬਾਹਰ ਆਉਂਦੀ ਹੈ। ਜੇ ਡਾ. ਅੰਬੇਡਕਰ ਦਾ ਲਿਖਿਆ ਕੁੱਛ ਤੁਹਾਡੇ ਹੱਥ ਲੱਗੇ, ਜਰੂਰ ਪੜ੍ਹੋ। ਤੁਸੀਂ ਜਾਣ ਜਾਵੋਗੇ ਕਿ ਕੱਟੜ ਹਿੰਦੂ ਕਿਉਂ ਅਕਸਰ ਤੈਸ਼ ਵਿੱਚ ਆ ਜਾਂਦੇ ਹਨ। ਉਹ ਭਾਰਤ ਦੇ ਦਰਜਣ ਭਰ ਚਮਤਕਾਰੀ ਬੰਦਿਆਂ ਵਿੱਚੋਂ ਇੱਕ ਹੈ।

**Enlist India for Freedom ਵਿੱਚ ਐਡਵਰਡ ਥੌਂਪਸਨ**

ਅਸੀਂ ਜਿਹੜੇ ਬੰਬਈ ਇਲਾਕੇ ਤੋਂ ਆਉਂਦੇ ਹਾਂ, ਬਾਬਾ ਸਾਹਿਬ ਨੂੰ ਇੱਕ ਅਧਿਆਪਕ, ਇੱਕ ਆਰਥਿਕ ਮਾਹਿਰ, ਇੱਕ ਮਜ਼ਦੂਰ ਆਗੂ, ਇੱਕ ਰਾਜਨੀਤਿਕ ਲੀਡਰ ਵਜੋਂ ਯਾਦ ਕਰਦੇ ਹਾਂ। ਜੋ ਮਹਾਨ ਕੰਮ ਉਹਨਾਂ ਨੇ ਸਦਨ ਵਿੱਚ ਕੀਤਾ, ਸਰਕਾਰ ਦੇ ਮੰਤਰੀ ਹੁੰਦਿਆਂ ਕੀਤਾ, ਉਸ ਤੋਂ ਇਲਾਵਾ ਉਹਨਾਂ ਨੇ ਸਾਡੇ ਖੇਤਰ ਅੰਦਰ ਨਵੀਂ ਚੇਤਨਾ, ਨਵੀਂ ਜਾਗ੍ਰਿਤੀ ਲਿਆਂਦੀ। ਉਹਨਾਂ ਕਰਕੇ ਹੀ ਲੋਕਾਂ ਦੇ ਇੱਕ ਵੱਡੇ ਹਿੱਸੇ ਨੂੰ ਸਮਾਜਿਕ ਮਹੱਤਤਾ ਨਸੀਬ ਹੋਈ, ਉਹਨਾਂ ਅੰਦਰ ਆਤਮ ਵਿਸ਼ਵਾਸ ਆਇਆ। ਮੇਰਾ ਵਿਸ਼ਵਾਸ ਹੈ ਕਿ ਜੇ ਡਾ. ਅੰਬੇਡਕਰ ਨਾ ਹੁੰਦੇ ਤਾਂ ਦੇਸ਼ ਦਾ ਇਹ ਹਿੱਸਾ ਉਹ ਨਾ ਹੁੰਦਾ, ਜਿੱਦਾਂ ਦਾ ਇਹ ਅੱਜ ਹੈ।

**ਸ਼੍ਰੀ ਅਸ਼ੋਕ ਮਹਿਤਾ (ਭੰਡਾਰਾ) ਲਿਖਤਾਂ ਅਤੇ ਭਾਸ਼ਣ,**
**ਗ੍ਰੰਥ-15 ਸਫਾ-979**

ਡਾ. ਅੰਬੇਡਕਰ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਕੇਵਲ ਬਹੁਤ ਗਹਿਰੇ ਹੀ ਨਹੀਂ, ਬਹੁਤ ਗੰਭੀਰ ਵਿਦਵਾਨ ਸਨ। ਜਿਵੇਂ ਸਦਨ ਦੇ ਆਗੂ ਨੇ ਕਿਹਾ ਕਿ ਉਹ ਵਿਵਾਦਿਤ ਵਿਅਕਤੀ ਸਨ। ਉਹਨਾਂ ਦੀ ਸ਼ਖ਼ਸੀਅਤ ਜੁਝਾਰੂ ਭਾਵਨਾ ਵਾਲੀ ਸੀ। ਇਸ ਜੁਝਾਰੂ ਭਾਵਨਾ ਕਾਰਨ ਹੀ ਉਹ ਆਪਣੀਆਂ ਨਿੱਜੀ ਤਕਲੀਫ਼ਾਂ ’ਤੇ ਜਿੱਤ ਪ੍ਰਾਪਤ ਕਰ ਸਕੇ, ਨਹੀਂ ਤਾਂ ਘੱਟ ਦ੍ਰਿੜ੍ਹਤਾ ਵਾਲਾ ਬੰਦਾ ਉਂਝ ਹੀ ਕੁਚਲਿਆ ਜਾਂਦਾ।

**ਸ਼੍ਰੀ ਫਰੈਂਕ ਅੰਥਨੀ (ਨਾਮਜ਼ਦ ਐਂਗਲੋ ਇੰਡੀਅਨ)**
**ਲਿਖਤਾਂ ਅਤੇ ਭਾਸ਼ਣ, ਗ੍ਰੰਥ-15 ਸਫਾ 980**

ਬਾਬਾ ਸਾਹਿਬ, ਭਾਰਤ ਦੇ ਮਹਾਨ ਸਪੂਤ ਸਨ। ਉਹ ਭਾਰਤ ਦੇ ਦੱਬੇ ਕੁਚਲੇ ਲੋਕਾਂ ਦੇ ਹੀ ਮਸੀਹਾ ਅਤੇ ਰੱਖਿਅਕ ਨਹੀਂ ਬਲਕਿ ਮਹਾਨ ਅੰਤਰਰਾਸ਼ਟਰੀ ਪੱਧਰ ਦੇ ਰਹਿਬਰ ਸਨ। ੨ਇਨਸਾਈਡ ਏਸ਼ੀਔ ਦੇ ਲੇਖਕ ਲਾਰਡ ਗੁੰਥਰ ਅਨੁਸਾਰ ਦੁਨੀਆਂ ਭਰ ਦੇ ਛੇ ਬੁੱਧੀਮਾਨ ਮਨੁੱਖਾਂ ਵਿੱਚੋਂ ਉਹ ਇੱਕ ਸਨ। ਉਹਨਾਂ ਨੇ ਅਨਿਆਂ ਅਸਮਾਨਤਾ ਅਤੇ ਛੂਆਛਾਤ ਦੇ ਕੈਂਸਰ ਵਿਰੁੱਧ ਵੱਡੀ ਲੜਾਈ ਲੜੀ। ਜਿੰਨੀ ਸਫ਼ਲਤਾ ਨਾਲ ਉਹਨਾਂ ਨੇ ਛੂਆਛਾਤ ਦੇ ਕਲੰਕ ਨੂੰ ਦੂਰ ਕਰਨ ਦੀ ਜੰਗ ਲੜੀ, ਹੋਰ ਕਿਸੇ ਨੇ ਨਹੀਂ ਲੜੀ। ਸ਼ਾਇਦ ਇਹੀ ਕਾਰਨ ਹੈ ਕਿ ਹੋਰ ਕੋਈ ਆਗੂ ਜਾਂ ਸੰਤ, ਲੋਕਾਂ ਦਾ ਹਰਮਨ ਪਿਆਰਾ ਬਾਬਾ ਸਾਹਿਬੈ ਨਹੀਂ ਬਣ ਸਕਿਆ, ਸਿਰਫ ਅੰਬੇਡਕਰ ਹੀ ਬਾਬਾ ਸਾਹਿਬ ਬਣ ਸਕੇ, ਭਾਰਤ ਦੇ ਲਤਾੜਿਆਂ ਪਛਾੜਿਆਂ ਦਾ ਕਲਿਆਣ ਕਰਨ ਵਾਲੇ ਬਣ ਸਕੇ।

**ਆਰ. ਐੱਮ. ਸੁਮਨ ਕੌਂਸਲਰ ਲੈਚਵਰਦ ਹਰਟਸ**
**ਡਾ. ਅੰਬੇਡਕਰ ਦੇ ਜੀਵਨ ਕੁੱਝ ਆਖਰੀ ਸਾਲ ਸਫਾ-260**

ਡਾ. ਅੰਬੇਡਕਰ ਜੁਝਾਰੂ ਤਬੀਅਤ ਦਾ ਬੰਦਾ ਸੀ, ਹੌਸਲੇ ਵਾਲਾ ਵਿਅਕਤੀ ਸੀ, ਕੱਟੜ ਹਿੰਦੂਵਾਦ ਸਾਹਮਣੇ ਉਹਨਾਂ ਨੇ ਇੱਕ ਚੁਣੌਤੀ ਪੇਸ਼ ਕੀਤੀ ਅਤੇ ਹਿੰਦੂਵਾਦ ਨੇ ਉਹਨਾਂ ਨੂੰ ਚੰਗਾ ਹੁੰਗਾਰਾ ਦਿੱਤਾ। ਸੰਭਵ ਤੌਰ ’ਤੇ ਉਹ ਯਾਦ ਰੱਖੇ ਜਾਣਗੇ। ਭਾਵੇਂ ਉਹਨਾਂ ਦੇ ਅਖੌਤੀ ਸਮਕਾਲੀ ਪ੍ਰਸਿੱਧ ਵਿਅਕਤੀ ਲੋਕਾਂ ਦੇ ਚੇਤਿਆਂ ਵਿੱਚੋਂ ਵਿਸਰ ਜਾਣਗੇ।

**ਦੀ ਟਾਈਮਜ਼ ਆੱਫ ਇੰਡੀਆ ਬੰਬੇ। ਦਸੰਬਰ 9, 1956**

(ਭਾਗ ਦੂਜਾ)

## ਬਾਬਾ ਸਾਹਿਬ ਦਾ ਮਿਸ਼ਨ, ਸੰਕਲਪ ਤੇ ਸਮਰਪਣ

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਹੁਣ ਭਾਰਤ ਰਤਨ, ਗਿਆਨ ਦੇ ਪ੍ਰਤੀਕ, ਦੁਨੀਆਂ ਦੇ ਸੂਰਜ ਬਣ ਕੇ ਸਭ ਦੇ ਹਿਰਦੇ ਵਿੱਚ ਵਸ ਗਏ ਹਨ।

ਭਾਰਤ ਦੇ ਇਸ ਮਹਾਨ ਸਪੂਤ ਜਿਸ ਨੇ ਦੇਸ਼ ਦੇ ਕਰੋੜਾਂ ਲੋਕਾਂ ਨੂੰ ਜਿਊਣ ਦਾ ਰਾਹ ਦਿਖਾਇਆ ਦਾ ਸਾਲ ਭਰ ਜਨਮਦਿਨ, ਪਰਿਨਿਰਵਾਣ ਦਿਵਸ ਮਨਾਉਂਦੇ ਆ ਰਹੇ ਹਾਂ।

ਸਾਨੂੰ ਉਹਨਾਂ ਦੇ ਜਨਮਦਿਨ ਮੌਕੇ ਉਹਨਾਂ ਦੇ ਲੱਖਾਂ ਲਿਖੇ ਵਾਕ, ਕਥਨ ਚੇਤੇ ਆਉਂਦੇ ਹਨ ਜੋ ਹਰ ਸਥਿਤੀ ਵਿੱਚ ਸਾਡਾ ਮਾਰਗ ਦਰਸ਼ਨ ਕਰਦੇ ਆ ਰਹੇ ਹਨ। ਬਹੁਤ ਕੁੱਝ ਹੋਇਆ ਤੇ ਅਜੇ ਹੋਰ ਬਹੁਤ ਕੁੱਝ ਕਰਨਾ ਬਾਕੀ ਹੈ, ਜਿਸ ਦੀ ਜ਼ਿੰਮੇਵਾਰੀ ਲੈਫ਼ਟੀਨੈਂਟ, ਅਨੁਆਈਆਂ, ਪੈਰੋਕਾਰਾਂ ਤੇ ਅੰਬੇਡਕਰਆਂ ਦੇ ਸਿਰ 'ਤੇ ਹੈ।

ਮੌਜੂਦਾ ਹਾਲਾਤਾਂ 'ਚ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਵਿੱਦਿਆ ਨੇ ਇੱਕ ਸੁਰ, ਇੱਕ ਮੰਚ, ਇੱਕ ਝੰਡਾ, ਇੱਕ ਨਿਸ਼ਾਨ ਨਾਲ ਹੀ ਮਹਾਨ ਆਗੂ ਦੇ ਮਹਾਨ ਸੰਕਲਪ ਪੂਰੇ ਹੋ ਸਕਣਗੇ। ਵਕਤ ਦੀ ਲੋੜ ਹੈ ਕਿ ਅਸੀਂ ਉਹਨਾਂ ਦੇ ਦਿਹਾੜਿਆਂ ਨੂੰ ਉਹਨਾਂ ਤੋਂ, ਉਹਨਾਂ ਦੇ ਵਿਚਾਰਾਂ ਤੋਂ ਸੇਧ ਲੈ ਕੇ ਸਮਰਪਣ ਭਾਵਨਾ ਨਾਲ ਪੂਜਾ ਵਜੋਂ ਨਹੀਂ, ਸਗੋਂ ਮਿਸ਼ਨ ਤੇ ਕੇਂਦਰਿਤ ਹੋਣ ਵੱਲ ਵਧੀਏ। ਨਗਾਤਾਰ, ਠੋਸ, ਹਕੀਕੀ ਤੇ ਜ਼ਮੀਨੀ ਪੱਧਰ 'ਤੇ ਕੰਮ-ਕਾਜ ਕਰਨ ਨਾਲ ਹੀ ਬਾਬਾ ਸਾਹਿਬੈ ਨੂੰ ਯਾਦ ਕੀਤਾ ਜਾ ਸਕਦਾ ਹੈ।

ਭਾਵੇਂ ਅੱਜ ਦਾ ਮਨੁੱਖ ਛੋਟੀਆਂ, ਮੁਸੀਬਤਾਂ, ਮੁਸ਼ਕਿਲਾਂ ਦੀ ਘੁੰਮਣਘੇਰੀ 'ਚ ਕਈ ਵਾਰ ਹਾਸ਼ੀਏ 'ਤੇ ਆ ਜਾਂਦਾ ਹੈ ਤੇ ਕਈ ਵਾਰ ਸਰਦਲ ਤੋਂ ਦੂਰ ਹੋ ਜਾਂਦੇ, ਪਰ ਬਾਬਾ ਸਾਹਿਬ ਨੇ 40 ਸਾਲ ਕਠੋਰ ਹਾਲਾਤਾਂ ਸੰਪੂਰਨ, ਗ਼ੈਰ-ਬਰਾਬਰੀ, ਵਿਤਕਰਿਆਂ ਵਾਲੀ ਵਿਵਸਥਾ ਦੇ ਖਿਲਾਫ਼ ਬੇਖੌਫ਼ ਹੋ ਕੇ ਆਪਣੀ ਆਵਾਜ਼ ਬੁਲੰਦ ਹੀ ਨਹੀਂ ਕੀਤੀ, ਸਗੋਂ ਜਿਹਨਾਂ ਦੀ ਕੋਈ ਆਵਾਜ਼ ਨਹੀਂ ਉਠਾਉਂਦਾ ਸੀ ਨੂੰ ਬਰਾਬਰ ਗਾਰੰਟੀ ਨਾਲ ਸੰਵਿਧਾਨਿਕ ਹੱਕ ਲੈ ਕੇ ਦਿੱਤੇ।

ਅਜੇ ਅਧੂਰੇ ਕੰਮ ਅੱਗੇ ਬਹੁਤ ਵਿਸ਼ਾਲ ਹੈ, ਡਾ. ਅੰਬੇਡਕਰ ਦਾ ਸੁਪਨਾ ਆਮ ਲੋਕਾਂ ਦੇ ਹੱਥ ਵਿੱਚ ਸ਼ਕਤੀ ਹੋਣਾ ਚਾਹੀਦਾ ਹੈ। ਆਓ ਮਹਾਨ ਯੁੱਗ ਪੁਰਸ਼ ਦੇ ਅਧੂਰੇ ਕਾਰਵਾਂ ਨੂੰ ਅੱਗੇ ਵਧਾਉਣ ਦਾ ਸੰਕਲਪ ਲਈਏ ਅਤੇ ਇਸ ਮਹਾਨ ਕਾਰਜ ਲਈ ਆਪਣੇ ਆਪ ਨੂੰ ਸਮਰਪਿਤ ਕਰੀਏ।

ਪਹਿਲੇ ਅਡੀਸ਼ਨ ਦਾ ਪਾਠਕ ਵਰਗ ਲੇਖਕਾਂ ਤੇ ਜਗਿਆਸੂ ਲੋਕਾਂ ਦਾ ਤਹਿ ਦਿਲੋਂ ਧੰਨਵਾਦ। ਹਰ ਪ੍ਰਕਾਰ ਦੇ ਨੇਕ ਸਲਾਹਾਂ ਦੇਣ ਵਾਲਿਆਂ ਸ਼ੁੱਭ ਚਿੰਤਕਾਂ ਤੇ ਸਹਿਯੋਗ ਦਾ ਕੋਟਿਨ-ਕੋਟਿ ਧੰਨਵਾਦ।

ਇੱਥੇ ਗ਼ੈਰ-ਪ੍ਰਸ਼ੰਸਕ ਨਹੀਂ ਹੋਵੇਗਾ, ਜੇਕਰ ਅੰਬੇਡਕਰੀ ਲੇਖ ਸੋਹਣ ਸਹਿਜਲ ਦੀਆਂ ਲਿਖੀਆਂ ਲਾਇਨਾਂ ਦਾ ਵਰਣਨ ਕਰ ਲਿਆ ਜਾਵੇ :-

-ਕਈ ਲਿਖਿਆ, ਲਿਖਣਗੇ ਹੋਣ ਲੱਖਾਂ,
ਐਪਰ ਵਿਦਵਤਾ ਹਾਥ ਨਾ ਆਈ ਤੇਰੀ।
ਤੇਰੀ ਕੋਈ ਕਿਤਾਬ ਜਿਉਂ-ਜਿਉਂ ਪੜ੍ਹੀਏ,
ਉੱਚੀ ਜਾਪਦੀ ਹੋਰ ਉਚਾਈ ਤੇਰੀ।
ਸਾਨੂੰ ਨਰਕ 'ਚੋਂ ਕੱਢ ਬਹਿਸ਼ਤ ਲੈ ਗਈ,
ਬੁੱਧੀਮਾਨਤਾ-ਸੂਝ ਅਗਵਾਈ ਤੇਰੀ,
ਵੱਡੇ-ਵੱਡੇ ਵਿਦਵਾਨ ਵੀ ਦੰਗ ਰਹਿ ਗਏ,
ਐਸੀ ਧਾਕ ਜ਼ਮਾਨੇ 'ਤੇ ਛਾਈ ਤੇਰੀ।

# ਭਾਰਤ ਮਾਂ ਦਾ ਮਹਾਨ ਸਪੂਤ : ਬਾਬਾ ਸਾਹਿਬ ਡਾ. ਅੰਬੇਡਕਰ



ਡਾ. ਅੰਬੇਡਕਰ ਆਪਣੇ ਆਪ ਨੂੰ ਪਹਿਲਾਂ ਭਾਰਤੀ ਮੰਨਦੇ ਸਨ ਅਤੇ ਅਖੀਰ ਵਿੱਚ ਵੀ ਭਾਰਤੀ ਸਮਝਦੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਉਹ ਕਿੰਨੇ ਵਤਨਪ੍ਰਸਤੀ ਵਾਲੇ ਸਪੂਤ ਸਨ।

ਅਜਿਹੀ ਸੋਚ ਦੇ ਧਾਰਨੀ ਆਮ ਇਨਸਾਨ ਨਹੀਂ ਹੁੰਦੇ। ਉਹ ਅਜਿਹੇ ਰਾਸ਼ਟਰ ਪੁਰਸ਼ ਸਨ, ਜਿਹਨਾਂ ਨੇ ਸਮੁੱਚੇ ਦੇਸ਼ ਦੇ ਸੰਬੰਧ ਵਿੱਚ ਭਾਰਤ ਦੇ ਇਤਿਹਾਸ ਦੇ ਸੰਬੰਧ ਵਿੱਚ ਅਤੇ ਸਮਾਜ ਵਾਰੇ ਮਹੱਤਵਪੂਰਨ ਵਿਚਾਰਕ ਯੋਗਦਾਨ ਦਿੱਤਾ ਹੈ। ਡਾ. ਅੰਬੇਡਕਰ ਇੱਕ ਵਿਦਵਾਨ, ਲੇਖਕ, ਰਾਜਨੀਤਿਕ, ਸਮਾਜ ਸੁਧਾਰਕ, ਸਿੱਖਿਆ ਸ਼ਾਸਤਰੀ, ਮਹਾਨ ਅਰਥ ਸ਼ਾਸਤਰੀ ਦੇ ਰੂਪ ਵਿੱਚ ਨਵੀਂ ਪੀੜ੍ਹੀ ਦੇ ਸਾਹਮਣੇ ਸੂਰਜ ਦੇ ਰੂਪ ਵਿੱਚ ਉਦੈ ਹੋ ਕੇ ਆਏ ਸਨ।

ਬਾਬਾ ਸਾਹਿਬ ਦਾ ਪੂਰਾ ਨਾਮ ਭੀਮ ਰਾਓ ਰਾਮ ਜੀ ਅੰਬੇਡਕਰ। ਉਹਨਾਂ ਦਾ ਜਨਮ ਸਥਾਨ ਰਤਨਾਗਿਰੀ ਜ਼ਿਲ੍ਹੇ ਦੇ ਮੰਡਨਗੜ੍ਹ ਤਹਿਸੀਲ ਵਿੱਚ ਇੱਕ ਛੋਟਾ ਜਿਹਾ ਪਿੰਡ ਹੈ ਅੰਬਾਵਡੇ ਹੈ। ਭੀਮ ਰਾਓ ਦੀ ਮਾਤਾ ਸ਼੍ਰੀਮਤੀ ਭੀਮਾ ਬਾਈ ਅਤੇ ਪਿਤਾ ਸ਼੍ਰੀ ਰਾਮਜੀ ਮਾਲੋਜੀ ਸਕਪਾਲ। ਮਹਾਂਰਾਸ਼ਟਰ ਵਿੱਚ ਆਪਣੀ ਵੀਰਤਾ, ਤਾਕਤ ਅਤੇ ਇਮਾਨਦਾਰੀ ਲਈ ਪ੍ਰਸਿੱਧ, ਪ੍ਰਭਾਵਸ਼ਾਲੀ, ਅਛੂਤ ਕਹਾਣੀ ਜਾਣ ਵਾਲੀ ਮਹਾਰਜਾਤੀ ਵਿੱਚ ਬਾਬਾ ਸਾਹਿਬ ਜੀ ਦਾ ਜਨਮ ਹੋਇਆ। 14 ਅਪ੍ਰੈਲ 1891 ਨੂੰ ਰਾਮਜੀ ਸੂਬੇਦਾਰ ਦੀ ਫੌਜੀ ਟੁਕੜੀ ਮੱਧ ਪ੍ਰਦੇਸ਼ ਸਥਿਤ ਮਹੂ ਦੀ ਛਾਉਣੀ ਵਿੱਚ ਸੀ, ਵਿਖੇ ਹੋਇਆ। ਨਵਜਨਮੇ ਬੱਚੇ ਦਾ ਨਾਮ ਮਾਤਾ ਦੇ ਨਾਮ ਵਾਂਗ ਭੀਮ ਰੱਖਿਆ ਗਿਆ। ਘਰ ਵਾਲੇ ਲਾਡ ਨਾਲ ਭੀਮਾਂ ਕਹਿ ਕੇ ਬੁਲਾਉਂਦੇ ਸਨ।

ਬਾਬਾ ਸਾਹਿਬ ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰਨ ਵਾਲੇ ਅਖੌਤੀ ਅਛੂਤ ਸਮਾਜ ਦੇ ਪਹਿਲੇ ਵਿਦਿਆਰਥੀ ਸਨ। ਉਹ ਜ਼ਿੱਦੀਪਨ, ਕਾਹਲਾਪਨ ਅਤੇ ਸ਼ਰਾਰਤੀ-ਪਨ ਛੱਡਦੇ ਹੋਏ ਹੌਲੀ-ਹੌਲੀ ਅਧਿਐਨ ਵੱਲ ਵਧੇਰੇ ਪਿੱਛੇ ਗਏ।

ਉਹਨਾਂ ਦੇ 10ਵੀਂ ਪਾਸ ਹੋਣ 'ਤੇ ਖੁਸ਼ੀ 'ਚ ਸਵਾਰਥੀ ਸਮਾਰੋਹ ਰੱਖਿਆ ਗਿਆ। ਜਿੱਥੇ ਕੈਲੂਸਕਰ ਗੁਰੂ ਜੀ ਨੇ ਮਰਾਠੀ ਵਿੱਚ ਸਵੈ-ਰਚਿਤ ਤਥਾਗਤ ਬੁੱਧ ਦੇ ਆਤਮ-ਚਰਿੱਤਰ ਦੀ ਪੁਸਤਕ ਪੁਰਸਕਾਰ ਵਜੋਂ ਭੇਂਟ ਕੀਤੀ ਗਈ।

ਉਹਨਾਂ ਕੋਹਲਾਪੁਰ ਦੇ ਮਹਾਰਾਜਾ ਦੀ ਮਦਦ ਨਾਲ ਅਮਰੀਕਾ, ਇੰਗਲੈਂਡ, ਜਰਮਨ 'ਚ ਉੱਚ ਪੱਧਰ ਦੀ ਤਾਲੀਮ ਲਈ। ਜਿਸ ਦੇ ਫ਼ਲਸਰੂਪ ਉਹਨਾਂ ਨੇ 28 ਸਾਲ ਦੀ ਉਮਰ 'ਚ ਆਪਣੇ ਆਪ ਨੂੰ ਅਛੂਤ, ਦਲਿਤ ਸਮਾਜ ਲਈ ਸਮਰਪਿਤ ਕਰ ਦਿੱਤਾ।

ਉਹ ਆਪਣੇ ਸਮਾਜ, ਔਰਤਾਂ, ਦੇਸ਼ ਦੇ ਹੱਕ ਵਿੱਚ ਵਿਵੇਕ, ਦਲੀਲ ਤੇ ਸੰਵਾਦ ਰਾਹੀਂ ਮਨੁੱਖੀ ਸਮਾਜਿਕ, ਰਾਜਨੀਤਿਕ ਤੇ ਆਰਥਿਕ ਹੱਕ ਦਿਵਾਉਣ ਵਿੱਚ ਸਫ਼ਲ ਆਗੂ ਵਜੋਂ ਪ੍ਰਵਾਨੇ ਗਏ।

ਉਹਨਾਂ ਵਿਦੇਸ਼ ਵਿੱਚ ਗੋਰਿਆਂ ਨਾਲ ਗੋਲਮੇਜ਼ ਕਾਨਫ਼ਰੰਸ ਰਾਹੀਂ ਆਪਣੇ ਸਮਾਜ ਦੀ ਵਿਗੜੀ ਬਣਾਉਣ ਲਈ ਰਾਖਵਾਂਕਰਨ, ਸੀਟਾਂ ਸੁਰੱਖਿਅਤ ਕਰਾ ਲਈਆਂ। ਉਹਨਾਂ ਦੀ ਬਦੌਲਤ ਸਦਕਾ ਅੱਜ ਹਜ਼ਾਰਾਂ, ਲੱਖਾਂ, ਕਰੋੜਾਂ ਲੋਕ ਵੋਟਾਂ ਰਾਹੀਂ ਚੁਣ ਕੇ ਆਪਣੇ ਸਮਾਜ, ਰਾਜ ਤੇ ਦੇਸ਼ ਲਈ ਚੰਗਾ-ਮਾੜਾ ਸੋਚ ਸਕਦੇ ਹਨ। ਲੱਖਾਂ ਲੋਕ ਨੌਕਰੀਆਂ ਦਾ ਆਨੰਦ ਮਾਣ ਰਹੇ ਹਨ। ਹਜ਼ਾਰਾਂ ਵੱਡੇ ਰੁਤਬੇ ਪਾ ਚੁੱਕੇ ਹਨ ਤੇ ਪਾ ਰਹੇ ਹਨ।

ਸਮਾਜ ਦੀ ਇਕੱਲੇ ਅੰਬੇਡਕਰ ਨੂੰ ਚਾਰੋਂ ਪਾਸੋਂ ਵਿਰੋਧੀ ਘੇਰਾ ਪਾ ਲੈਂਦੇ ਸਨ, ਬੇਪੱਤ, ਬੇਇੱਜ਼ਤ, ਤਾਹਨੇ-ਮਿਹਣੇ ਮਾਰਦੇ ਸਨ, ਪਰ ਅੱਜ ਸਾਰੇ ਬਾਬਾ ਸਾਹਿਬ ਨੂੰ ਆਪਣਾ-ਆਪਣਾ ਕਹਿ ਕੇ ਆਪਣਾਪਨ ਜਿਤਾਉਣ 'ਚ ਮੂਹਰੇ ਨਿਕਲਣ ਲਈ ਤਰਲੋ ਮੱਛੀ ਹੁੰਦੇ ਨਜਰ ਆਉਂਦੇ ਹਨ। ਇਸ ਨੂੰ ਕਹਿੰਦੇ ਹਨ ਇਤਿਹਾਸ ਨੂੰ ਬਦਲਣਾ !

ਆਓ ਮਹਾਨ ਭਾਰਤੀ, ਜਿਸ ਵਿੱਚ ਦੇਸ਼ ਪ੍ਰਤੀ ਵਫ਼ਾਦਾਰੀ ਕੁੱਟ-ਕੁੱਟ ਕੇ ਭਰੀ ਪਈ ਹੈ, ਉਸ ਮਹਾਨ ਸ਼ਖ਼ਸੀਅਤ ਦੁਆਰਾ ਲਿਖੇ ਸੰਵਿਧਾਨ ਨੂੰ ਪੜ੍ਹੀਏ, ਜਾਣੀਏ ਕਿ ਕਿੰਨੇ ਮਹਾਨ ਸਨ ਡਾ. ਅੰਬੇਡਕਰ।

**ਜਬ ਤੱਕ ਸੂਰਜ ਚਾਂਦ ਰਹੇਗਾ,**
**ਭੀਮਾ ਤੇਰਾ ਨਾਮ ਰਹੇਗਾ।**
**ਜੈ ਭੀਮ ਜੈ ਭਾਰਤ**

# ਵਿਸ਼ਵ ਹਿਰਦੇ 'ਚ ਵਸਣ ਲੱਗੇ : ਡਾ. ਅੰਬੇਡਕਰ

ਕਰੋੜਾਂ ਦਲਿਤਾਂ, ਗਰੀਬਾਂ, ਮਜ਼ਲੂਮਾਂ ਦਾ ਰਹਿਬਰ, ਮਸੀਹਾ ਹੁਣ ਭਾਰਤ 'ਚ ਹੀ ਨਹੀਂ, ਸਗੋਂ ਵਿਸ਼ਵ ਦੇ ਹਿਰਦੇ 'ਚ ਵਸਣ ਲੱਗੇ ਹਨ। ਵਿਸ਼ਵ ਪੱਧਰ ਦੇ ਆਗੂ ਭਾਰਤ ਮਾਂ ਦੇ ਇਸ ਸਪੂਤ ਨੂੰ ਉਹਨਾਂ ਦੇ ਦਰਦਮਈ ਜੀਵਨ-ਸੰਘਰਸ਼, ਗਿਆਨ, ਭਾਸ਼ਣਾ ਤੇ ਸੰਵਾਦ ਕਾਰਨ ਉਹਨਾਂ ਨੂੰ ਅਕਸਰ ਨਤਮਸਤਕ ਹੁੰਦੇ ਨਜ਼ਰ ਆਉਂਦੇ ਹਾਂ।

ਭਾਰਤ 'ਚ ਪਹਿਲਾਂ ਉਹਨਾਂ ਨੂੰ ਸਿਰਫ਼ ਮਹਾਂਰਾਸ਼ਟਰ ਦੀ ਇੱਕ ਅਖੌਤੀ ਅਤਿ ਨਵੀਂ ਜਾਤੀ ਮਹਾਰ ਦਾ ਇੱਕ ਯੋਧੇ ਵਲੋਂ ਯਾਦ ਕੀਤਾ ਜਾਂਦਾ ਸੀ। ਪਰ ਫਿਰ ਜਿਵੇਂ-ਜਿਵੇਂ ਦਲਿਤਾਂ, ਪੱਛੜੀਆਂ ਜਾਤਾਂ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨ ਜਾਤੀਆਂ ਘੱਟ ਗਿਣਤੀਆਂ, ਔਰਤਾਂ ਤੇ ਬਹੁਜਨਾਂ ਨੇ ਆਗੂ ਮਸੀਹਾ ਮੰਨ ਲਿਆ।

14 ਅਪ੍ਰੈਲ 1891 ਨੂੰ ਜਨਮ ਲੈਣ ਵਾਲਾ ਨੌਜਵਾਨ 1920 ਈ: ਵਿੱਚ ਪਹਿਲੀ ਵਾਰ ਇੱਕ ਜੁਝਾਰੂ ਆਗੂ, ਗਿਆਨ ਨਾਲ ਲਬਰੇਜ਼ ਨੇ ਆਪਣਾ ਸਮੁੱਚਾ ਜੀਵਨ (ਵਰਨ-ਵਿਵਸਥਾ, ਜਾਤੀ-ਪਾਤੀ ਪ੍ਰਣਾਲੀ 'ਚ) ਅਛੂਤ ਕਹੇ ਜਾਣ ਵਾਲੇ ਲੋਕਾਂ ਨੂੰ ਇੱਕ ਤਰ੍ਹਾਂ ਸਮਰਪਿਤ ਕਰ ਦਿੱਤਾ। ਮਹਾਤਮਾ ਜੋਤੀਬਾ ਫੂਲੇ, ਮਾਤਾ ਸਾਵਿੱਤਰੀ ਬਾਈ ਫੂਲੇ, ਬੀਬੀ ਫ਼ਾਤਿਮਾ ਸ਼ੇਖ, ਛੱਤਰਪਤੀ ਸ਼ਾਹੂ ਜੀ ਮਹਾਰਾਜ, ਪੇਰੀਆਰ ਈ.ਵੀ. ਰਾਮਾਸਵਾਮੀ ਨਾਇਕਰ, ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ, ਵਿਰਸਾ ਮੁੰਡਾ ਆਦਿ ਆਗੂਆਂ, ਮਿਸ਼ਨ, ਫਿਲਾਸਫ਼ੀ, ਸੰਘਰਸ਼ ਤੋਂ ਸੇਧ ਲੈ ਕੇ ਪੂਰੀ ਊਰਜਾ ਨਾਲ ਸਾਹਮਣੇ ਆਇਆ ਉਦੋਂ ਦੇਸ਼ ਵਿੱਚ ਪ੍ਰਮੁੱਖ ਰਾਜਨੀਤਿਕ ਪਾਰਟੀ ਕਾਂਗਰਸ ਨੇ ਦੇਸ਼ ਦੀ ਆਜ਼ਾਦੀ ਲਈ ਜੱਦੋ-ਜ਼ਹਿਦ ਆਰੰਭੀ ਹੋਈ ਸੀ। ਬਾਬਾ ਸਾਹਿਬ ਡਾ. ਅੰਬੇਡਕਰ ਦੇਸ਼ ਵਿੱਚ ਦਲਿਤਾਂ, ਪੱਛੜਿਆਂ, ਔਰਤਾਂ 'ਤੇ ਦੋਹਰੀ ਗ਼ੁਲਾਮੀ ਸਮਝਦੇ ਹਨ, ਇੱਕ ਅੰਗਰੇਜ਼ਾਂ ਦੀ ਅਤੇ ਦੂਜੀ ਆਪਣੇ ਹੀ ਦੇਸ਼ ਦੇ ਅਖੌਤੀ ਹਿੰਦੂਆਂ ਦੀ।

ਕੋਹਲਾਪੁਰ ਦੇ ਮਹਾਰਾਜਾ ਛੱਤਰਪਤੀ ਸ਼ਾਹੂ ਜੀ ਦਾ ਨਿਸ਼ਾਨਾ ਸੀ ਕਿ ਭਾਰਤੀ ਸਮਾਜ ਵਿੱਚੋਂ ਜਾਤੀ-ਪਾਤੀ ਬੰਧਨ ਖ਼ਤਮ ਹੋ ਜਾਣ, ਮਨੁੱਖੀ ਵੰਡ ਬਰਾਬਰ ਹੋਵੇ ਅਤੇ ਸਮਾਜ ਅੰਦਰ ਹਰ ਪ੍ਰਕਾਰ ਦਾ ਰੁਤਬਾ ਬਰਾਬਰੀ ਦੇ ਆਧਾਰ 'ਤੇ ਬਣ ਜਾਵੇ ਤਾਂ ਕਿ ਇੱਕ ਵੱਡਾ ਭਾਈਚਾਰਾ ਪੈਦਾ ਹੋਵੇ। 22 ਮਾਰਚ 1920 ਈ: ਨੂੰ ਉਹਨਾਂ ਨੇ ਡਾ. ਅੰਬੇਡਕਰ ਦੀ ਪ੍ਰਧਾਨਗੀ ਹੇਠ ਕਾਨਫ਼ਰੰਸ ਦੌਰਾਨ ਡਾ. ਅੰਬੇਡਕਰ ਵਾਰੇ ਕਿਹਾ ਕਿ ਡਾ. ਅੰਬੇਡਕਰ ਦੇ ਰੂਪ ਵਿੱਚ ਤੁਹਾਡੀ ਰੱਖਿਆ ਲਈ ਰਹਿਬਰ ਮਿਲ ਗਿਆ ਹੈ, ਮੈਨੂੰ ਪੂਰਾ ਯਕੀਨ ਹੈ ਕਿ ਇਹ ਸ਼ੇਰ ਤੁਹਾਡੀਆਂ ਛੂਆ-ਛਾਤ ਦੀਆਂ ਜੰਜ਼ੀਰਾਂ ਤੋੜ ਦੇਵੇਗਾ। ਸਮਾਂ ਆਵੇਗਾ ਜਦੋਂ ਭਾਰਤ ਪੱਧਰ 'ਤੇ ਪਹਿਲੀ ਕਤਾਰ ਵਿੱਚ ਨਵੇਂ ਨੇਤਾ ਬਣ ਕੇ ਉਭਰਨਗੇ।"

ਡਾ. ਅੰਬੇਡਕਰ ਨੇ ਮਨੂੰ ਸਿਮਰਤੀ ਜਿਸ ਨੂੰ ਅਛੂਤਾਂ ਦੇ ਦੁੱਖਾਂ ਦਾ ਕਾਰਨ ਸਮਝਿਆ ਜਾਂਦਾ ਸੀ, ਨੂੰ ਸ਼ਰ੍ਹੇਆਮ 25 ਦਸੰਬਰ 1927 ਈ: ਨੂੰ ਸਾੜਿਆ ਸੀ। ਚੋਭਦਾਰ ਤਲਾਬ ਦਾ ਮੋਰਚਾ, ਕਾਲਾਰਾਮ ਮੰਦਿਰ ਦਾ ਮੋਰਚਾ ਲੱਗਣ ਨਾਲ ਉਹ ਦਲਿਤ, ਸ਼ੋਸ਼ਿਤ ਸਮਾਜ ਡਾ. ਅੰਬੇਡਕਰ ਨੂੰ ਆਪਣਾ ਬੇਖੌਫ਼ ਆਗੂ ਮੰਨਣ ਲੱਗਾ

ਸੰਨ 1932 ਈ: 'ਚ ਲੰਡਨ ਦੀਆਂ ਤਿੰਨ ਕਾਨਫ਼ਰੰਸਾਂ ਨੇ ਡਾ. ਅੰਬੇਡਕਰ ਨੂੰ ਭਾਰਤ ਦੇਸ਼ ਦੇ ਵੱਡੇ ਨੇਤਾ ਹੋਣ ਦਾ ਮਾਣ ਬਖਸ਼ਿਆ।

ਭਾਰਤੀ ਸੰਵਿਧਾਨ ਦੇ ਨਿਰਮਾਣ 'ਚ ਚੋਖਾ ਯੋਗਦਾਨ ਪਾਉਣ ਕਾਰਨ ਉਹ ਅਛੂਤਾਂ ਤੋਂ ਅੱਗੇ ਭਾਰਤ ਦੇ ਕੌਮੀ ਨੇਤਾ ਵਜੋਂ ਜਾਣੇ ਜਾਣ ਲੱਗੇ। ਅੱਜ ਦੇਸ਼ ਸੰਵਿਧਾਨ ਮੁਤਾਬਿਕ ਚੱਲਦਾ ਹੈ। ਜਦੋਂ ਗੱਲ ਸੰਵਿਧਾਨ ਦੀ ਆਉਂਦੀ ਹੈ ਤਾਂ ਲੋਕਤੰਤਰੀ ਦੇਸ਼ ਦੀ ਗੱਲ ਚੱਲਦੀ ਹੈ ਤਾਂ ਬਾਬਾ ਸਾਹਿਬ ਡਾ. ਅੰਬੇਡਕਰ ਦੀ ਤਸਵੀਰ ਸਾਹਮਣੇ ਆਉਂਦੀ ਹੈ।

ਜਿਉਂ-ਜਿਉਂ ਸਮਾਜ ਦੇ ਗਿਆਨ ਦੇ ਕਵਾੜ ਖੁੱਲ੍ਹਦੇ ਗਏ, ਤਿਉਂ-ਤਿਉਂ ਬਾਬਾ ਸਾਹਿਬ ਦੇ ਵਿਚਾਰਾਂ ਦਾ ਵੱਡੇ ਪੱਧਰ 'ਤੇ ਪ੍ਰਚਾਰ-ਪ੍ਰਸਾਰ ਸ਼ੁਰੂ ਹੋਇਆ।

ਬਾਬਾ ਸਾਹਿਬ ਦੇ ਅਧੂਰੇ ਮਿਸ਼ਨ ਨੂੰ ਅੱਗੇ ਜਿਸ ਯੋਜਨਾਵੰਦ ਤਰੀਕੇ ਨਾਲ ਇੱਕ ਤਰ੍ਹਾਂ ਉਹਨਾਂ ਦੇ ਅਸਲੀ ਉੱਤਰਾਧਿਕਾਰੀ ਬਣੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਕੋਈ ਵੀ ਪਹਿਲੂ ਜਾਂ ਕਸਰ ਬਾਕੀ ਨਹੀਂ ਛੱਡੀ।

ਵਧੀ ਹੋਈ ਦਲਿਤ, ਬਹੁਜਨ ਚੇਤਨਤਾ ਕਾਰਨ ਆਖਿਰ 1990 ਈ: ਨੂੰ ਭਾਰਤ ਦਾ ਸਭ ਤੋਂ ਵੱਡਾ ਨਾਗਰਿਕ ਪੁਰਸਕਾਰ ੨ਭਾਰਤ ਰਤਨ" ਨਾਲ ਨਿਵਾਜਿਆ ਗਿਆ।

ਸਾਲ 2012 ਈ: ਵਿੱਚ ਪ੍ਰਸਿੱਧ ਟੀ.ਵੀ. ਚੈਨਲਾਂ ਅਤੇ ਮੈਗਜ਼ੀਨਾਂ ਨੇ ਰਲ ਕੇ ਔਨਲਾਈਨ ਸਰਵੇ 'ਚ ਭਾਰਤ ਦੇ ਸਭ ਤੋਂ ਪਹਿਲੇ ੨ਮਹਾਨ ਭਾਰਤੀ" ਵਜੋਂ ਪ੍ਰਵਾਨ ਕੀਤੇ ਗਏ।

ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਨੇ ਆਪਣੇ 250 ਸਾਲਾਂ ਦੇ ਸਰਵੇ 'ਚ ਉਹਨਾਂ ਨੂੰ ਸਭ ਤੋਂ ਹੋਣਹਾਰ ਪਹਿਲੇ ਵਿਦਿਆਰਥੀ ਵਜੋਂ ਸਨਮਾਨ ਦਿੱਤਾ।

ਦੁਨੀਆਂ ਦੀ ਸਭ ਤੋਂ ਵੱਡੀ ਪੰਚਾਇਤ (ਸੰਸਥਾ) ਯੂ.ਐਨ.ਓ. ਵਲੋਂ ਡਾ. ਅੰਬੇਡਕਰ ਦਾ 125ਵਾਂ ਜਨਮ ਦਿਹਾੜਾ ਮਨਾਉਣਾ ਉਹਨਾਂ ਦੇ ਵਿਸ਼ਵ ਪੱਧਰੀ ਆਗੂ ਹੋਣ 'ਤੇ ਇੱਕ ਤਰ੍ਹਾਂ ਮੋਹਰ ਲਗਾਉਣ ਵਾਂਗ ਹੈ।

ਭਾਰਤ, ਅਮਰੀਕਾ, ਇੰਗਲੈਂਡ, ਕੈਨੇਡਾ, ਅਸਟਰੇਲੀਆ, ਨਿਊਜ਼ੀਲੈਂਡ, ਜਾਪਾਨ, ਹੰਗਰੀ ਆਦਿ ਅਨੇਕਾਂ ਦੇਸ਼ਾਂ ਵਿੱਚ ਹਰ ਸਾਲ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਉਹਨਾਂ ਦੇ ਜਨਮਦਿਨ, ਪਰਿਨਿਰਵਾਣ ਦਿਵਸ ਵੱਡੇ ਪੱਧਰ 'ਤੇ ਮਨਾਏ ਜਾਂਦੇ ਹਨ।

ਅੱਜ ਵਿਸ਼ਵ ਵਿੱਚ ਸਭ ਤੋਂ ਵੱਧ ਕਿਸੇ ਮਹਾਨ ਸ਼ਖ਼ਸੀਅਤ ਦੇ ਬੁੱਤ ਹਨ ਤਾਂ ਉਹ ਬਾਬਾ ਸਾਹਿਬ ਡਾ. ਅੰਬੇਡਕਰ ਦੇ ਹਨ।

ਜਦੋਂ ਵਿਸ਼ਵ ਪੱਧਰੀ ਮਹਾਨ ਮਨੁੱਖਾਂ ਵਾਰੇ ਚਰਚਾ ਹੁੰਦੀ ਹੈ ਤਾਂ ਸੁਕਰਾਤ, ਕਾਰਲ ਮਾਰਕਸ, ਮਾਊ ਜੇ ਤੁੰਗ, ਮਾਰਟਿਨ ਲੂਥਰ ਕਿੰਗ, ਇਬਰਾਹਿਮ ਲਿੰਕਨ ਤੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਵੀ ਉਹਨਾਂ ਵਿੱਚ ਇੱਕ ਮੰਨੇ ਗਏ ਹਨ।

ਜਿਸ ਵਰਨ-ਵਿਵਸਥਾ, ਜਾਤ-ਪਾਤੀ ਢਾਂਚੇ 'ਤੇ ਡਾ. ਅੰਬੇਡਕਰ ਨੇ ਸੱਟ ਮਾਰੀ ਸੀ, ਉਹ ਜਾਤ-ਪਾਤ ਅਜੇ ਵੀ ਬਹੁ-ਖੇਤਰਾਂ ਵਿੱਚ ਜਾਰੀ ਹੈ। ਅਮਰੀਕਾ ਦੇ ਸਿਆਟਲ ਸ਼ਹਿਰ ਤੇ ਕੈਨੇਡਾ ਦੇ ਟਰਾਂਟੋ ਵਰਗੇ ਸ਼ਹਿਰਾਂ ਵਿੱਚ ਜਾਤੀ ਦੇ ਨਾਮ 'ਤੇ ਹੁੰਦੇ ਵਖਰੇਵੇਂ ਅੱਜ ਵੀ ਕਿਸੇ ਨਾ ਕਿਸੇ ਰੂਪ ਵਿੱਚ ਕੌਮਾਂਤਰੀ ਪੱਧਰ 'ਤੇ ਵੀ ਜਾਰੀ ਹਨ। ਜੋ ਮਨੁੱਖਤਾ ਲਈ ਹਾਨੀਕਾਰਨ ਹਨ,।

ਡਾ. ਅੰਬੇਡਕਰ ਆਪਣੇ ਸਮਾਜ, ਦੇਸ਼, ਗਿਆਨਵਾਨ, ਵਿਵੇਕ, ਤਰਕਵਾਦੀ ਹੋਣ ਕਾਰਨ ਵਿਸ਼ਵ ਦੇ ਹਿਰਦੇ 'ਚ ਵਸਦੇ ਹਨ।

## ਤੁਪਕੇ ਦੀ ਲੜਾਈ



ਕਈ ਵਾਰੀ ਸਵੇਰੇ ਤੜਕੇ ਹੀ, ਕਈ ਵਾਰੀ ਸ਼ਾਮਨੂੰ ਤੇ ਦੁਪਹਿਰੇ ਤਾਂ ਆਮ ਹੀ ਇਕ ਤਰਫਾ ਲੜਾਈ ਹੁੰਦੀ ਸੀ। ਪਰ ਮੈਂ ਸਿਰ ਜਿਹਾ ਸਮੇਟ ਕੇ ਕਮਰੇ ਵਿਚ ਚਲੇ ਜਾਣਾ ਜਾਂ ਫਿਰ ਮੁੱਕਰ ਹੀ ਜਾਣਾ ਕਿ ਆਰ ਓ ਦੀ ਟੂਟੀ ਤਾਂ ਮੈਂ ਖੋਲ੍ਹੀ ਹੀ ਨਹੀਂ ਸੀ ।ਕਈ ਵਾਰੀ ਮੈਂ ਸੱਚਾ ਵੀ ਹੁੰਦਾ ਸੀ, ਪਰ ਬਹੁਤ ਵਾਰ ਕਾਹਲੀ ਵਿਚ ਟੂਟੀ ਕੱਸ ਕੇ ਬੰਦ ਕਰਨੀ ਭੁੱਲ ਜਾਂਦਾ ਸੀ। ਕਈ ਵਾਰੀ ਰਾਤ ਨੂੰ ਸਾਰਾ ਪਾਣੀ ਵੀ ਰੁੱੜ੍ਹ ਜਾਣਾ ਤੇ ਸਵੇਰੇ ਹੀ ਇਸ ਨਲਾਇਕੀ ਬਦਲੇ ਪ੍ਰਸ਼ਾਦ ਮਿਲ ਜਾਣਾ । ਪਰ ਆਦਤ ਬਦਲਣ ਦੀ ਇੱਛਾ ਹੋਣ ਦੇ ਬਾਵਜੂਦ, ਗਲਤੀ ਹੋ ਜਾਣੀ। ਪਰ ਕਰੋਨਾ ਵੇਲੇ ਅਚਾਨਕ ਉਹ ਪੱਕੇ ਸਫ਼ਰ ਤੇ ਤੁਰ ਗਈ । ਬਹੁਤ ਕੁਝ ਅਣਕਿਆਸਾ ਬਦਲ ਗਿਆ। ਜੀਵਨ ਦੇ ਰੰਗ ਬਦਲ ਗਏ, ਢੰਗ ਬਦਲ ਗਏ । ਜੋ ਕਦੇ ਕੀਤਾ ਨਹੀਂ ਸੀ, ਉਹ ਸਿੱਖਣਾ ਪਿਆ। ਜੋ ਆਪਣੇ ਆਪ ਹੋਈ ਜਾਂਦਾ ਸੀ, ਕਰਨਾ ਪਿਆ ਜਾਂ ਛੱਡਣਾ ਪਿਆ। 2021 ਤੋਂ ਲੈ ਕੇ ਅੱਜ ਤਕ ਗਲਤੀਆਂ ਤਾਂ ਬਹੁਤ ਕੀਤੀਆਂ ਜਾਂ ਹੋਈਆਂ ਹੋਣਗੀਆਂ, ਪਰ ਦੋ ਸਾਲ ਤੋਂ ਕਦੇ ਟੂਟੀ ਚੋਂ ਤੁਪਕਾ ਨਹੀਂ ਡੁੱਲੇਆ।

**– ਜਨਮੇਜਾ ਸਿੰਘ ਜੌਹਲ**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਅਮੈਰਿਕਨ ਸੀਨੀਅਰ ਸਿਟੀਜ਼ਨਸ ਗਰੁੱਪ, ਸੈਕਰਾਮੈਂਟੋ ਵੱਲੋਂ ਇਕ ਵਿਸ਼ੇਸ਼ ਸਮਾਗਮ

ਅਮੈਰਿਕਨ ਸੀਨੀਅਰ ਸਿਟੀਜ਼ਨਸ ਗਰੁੱਪ, ਸੈਕਰਾਮੈਂਟੋ ਵੱਲੋਂ 2 ਅਪ੍ਰੈਲ 2023 ਨੂੰ Benaares Fine Indian Cuisine ਸੈਕਰਾਮੈਂਟੋ ਵਿਖੇ ਇਕ ਵਿਸ਼ੇਸ਼ ਇਕੱਠ ਦੌਰਾਨ ਆਪਣੇ ਸੀਨੀਅਰ ਸਿਟੀਜ਼ਨਸ ਗਰੁੱਪ ਦੇ ਮੈਂਬਰਾਂ ਸਰਵਸ੍ਰੀ ਮਨਜੀਤ ਸਿੰਘ ਪੁਰੇਵਾਲ, ਰਵਿੰਦਰ ਸਿੰਘ, ਨਿਰੰਜਣ ਸਿੰਘ ਕਾਹਲੋਂ, ਜਵਾਹਰ ਧਵਨ, ਦਲਜੀਤ ਸਿੰਘ ਸੰਧੂ ਅਤੇ ਮਹਿੰਦਰ ਸਿੰਘ ਸੰਧੂ ਦੇ ਸੰਯੁਕਤ ਜਨਮ ਦਿਨ ਮਨਾਏ ਗਏ। ਇਸ ਮੌਕੇ ਕੋਈ 50 ਦੇ ਕਰੀਬ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਲੋਕਲ ਕਲਾਕਾਰਾਂ ਨੇ ਆਪੋ-ਆਪਣੀਆਂ ਆਈਟਮਾਂ ਪੇਸ਼ ਕੀਤੀਆਂ। ਚੇਅਰਮੈਨ ਸ੍ਰੀ ਸੁਖਚੈਨ ਸਿੰਘ ਨੇ ਗਰੁੱਪ ਵੱਲੋਂ ਜਨਮ ਦਿਨ ਦੀ ਵਧਾਈ ਦਿੰਦਿਆਂ ਗਰੁੱਪ ਵੱਲੋਂ ਸਭ ਦਾ ਧੰਨਵਾਦ ਕੀਤਾ।


















## ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਜੀ





ਪ੍ਰੋ: ਐਚ.ਐਲ.ਕਪੂਰ

ਗੁਰੂ ਤੇਗ ਬਹਾਦਰ ਜੀ ਦਾ ਇਸ ਸ੍ਰਿਸ਼ਟੀ 'ਤੇ ਪ੍ਰਕਾਸ਼ (ਜਨਮ) 18 ਅਪ੍ਰੈਲ, 1621 ਈਸਵੀ ਦਿਨ ਬੁੱਧਵਾਰ ਨੂੰ ਅੰਮ੍ਰਿਤਸਰ, ਪੰਜਾਬ, ਭਾਰਤ ਵਿਚ ਹੋਇਆ। ਉਹ ਸਿੱਖ ਧਰਮ ਦੇ ਛੇਵੇਂ ਗੁਰੂ, ਗੁਰੂ ਹਰਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਪੁੱਤਰ ਸਨ। ਉਹ 16 ਅਪ੍ਰੈਲ, 1664 ਈਸਵੀ ਨੂੰ ਆਪਣੇ ਪੋਤੇ-ਭਤੀਜੇ ਅਤੇ ਅੱਠਵੇਂ ਗੁਰੂ, ਗੁਰੂ ਹਰਿਕ੍ਰਿਸ਼ਨ ਜੀ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਗੁਰੂ ਬਣੇ ਸਨ।

ਉਹ ਇਕ ਕਵੀ, ਇਕ ਚਿੰਤਕ ਅਤੇ ਇਕ ਯੋਧਾ ਸਨ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਤੋਂ ਬਾਅਦ ਦੇ ਸਿੱਖ ਗੁਰੂਆਂ ਦੀ ਪਵਿੱਤਰਤਾ ਅਤੇ ਬ੍ਰਹਮਤਾ ਦੇ ਪ੍ਰਕਾਸ਼ ਨੂੰ ਅੱਗੇ ਵਧਾਇਆ। ਉਹਨਾਂ ਦੀਆਂ ਅਧਿਆਤਮਕ ਲਿਖਤਾਂ, ਪ੍ਰਮ-ਾਤਮਾ ਦੀ ਪ੍ਰਕਿਰਤੀ, ਮਨੁੱਖੀ ਮੋਹ, ਤਨ, ਮਨ, ਦੁੱਖ, ਮਾਣ, ਸੇਵਾ, ਮੌਤ ਅਤੇ ਮੁਕਤੀ ਵਰਗੇ ਵਿਭਿੰਨ ਵਿਸ਼ਿਆਂ ਦਾ ਵੇਰਵਾ ਦਿੰਦੀਆਂ ਹਨ।'ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਉਹਨਾਂ ਦੀਆਂ 116 ਕਾਵਿਕ ਭਜਨਾਂ ਦੀਆਂ ਰਚਨਾਵਾਂ ਦਰਜ ਹਨ, ਗੁਰੂ ਸਾਹਿਬ ਜੀ ਨੇ ਸਿੱਖ ਧਰਮ ਦੇ ਸੰਦੇਸ਼ ਨੂੰ ਫੈਲਾਉਣ ਲਈ ਭਾਰਤੀ ਉਪ-ਮਹਾਂਦੀਪ ਦੀ ਵਿਆਪਕ ਯਾਤਰਾ ਕੀਤੀ ਤੇ ਕਈ ਨਵੇਂ ਸਿੱਖ ਧਰਮ ਦੇ ਪ੍ਰਚਾਰ ਲਈ ਕੇਂਦਰ ਸਥਾਪਤ ਕੀਤੇ। ਉਹਨਾਂ ਨੇ ਪੰਜਾਬ ਵਿਚ ਚੱਕ-ਨਾਨਕੀ ਦੇ ਕਸਬੇ ਦੀ ਸਥਾਪਨਾਂ ਕੀਤੀ, ਜਿਸ ਨੂੰ ਬਾਅਦ ਵਿਚ ਦਸਵੇਂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਸ਼ਹਿਰ ਵਿਚ ਵੱਡਾ ਕੀਤਾ।

ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਸਨ। ਸੰਸਾਰ ਦੇ ਇਤਿਹਾਸ 'ਚ ਧਰਮ ਤੇ ਮਾਨਵੀਯ ਕਦਰਾਂ-ਕੀਮਤਾਂ, ਆਦਰਸ਼ਾਂ ਤੇ ਸਿਧਾਂਤਾਂ ਦੀ ਰੱਖਿਆ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾ-ਲਿਆਂ 'ਚੋਂ ਗੁਰੂ ਤੇਗ ਬਹਾਦਰ ਜੀ ਦਾ ਸਥਾਨ ਸਿਰਮੌਰ ਹੈ।

ਇਹ ਗੱਲ ਵਿਸ਼ੇਸ਼ ਤੌਰ 'ਤੇ ਧਿਆਨ ਦੇਣ ਵਾਲੀ ਹੈ ਕਿ ਭਾਰਤ ਤੋਂ ਇਲਾਵਾ ਜਿੱਥੇ-ਜਿੱਥੇ ਵੀ ਇਸਲਾਮ ਧਰਮ ਗਿਆ, ਸੀਰੀਆ, ਇਰਾਨ, ਇਰਾਕ, ਮਿਸਰ ਆਦਿ ਦੇਸ਼ਾਂ 'ਚ ਉਥੋਂ ਦੇ ਪ੍ਰਸ਼ਾਸਕਾਂ ਦੇ ਇਸਲਾਮ ਧਰਮ ਗ੍ਰਹਿਣ ਕਰ ਲੈਣ ਤੋਂ ਬਾਅਦ ਉਥੋਂ ਦੀ ਸਾਰੀ ਦੀ ਸਾਰੀ ਪਰਜਾ ਨੇ ਬੜੇ ਥੋੜ੍ਹੇ ਹੀ ਸਮੇਂ 'ਚ ਇਸਲਾਮ ਧਰਮ ਗ੍ਰਹਿਣ ਕਰ ਲਿਆ ਪਰ ਇਸ ਦੇ ਬਾਵਜੂਦ ਵੀ ਭਾਰਤੀਯ ਧਰਮ, ਪੰਥ ਦੀ ਉਦਾਰਤਾ ਨੇ ਵੀ ਇਸਲਾਮ ਧਰਮ ਦੇ ਪ੍ਰਸਾਰ ਨੂੰ ਰੋਕਣ ਲਈ ਬੜਾ ਮਹੱਤਵਪੂਰਨ ਯੋਗਦਾਨ ਪਾਇਆ। ਅਕਬਰ ਤੋਂ ਬਾਅਦ ਜਹਾਂਗੀਰ ਤੇ ਸ਼ਾਹਜਹਾਨ ਨੇ ਵੀ ਉਸੇ ਨੀਤੀ ਨੂੰ ਅਪਣਾਇਆ, ਜਿਹੜੀ ਅਕਬਰ ਨੇ ਲਾਗੂ ਕੀਤੀ ਸੀ। ਸ਼ਾਹਜਹਾਨ ਦੇ ਉਤਰਾਧਿਕਾਰੀ ਔਰੰਗਜ਼ੇਬ ਨੇ ਆਪਣੇ ਪੂਰਵਜਾਂ ਦੀ ਚੱਲੀ ਆ ਰਹੀ ਨੀਤੀ 'ਤੇ ਰੀਤੀ ਨੂੰ ਛੱਡ ਕੇ ਉਹ ਮੁਗਲ ਸਾਮਰਾਜ ਨੂੰ ਇਸਲਾਮੀ ਰਾਜ ਬਣਾਉਣ ਦੀ ਕੋਸ਼ਿਸ਼ ਕਰਨ ਲੱਗ ਪਿਆ। ਉਸ ਨੇ ਆਪਣੀ ਇਸਲਾਮਿਕ ਨੀਤੀ ਦੇ ਅਨੁਸਾਰ ਰਾਜ ਪ੍ਰਬੰਧ ਚਲਾਉਣ ਲਈ ਹਿੰਦੂ ਜਾਤੀ ਦੇ ਲੋਕਾਂ ਤੇ ਜਜ਼ੀਆ (ਟੈਕਸ) ਲਗਾਇਆ ਤੇ ਕਾਸ਼ੀ 'ਚ ਵਿੱਦਿਆਨਾਥ, ਗੁ-ਜਰਾਤ 'ਚ ਸੋਮਨਾਥ, ਮਥਰਾ 'ਚ ਕੇਸ਼ਵ ਰਾਏ ਆਦਿ ਪ੍ਰਸਿੱਧ ਮੰਦਰਾਂ ਨੂੰ ਤੋੜਨ ਦੇ ਆਦੇਸ਼ ਦੇ ਦਿੱਤੇ। ਇਸ ਤੋਂ ਇਲਾਵਾ ਉਸ ਨੇ ਹਿੰਦੂ ਤੇ ਸ਼ਿਵਪੰਥ ਨੂੰ, ਆਪਣੇ ਪੁਰਬਾਂ ਨੂੰ ਸਰਬਜਨਕ ਤੌਰ 'ਤੇ ਮਨਾਉਣ 'ਤੇ ਰੋਕ ਲਗਾ ਦਿੱਤੀ। ਇਸਲਾਮ ਧਰਮ ਅਪਣਾਉਣ ਵਾਲਿਆਂ ਨੂੰ ਪੁਰਸਕਾਰ ਦੇਣੇ ਆਰੰਭ ਕਰ ਦਿੱਤੇ ਤੇ ਇਸਲਾਮ ਧਰਮ ਦੀ ਇਸ ਨੀਤੀ ਦਾ ਵਿਰੋਧ ਕਰਨ ਵਾਲਿਆਂ ਨੂੰ ਸਰਕਾਰੀ ਉੱਚ ਅਹੁਦਿਆਂ ਤੋਂ ਹਟਾ ਦਿੱਤਾ ਜਾਣਾ ਸ਼ੁਰੂ ਕਰ ਦਿੱਤਾ ਤੇ ਜਿਹੜੇ ਲੋਕ ਇਸਲਾਮ ਧਰਮ ਕਬੂਲ ਕਰਦੇ ਉਹਨਾਂ ਨੂੰ, ਉਹ ਅਹੁਦੇ ਤੇ ਪਦਵੀਆਂ ਦਿੱਤੇ ਜਾਣੇ ਸ਼ੁਰੂ ਕਰ ਦਿੱਤੇ। ਉਸ ਦੀ ਇਸ ਸੰਪਰਦਾਇਕ ਕੱਟੜ ਨੀਤੀ ਦਾ ਮੁਗਲ ਰਾਜ ਦੀ ਸਥਿਰਤਾ 'ਤੇ ਬਹੁਤ ਬੁਰਾ ਅਸਰ ਪਿਆ। ਮਥਰਾ 'ਚ ਜਾਟਾਂ ਨੇ, ਪੰਜਾਬ 'ਚ ਸਿੱਖਾਂ ਨੇ, ਰਾਜਪੂਤਾਨੇ 'ਚ ਦੁਰਗਦਾਸ ਰਾਠੌਰ ਨੇ, ਦੱਖਣ 'ਚ ਮਰਾਠਿਆਂ ਨੇ ਔਰੰਗਜ਼ੇਬ ਦੇ ਖ਼ਿਲਾਫ਼, ਉਸ ਦੀ ਇਸ ਕੱਟੜ ਧਾਰਮਿਕ ਨੀਤੀ ਦੇ ਖ਼ਿਲਾਫ਼ ਵਿਦਰੋਹ ਆਰੰਭ ਕਰ ਦਿੱਤਾ। ਇਸ ਦਾ ਇਹ ਅਸਰ ਹੋਇਆ ਕਿ ਔਰੰਗਜ਼ੇਬ ਹਿੰ-ਦੋਸਤਾਨ 'ਚ ਨਾ ਤਾਂ ਇਸਲਾਮੀ ਰਾਜ ਦੀ ਸਥਾਪਨਾ ਕਰਨ 'ਚ ਸਫਲ ਰਿਹਾ ਤੇ ਨਾ ਹੀ ਉਸ ਨੂੰ ਇਸਲਾਮਿਕ ਰਾਜ ਬਣਾਉਣ 'ਚ ਸਫਲ ਹੋਇਆ।

ਇਸ ਸਮੇਂ ਸਿੱਖ ਧਰਮ ਦੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਆਪਣੇ ਇਸ ਧਰਮ ਦੀ ਅਗਵਾਈ ਕਰ ਰਹੇ ਸਨ। ਉਹਨਾਂ ਦੇ ਮਨ 'ਚ ਹਿੰਦੂ ਧਰਮ ਪ੍ਰਤੀ ਸਤਿਕਾਰ ਇਸ ਹੱਦ ਤੱਕ ਸੀ, ਇਸ ਗੱਲ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਔਰੰਗਜ਼ੇਬ ਨੇ ਉਹਨਾਂ ਸਾਹਮਣੇ ਆਪਣਾ ਧਰਮ ਪਰਿਵਰਤਨ ਕਰਨ ਲਈ ਤਿੰਨ ਸੁਆਲ ਰੱਖੇ: (1) ਕੋਈ ਚਮਤਕਾਰ ਦਿਖਾਓ, (2) ਇਸਲਾਮ ਧਰਮ ਕਬੂਲ ਕਰੋ, (3) ਜਾਂ ਫਿਰ ਆਪਣੇ ਪ੍ਰਾਣਾਂ ਦੀ ਕੁਰਬਾਨੀ ਕਰਨ ਲਈ ਤਿਆਰ ਰਹੋ। ਤਦ ਗੁਰੂ ਜੀ ਨੇ ਔਰੰਗਜ਼ੇਬ ਦੇ ਪ੍ਰਸਤਾਵਾਂ ਦਾ ਉੱਤਰ ਦਿੰਦੇ ਹੋਏ ਕਿਹਾ- ਤਿਨ ਤੇ ਸਨਿ ਸ੍ਰੀ ਤੇਗ ਬਹਾਦਰ। ਧਰਮ ਨਿਵਾਰਿਨ ਬਿਖੈ ਬਹਾਦਰ। ਉੱਤਰ ਭਨਯੋ, ਧਰਮ ਹਮ ਹਿੰਦੂ। ਅਤਿ ਪ੍ਰੀਯ ਕੋ ਕਿਮ ਕਰਹਿ ਨਿਕਨਦੂ।। ਲੋਕ ਪਰਲੋਕ ਉਭਯ ਸੁਖਦਾਨੀ ਆਨ ਨ ਪਾਇਆ ਜਾਹਿ ਸਮਾਨੀ। ਮਤਿ ਮਲੀਨ ਮੂਰਖ ਮਤਿ ਜੋਈ। ਇਸ ਕੋ ਤਿਆਗੇ ਪਾਮਰ ਸੋਈ। ਸਮਤਿਵੰਤ ਹਮ ਕਹੁ ਕਿਉ ਤਿਆਗਹਿ। ਧਰਮ ਰਾਖਿਵੇ ਨਿਤ ਅਨੁਰਾਗਹਿ।। ਤਰਿਤਏ ਪਰਾਣ ਹਾਵ ਕੀ ਬਾਤ ਸੋ ਹਮ ਸਹੈ, ਅਪਨੇ ਗਾਤ। ਹਿੰਦੂ ਧਰਮ ਰਖਹਿ ਜਗ ਮਾਂਹੀ। ਤੁਮਰੇ ਕਰੇ ਬਿਨਸ ਯਹ ਨਾਂਹੀ।। ਔਰੰਗਜ਼ੇਬ ਦੀਆਂ ਗੱਲਾਂ ਸੁਣ ਕੇ, ਸਭ ਧਰਮਾਂ ਨੂੰ ਪਿਆਰ ਤੇ ਸਤਿਕਾਰ ਦੀ ਨਜ਼ਰ ਨਾਲ ਦੇਖਣ ਵਾਲੇ ਵੀਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉੱਤਰ ਦਿੱਤਾ ਕਿ ਅਸੀਂ ਸੰਸਾਰ ਦੇ ਸਭ ਧਰਮਾਂ ਦਾ ਸਤਿਕਾਰ ਕਰਨ ਵਾਲੇ ਹਾਂ ਤਾਂ ਅਸੀਂ ਆਪਣੇ ਬਹੁਤ ਹੀ ਪਿਆਰੇ ਹਿੰਦੂ ਧਰਮ ਨੂੰ ਕਿਸ ਤਰ੍ਹਾਂ ਛੱਡ ਸਕਦੇ ਹਾਂ? ਸਾਡਾ ਇਹ ਧਰਮ ਲੋਕ ਤੇ ਪ੍ਰਲੋਕ ਦੋਨਾਂ ਨੂੰ ਸੁੱਖ ਦੇਣ ਵਾਲਾ ਹੈ। ਦੂਸਰਾ ਕੋਈ ਹੋਰ ਧਰਮ ਇਸ ਦੀ ਸਮਾਨਤਾ ਨੂੰ ਪ੍ਰਾਪਤ ਨਹੀਂ ਕਰ ਸਕਦਾ। ਜਿਹੜਾ ਮੂਰਖ ਹੈ ਉਹ ਹੀ ਇਸ ਨੂੰ ਤਿਆਗਣ ਦੀ ਗੱਲ ਸੋਚ ਸਕਦਾ ਹੈ। ਉਹ ਨਿਸ਼ਚਿਤ ਤੌਰ 'ਤੇ ਪਾਪੀ ਹੈ। ਇਸ ਤਰ੍ਹਾਂ ਦਾ ਵਿਅੱਕਤੀ ਨਿਸ਼ਚਿਤ ਤੌਰ 'ਤੇ ਹੀ ਇਸ ਲੋਕ 'ਚ ਅਤਿਅੰਤ ਦੁੱਖ ਪਾਉਂਦਾ ਹੈ। ਤੇ ਯਮਰਾਜ ਵੀ ਉਸ ਨੂੰ ਦੰਡ ਦਿੰਦਾ ਹੈ। ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਧਰਮ ਦੀ ਰੱਖਿਆ ਕਰੀਏ। ਪ੍ਰਾਣ ਦੇਣ ਦੀ ਜੋ ਤੁਸੀਂ ਤੀਜੀ ਗੱਲ ਕਹੀ ਹੈ ਉਹ ਸਾਨੂੰ ਮਨਜ਼ੂਰ ਹੈ। ਅਸੀਂ ਆਪਣੇ ਸਰੀਰ 'ਤੇ ਅੱਤਿਆਚਾਰ ਝੱਲ ਕੇ ਤੇ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਆਪਣੇ ਧਰਮ ਦੀ ਰੱਖਿਆ ਕਰ ਲਵਾਂਗੇ। ਇਹ ਧਰਮ ਤੁਹਾਡੇ ਯਤਨਾਂ ਨਾਲ ਖਤਮ ਹੋਣ ਵਾਲਾ ਨਹੀਂ ਹੈ।

ਇਸ ਉਕਤ ਵਾਰਤਾ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਗਰੇ ਤੋਂ ਮੁਗਲ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ, ਜਦੋਂ ਉਹ ਆਪਣੇ ਸਿੱਖ ਮਿਸ਼ਨਰੀ ਪ੍ਰਚਾਰ ਲਈ ਉਥੋਂ ਪਹੁੰਚੇ ਹੋਏ ਸਨ। ਗ੍ਰਿਫ਼ਤਾਰੀ ਸਮੇਂ ਉਨ੍ਹਾਂ 'ਤੇ ਬਹੁਤ ਅੱ-ਤਿਆਚਾਰ ਕੀਤੇ ਗਏ। ਉਨ੍ਹਾਂ ਨੂੰ ਲੋਹੇ ਦੇ ਇਕ ਤੰਗ ਪਿੰਜਰੇ 'ਚ ਕਈ ਦਿਨਾਂ ਤੱਕ ਬੰਦ ਰੱਖਿਆ ਗਿਆ। ਉਨ੍ਹਾਂ ਦੀਆਂ ਨਜ਼ਰਾਂ ਦੇ ਸਾਹਮਣੇ ਉਨ੍ਹਾਂ ਦੇ ਬਹੁਤ ਹੀ ਪਿਆਰੇ ਸ਼ਰਧਾਲੂ ਸਿੱਖ ਭਾਈ ਮਤੀ ਦਾਸ ਜੀ ਨੂੰ ਦੋ ਥੰਮਾਂ ਦੇ ਵਿਚਕਾਰ ਬੰਨ੍ਹਿਆ ਗਿਆ ਤੇ ਤਸ਼ੱਦਦ ਕਰਨ ਉਪਰੰਤ ਉਨ੍ਹਾਂ ਨੂੰ ਜਿਉਂਦਿਆਂ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਦਿਆਲਾ ਜੀ ਨੂੰ ਵੀ ਬਹੁਤ ਤਸੀਹੇ ਦੇਣ ਉਪਰੰਤ ਜਿਉਂਦਿਆਂ ਨੂੰ ਉਬਲਦੀ ਦੇਗ 'ਚ ਉਬਾਲ ਕੇ ਸ਼ਹੀਦ ਕੀਤਾ ਗਿਆ ਤੇ ਭਾਈ ਸਤੀ ਦਾਸ 'ਤੇ ਤਸ਼ੱਦਦ ਕਰਨ ਉਪਰੰਤ ਉਨ੍ਹਾਂ ਦੇ ਸਰੀਰ ਨੂੰ ਸੂਤੀ ਰੂੰ 'ਚ ਲਪੇਟ ਕੇ ਅੱਗ ਲਗਾ ਦਿੱਤੀ ਗਈ ਤੇ ਸ਼ਹੀਦ ਕਰ ਦਿੱਤਾ।

ਗੁਰੂ ਤੇਗ ਬਹਾਦਰ ਜੀ ਨੇ ਕਈ ਦਿਨਾਂ ਤੱਕ ਆਪਣੇ ਸਰੀਰ 'ਤੇ ਸ਼ਾਂਤ-ਚਿੱਤ ਰਹਿ ਕੇ ਤਸ਼ੱਦਦ ਝੱਲੇ। ਅਖੀਰ ਨਵੰਬਰ 11, 1675 ਈਸਵੀ ਨੂੰ ਆਮ ਜਨਤਾ ਦੀ ਲੱਗੀ ਭੀੜ 'ਚ ਜਲਾਦ ਨੇ ਆਪਣੀ ਤਲਵਾਰ ਨਾਲ ਜਦੋਂ ਗੁਰੂ ਜੀ ਇਕਾਂਤ ਚਿੱਤ ਹੋ ਕੇ ਪਾਠ ਕਰ ਰਹੇ ਸਨ, ਉਨ੍ਹਾਂ ਦਾ ਸੀਸ ਧੜ ਤੋਂ ਅਲੱਗ ਕਰਕੇ ਸ਼ਹੀਦ ਕਰ ਦਿੱਤਾ। ਗੁਰੂ ਜੀ ਦਾ ਸੀਸ ਤੇ ਧੜ, ਧੂੜ 'ਚ ਪਿਆ ਸੀ ਤੇ ਬਾਹਰ ਖੜ੍ਹੀ ਲੋਕਾਈ 'ਚੋਂ ਕਿਸੇ ਨੇ ਵੀ ਬਾਦਸ਼ਾਹ ਤੋਂ ਡਰਦਿਆਂ ਗੁਰੂ ਜੀ ਦੇ ਸਰੀਰ ਤੇ ਸੀਸ ਨੂੰ ਚੁੱਕਣ ਦਾ ਹੌਸਲਾ ਨਹੀਂ ਕੀਤਾ।

ਥੋੜ੍ਹੇ ਸਮੇਂ ਬਾਅਦ ਸ਼ਹਿਰ 'ਚ ਬਹੁਤ ਤੇਜ਼ ਤੂਫਾਨ ਆਇਆ ਤੇ ਰਾਤ ਦੇ ਹਨੇਰੇ 'ਚ ਇਕ ਸਿੱਖ ਸ਼ਰਧਾਲੂ ਜਿਸ ਦਾ ਨਾਮ ਭਾਈ ਜੈਤਾ ਜੀ ਸੀ, ਨੇ ਗੁਰੂ ਜੀ ਦਾ ਪਵਿੱਤਰ ਸੀਸ ਨੂੰ ਉਠਾਇਆ ਤੇ ਆਪਣੇ ਨਾਲ ਲੈ ਕੇ ਆਨੰਦਪੁਰ ਸਾਹਿਬ ਨੂੰ ਚਾਲੇ ਪਾ ਦਿੱਤੇ ਤੇ ਉਹਨਾਂ ਦੇ ਗੁਰੂ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਵਾਲੇ ਕਰ ਦਿੱਤਾ। ਇਕ ਹੋਰ ਗੁਰੂ ਜੀ ਦਾ ਸਿੱਖ ਜਿਸ ਦਾ ਨਾਂ ਸੀ ਭਾਈ ਲੱਖੀ ਸ਼ਾਹ, ਉਸ ਪਾਸ ਇਕ ਗੱਡਾ ਸੀ, ਉਸ ਨੇ ਗੁਰੂ ਜੀ ਦੇ ਧੜ ਨੂੰ ਉਸ ਗੱਡੇ 'ਤੇ ਰੱਖਿਆ ਤੇ ਆਪਣੇ ਘਰ ਲੈ ਗਿਆ। ਉਸ ਲਈ ਜਨਤਕ ਤੌਰ 'ਤੇ ਗੁਰੂ ਜੀ ਦੇ ਸਰੀਰ ਦਾ ਅੰਤਿਮ ਸੰਸਕਾਰ ਕਰਨਾ ਬੜਾ ਖ਼ਤਰਨਾਕ ਸੀ ਤੇ ਉਸ ਨੇ ਆਪਣੇ ਘਰ ਨੂੰ ਅੱਗ ਲਗਾ ਦਿੱਤੀ ਤੇ ਇਸ ਤਰੀਕੇ ਨਾਲ ਗੁਰੂ ਜੀ ਦੇ ਸਰੀਰ ਦਾ ਅੰਤਿਮ ਸੰਸਕਾਰ ਕਰ ਦਿੱਤਾ। ਇਸੇ ਤਰ੍ਹਾਂ ਗੁਰੂ ਜੀ ਦਾ ਸੀਸ ਵੀ ਆਨੰਦਪੁਰ ਸਾਹਿਬ ਉਨ੍ਹਾਂ ਦੇ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੀ ਵਿਧਵਾ ਪਤਨੀ ਮਾਤਾ ਗੁਜਰੀ ਜੀ ਦੇ ਪਾਸ ਪਹੁੰਚਾਇਆ ਗਿਆ ਤੇ ਮਿਤੀ ਨਵੰਬਰ 16, 1675 ਈਸਵੀ ਨੂੰ ਆਨੰਦਪੁਰ ਸਾਹਿਬ ਵਿਖੇ ਹੀ ਚੰਦਨ ਦੀ ਲੱਕੜੀ ਦੀ ਚਿਤਾ ਚਿਣ ਕੇ ਤੇ ਗੁਲਾਬ ਦੇ ਫੁੱਲਾਂ ਦੀ ਵਰਖਾ ਕਰਕੇ ਉਨ੍ਹਾਂ ਦੇ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਅਗਨ ਭੇਟ ਕਰਕੇ ਅੰਤਿਮ ਸੰਸਕਾਰ ਕਰ ਦਿੱਤਾ। ਇਸ ਤਰ੍ਹਾਂ ਸਿੱਖ ਧਰਮ ਦੇ 'ਨੌਵੇਂ ਨਾਨਕ' ਜੀ ਇਸ ਧਰਤੀ 'ਤੇ ਜੋਤੀ-ਜੋਤ ਸਮਾਅ ਗਏ। ਸੰਸਾਰ ਦੇ ਇਤਿਹਾਸ 'ਚ ਇਹ ਇਕੱਲੀ ਅਜਿਹੀ ਮਿਸਾਲ ਮਿਲਦੀ ਹੈ ਕਿ ਗੁਰੂ ਤੇਗ ਬਹਾਦਰ ਜੀ ਵਰਗੇ ਕਿਸੇ ਧਾਰਮਿਕ ਗੁਰੂ ਨੇ ਕਿਸੇ ਦੂਸਰੇ ਧਰਮ ਦੀ ਰੱਖਿਆ ਤੇ ਆਜ਼ਾਦੀ ਲਈ ਲਾਸਾਨੀ ਸ਼ਹਾਦਤ ਦਿੱਤੀ ਹੋਵੇ।

ਸਿੱਖ ਧਰਮ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧਰਮ ਦੀ ਰਾਖੀ ਲਈ ਦਿੱਤੀ ਗਈ ਕੁਰਬਾਨੀ ਸਮੇਂ ਕਿਹਾ ਸੀ- 'ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੋ ਕਲੂਮਹਿ ਸਾਕਾ। ਸਾਧਨਿ ਹੇਤਿ ਇਤੀ ਜਿਨੀ ਕਰੀ, ਸੀਸ ਦੀਆ ਪਰ ਸੀ ਨਾ ਰੀ। ਧਰਮ ਹੇਤ ਸਾਕਾ ਜਿਨਿ ਕੀਆ, ਸੀਸ ਦੀਆ ਪਰ ਸਿਰਰ ਨਾ ਦੀਆ। ਮਤਲਬ ਪ੍ਰਭੂ ਨੇ ਉਹਨਾਂ ਦੇ ਤਿਲਕ ਤੇ ਜੰਞੂ ਲਈ ਦਿੱਤੀ ਕੁਰਬਾਨੀ ਦੀ ਲਾਜ ਰੱਖੀ ...। ਉਨ੍ਹਾਂ ਨੇ ਕਲਯੁਗ 'ਚ ਬੜੀ ਵੱਡੀ ਕੁਰਬਾਨੀ ਦਿੱਤੀ। ਧਰਮ ਦੀ ਰਾਖੀ ਲਈ ਉਨ੍ਹਾਂ ਨੇ ਆਪਣਾ ਸੀਸ ਕਟਵਾ ਦਿੱਤਾ ਪਰ ਸੀ ਨਹੀਂ ਕੀਤੀ ਤੇ ਆਪਣੇ ਧਰਮ 'ਚ ਵਿਸ਼ਵਾਸ ਨੂੰ ਲਾਜ ਨਹੀਂ ਲੱਗਣ ਦਿੱਤੀ :

"ਧਰਮ ਹੇਤ ਸਾਕਾ ਜਿਨਿ ਕੀਆ,  
ਸੀਸ ਦੀਆ ਪਰ ਸਿਰੜ ਨ ਦੀਆ।"

ਇਸ ਮਹਾਂਵਾਕ ਅਨੁਸਾਰ ਗੁਰੂ ਜੀ ਦਾ ਬਲੀਦਾਨ ਨਾ ਕੇਵਲ ਧਰਮ ਦੀ ਰਾਖੀ ਲਈ ਹੀ ਸੀ ਪਰ ਇਹ ਬਲੀਦਾਨ ਸਾਰੀ ਮਾਨਵੀ ਸੰਸਕ੍ਰਿਤਕ ਵਿਰਾਸਤ ਦੀ ਰਾਖੀ ਲਈ ਬਲੀਦਾਨ ਸੀ। ਧਰਮ ਉਨ੍ਹਾਂ ਲਈ ਸੰਸਕ੍ਰਿਤਕ ਮੁੱਲਾਂ 'ਤੇ ਜੀਵਨ ਦਾ ਨਾਮ ਸੀ। ਇਸ ਲਈ ਧਰਮ ਦੇ ਸੱਚੇ ਅਸੂਲਾਂ ਲਈ ਉਨ੍ਹਾਂ ਦਾ ਕੁਰਬਾਨੀ ਦੇਣਾ ਇਕ : ਸੰਸਕ੍ਰਿਤਕ ਵਿਰਾਸਤ ਤੇ ਇੱਛਤ ਜੀਵਨ ਵਿਧਾਨ ਦੇ ਹੱਕ 'ਚ ਇਕ ਬਹੁਤ ਵੱਡਾ ਸਾਹਿਸਕ ਅਭਿਆਨ ਸੀ।

ਅੱਤਿਆਚਾਰੀ ਸ਼ਾਸਕ ਦੀ ਧਰਮ ਵਿਰੋਧੀ ਤੇ ਵਿਚਾਰਾਂ ਦੀ ਸੁਤੰਤਰਤਾ ਦਾ ਦਮਨ ਕਰਨ ਵਾਲੀਆਂ ਨੀਤੀਆਂ ਦੇ ਵਿਰੁੱਧ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਸਾਡੇ ਪੂਰਵਜ ਇਤਿਹਾਸ ਦੀ ਇਕ ਬਹੁਤ ਵੱਡੀ ਘਟਨਾ ਹੈ। ਇਹ ਗੁਰੂ ਜੀ ਦੇ ਨਿਰਭੈ ਆਚਰਣ, ਧਾਰਮਿਕ ਵਿਸ਼ਵਾਸ ਤੇ ਨੈਤਿਕ ਉਦਾਰਤਾ ਦੀ ਉੱਚਤਮ ਮਿਸਾਲ ਸੀ। ਗੁਰੂ ਜੀ ਮਾਨਵੀਯ ਧਰਮ ਤੇ ਵਿਚਾਰਕ ਸੁਤੰਤਰਤਾ ਦੇ ਲਈ ਆਪਣੀ ਸ਼ਹਾਦਤ ਦੇਣ ਵਾਲੇ ਇਕ ਕ੍ਰਾਂਤੀਕਾਰੀ ਯੁੱਗ ਪੁਰਸ਼ ਸਨ। ਇਸੇ ਲਈ ਹੀ ਉਨ੍ਹਾਂ ਨੂੰ ਭਾਰਤ ਦੇ ਇਤਿਹਾਸ 'ਚ ਹਿੰਦੂ ਧਰਮ ਦੀ ਰੱਖਿਆ ਕਰਨ ਵਾਸਤੇ ਦਿੱਤੀ ਗਈ ਕੁਰਬਾਨੀ ਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਬਹਾਲ ਰੱਖਣ ਕਰਕੇ 'ਹਿੰਦ ਦੀ ਚਾਦਰ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

**ਧਰਮ ਪ੍ਰਚਾਰ :-** ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਤੇ ਲੋਕ ਕਲਿਆਣ ਕਰਨ ਲਈ ਕਈ ਸਥਾਨਾਂ ਦੀ ਯਾਤਰਾ ਕੀਤੀ। ਆਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ, ਰੋਪੜ, ਸੈਫਾਵਾਦ ਦੇ ਲੋਕਾਂ ਨੂੰ ਸੰਜਮ ਤੇ ਸਹਿਜ ਮਾਰਗ ਦਾ ਪਾਠ ਪੜ੍ਹਾਉਂਦੇ ਹੋਏ ਉਹ ਖਿਆਲਾਂ (ਖਦਲ) ਪਹੁੰਚੇ। ਇੱਥੇ ਗੁਰੂ ਜੀ ਧਰਮ ਦੇ ਸੱਚੇ ਮਾਰਗ ਦਾ ਉਪਦੇਸ਼ ਦਿੰਦੇ ਹੋਏ ਦਮਦਮਾ ਸਾਹਿਬ ਤੋਂ ਹੁੰਦੇ ਹੋਏ ਕੁਰੂਕਸ਼ੇਤਰ ਪਹੁੰਚੇ। ਕੁਰੂਕਸ਼ੇਤਰ ਤੋਂ ਜਮਨਾ ਕਿਨਾਰੇ ਹੁੰਦੇ ਹੋਏ ਕੜਾਮਾਨਪੁਰ ਪਹੁੰਚੇ ਤੇ ਉਥੇ ਸਾਧੂ ਭਾਈ ਮਲੂਕ ਦਾਸ ਨੂੰ ਧਰਮ ਦੇ ਸੱਚੇ ਮਾਰਗ ਦਾ ਪਾਠ ਪੜ੍ਹਾਇਆ।

ਇੱਥੋਂ ਹੁੰਦੇ ਹੋਏ ਗੁਰੂ ਜੀ ਪ੍ਰਯਾਗ, ਬਨਾਰਸ, ਪਟਨਾ, ਅਸਾਮ ਆਦਿ ਦੇ ਖੇਤਰਾਂ 'ਚ ਗਏ, ਇੱਥੇ ਉਹਨਾਂ ਨੇ ਮਾਨਵਤਾ ਲਈ ਅਧਿਆਤਮਕ, ਸਮਾਜਿਕ, ਆਰਥਿਕ ਪੱਖ ਦੇ ਕਈ ਰਚਨਾਤਮਕ ਕੰਮ ਕੀਤੇ।

ਲੋਕਾਂ ਨੂੰ ਅਧਿਆਤਮਕ ਮਾਰਗ ਦਾ ਸੱਚਾ ਗਿਆਨ ਦਿੱਤਾ। ਸਮਾਜਿਕ ਪੱਧਰ 'ਤੇ ਚੱਲੀਆਂ ਆ ਰਹੀਆਂ ਕਈ ਰੂੜ੍ਹੀਵਾਦੀ, ਅੰਧ-ਵਿਸ਼ਵਾਸੀ, ਭਰਮਾਂ-ਵਹਿਮਾਂ ਦੀ, ਬੜੇ ਕੜੇ ਸ਼ਬਦਾਂ 'ਚ ਆਲੋਚਨਾ ਕੀਤੀ ਤੇ ਨਵੇਂ ਸਹਿਜ ਜਨ-ਕਲਿਆਣਕਾਰੀ ਆਦਰਸ਼ ਸਥਾਪਿਤ ਕੀਤੇ। ਉਨ੍ਹਾਂ ਨੇ ਮਾਨਵ ਸੇਵਾ ਲਈ ਪਾਣੀ ਦੀ ਸਹੂਲਤ ਵਾਸਤੇ ਖੂਹ ਖੁਦਵਾਏ, ਧਰਮਸਾਲਾਵਾਂ ਬਣਵਾਈਆਂ ਤੇ ਹੋਰ ਕਈ ਪਰਉਪਕਾਰੀ ਕੰਮ ਕਰਵਾਏ। ਇਨ੍ਹਾਂ ਹੀ ਯਾਤਰਾਵਾਂ ਦੇ ਦੌਰਾਨ ਸੰਨ 1666 ਈਸਵੀ 'ਚ ਪਟਨਾ ਸਾਹਿਬ ਵਿਖੇ ਉਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ, ਜਿਹੜੇ ਸਿੱਖ ਧਰਮ ਦੇ ਦਸਵੇਂ ਗੁਰੂ ਬਣੇ।

ਗੁਰੂ ਜੀ ਰੋਜ਼ ਆਨੰਦਪੁਰ ਸਾਹਿਬ 'ਚ ਅਧਿਆਤਮਕ ਗਿਆਨ ਦਾ ਸੰਗਤਾਂ 'ਚ ਪ੍ਰਚਾਰ ਕਰਦੇ, ਸੰਗਤਾਂ ਨੂੰ ਨੈਤਿਕਤਾ, ਨਿਡਰਤਾ ਤੇ ਅਧਿਆਤਮਕ ਜਾਗ੍ਰਿਤੀ ਦਾ ਸੰਦੇਸ਼ ਦਿੰਦੇ ਸਨ। ਉਸ ਸਮੇਂ ਆਨੰਦਪੁਰ ਸਾਹਿਬ ਸਿੱਖ ਧਰਮ ਦਾ- 'ਇਕ ਆਨੰਦ ਧਾਮ' ਹੀ ਸੀ। ਇੱਥੇ ਸਭ ਲੋਕ ਧਰਮ, ਜਾਤੀ, ਰੰਗ, ਸੰਪਰਦਾਏ ਆਦਿ ਦੇ ਭੇਦਭਾਵ ਤੋਂ ਬਿਨਾਂ ਸਮਾਜਿਕ ਬਰਾਬਰਤਾ ਦੇ ਆਧਾਰ 'ਤੇ ਅਧਿਆਤਮਕ ਅਲੌਕਿਕਤਾ ਦਾ ਗਿਆਨ ਪ੍ਰਾਪਤ ਕਰਦੇ ਸਨ। ਗੁਰੂ ਜੀ ਆਪ ਖੁਦ ਸ਼ਾਂਤੀ, ਖਿਮਾ ਤੇ ਸਹਿਣਸ਼ੀਲਤਾ ਦੀ ਅਦੁੱਤੀ ਮੂਰਤ ਸਨ।

ਉਨ੍ਹਾਂ ਨੇ ਸਦਾ ਮਾਨਵਤਾ ਨੂੰ ਪ੍ਰੇਮ, ਏਕਤਾ ਤੇ ਸਰਬ ਸਾਂਝੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਅਗਰ ਕਿਸੇ ਨੇ ਹਉਮੈ 'ਚ ਆ ਕੇ ਗੁਰੂ ਜੀ ਨਾਲ ਬੁਰਾ ਵਿਵਹਾਰ ਵੀ ਕੀਤਾ ਤਾਂ ਉਨ੍ਹਾਂ ਨੇ ਆਪਣੀ ਸਹਿਣਸ਼ੀਲਤਾ, ਮਧੁਰਤਾ ਤੇ ਲਿਆਕਤ ਨਾਲ ਸਮਝਾ ਕੇ ਉਸ ਨੂੰ ਸਿੱਧੇ ਰਸਤੇ ਪਾ ਦਿੱਤਾ। ਗੁਰੂ ਜੀ 'ਚ ਇੰਨੀ ਸਹਿਣਸ਼ੀਲਤਾ ਸੀ ਕਿ ਕਿਸੇ ਨੂੰ ਡਰਾਉਣ ਦੀ ਥਾਂ, ਸਮਝਾਉਣ ਦੀ ਸਿੱਖਿਆ ਦਿੰਦੇ ਸਨ ਤੇ ਆਪ ਕਿਸੇ ਤੋਂ ਡਰਦੇ ਵੀ ਨਹੀਂ ਸਨ। ਉਹ ਗੁਰਬਾਣੀ 'ਚ ਉਪਦੇਸ਼ ਦਿੰਦੇ ਹਨ- 'ਭੈ ਕਾਹੂ ਕੋ ਦੇਤ ਨਾਹੀ। ਨਹਿ ਭੈ ਮਾਨਤ ਆਨ।' ਉਹ ਬਚਪਨ ਤੋਂ ਹੀ ਬੜੇ ਸਰਲ, ਸਹਜ ਤੇ ਭਗਤੀ ਭਾਵ ਵਾਲੇ ਕਰਮਯੋਗੀ ਇਨਸਾਨ ਸਨ। ਉਨ੍ਹਾਂ ਦੀ ਬਾਣੀ 'ਚ ਮਧੁਰਤਾ, ਸਾਦਗੀ, ਸੱਜਣਤਾ ਤੇ ਵੈਰਾਗ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਨ੍ਹਾਂ ਦੇ ਜੀਵਨ ਦਾ ਪਹਿਲਾ ਸਿਧਾਂਤ ਹੀ ਇਹ ਸੀ ਕਿ ਧਰਮ ਦਾ ਸੱਚਾ ਮਾਰਗ ਹੀ ਜੀਵਨ ਦਾ ਸੱਚ ਹੈ ਤੇ ਸੱਚ ਦੀ ਹਮੇਸ਼ਾ ਜਿੱਤ ਹੁੰਦੀ ਹੈ।

ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ 'ਤੇ ਭਾਰਤ ਸਰਕਾਰ ਦੇ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨੇ ਸਮੁੱਚੇ ਸਿੱਖ ਜਗਤ ਤੇ ਭਾਰਤ ਵਾਸੀਆਂ ਨੂੰ ਲਾਲ ਕਿਲੇ ਤੋਂ ਵਧਾਈ ਸੰਦੇਸ਼ ਦਿੰਦਿਆਂ, ਗੁਰੂ ਸਾਹਿਬ ਜੀ ਦੇ ਨਾਮ 'ਤੇ ਇਕ ਯਾਦਗਾਰੀ ਸਿੱਕਾ ਤੇ ਡਾਕ ਟਿਕਟ ਜਾਰ ਕਰਨ ਦਾ ਐਲਾਨ ਵੀ ਕੀਤਾ।

ਕੇਂਦਰੀ ਸਭਿਆਚਾਰਕ ਮੰਤਰਾਲੇ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਇਸ ਪਵਿੱਤਰ ਮੌਕੇ 'ਤੇ 400 ਰਾਗੀ ਸ਼ਬਦ ਕੀਰਤਨ ਵੀ ਕਰਨਗੇ। ਇਹ ਪ੍ਰੋਗਰਾਮ ਕੇਂਦਰੀ ਸਭਿਆਚਾਰਕ ਮੰਤਰਾਲੇ ਵੱਲੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਮਿਲ ਕੇ ਕਰਵਾਇਆ ਜਾਵੇਗਾ।

---


### ਗ਼ਜ਼ਲ

ਸ਼ਬਦ ਸ਼ਕਤੀ ਦੀ ਬਦੌਲਤ ਬੋਲਦੀਆਂ ਪੁਸਤਕਾਂ।  
ਗਿਆਨ ਦੇ ਚਾਨਣ ਦੀ ਖਿੜਕੀ ਖੋਲ੍ਹਦੀਆਂ ਪੁਸਤਕਾਂ।  
ਝੂਠ ਦੀ ਲਾਹਨਤ ਦਾ ਪਰਦਾ ਲਾਹ ਕੇ ਫਿਰ ਇੰਸਾਫ਼ ਵਿਚ,  
ਸੱਚ ਦੀ ਤਕੜੀ ਚ ਸੱਚ ਨੂੰ ਤੋਲਦੀਆਂ ਪੁਸਤਕਾਂ।  
ਰੌਸ਼ਨੀ ਦੇ ਰੰਗ ਲੈ ਕੇ ਪਹੁੰ ਫੁਟਾਲੇ ਫੁੱਟਦੇ,  
ਨੇਰਿਆ ਦੇ ਤਨ ਚ ਸੂਰਜ ਘੋਲਦੀਆਂ ਪੁਸਤਕਾਂ।

ਜਦ ਮੁਸੀਬਤ ਆ ਪਵੇ ਤਾਂ ਦੋਸਤਾਂ ਦੇ ਵਾਂਗਰਾਂ,  
ਸਾਥ ਦਿੰਦੀਆਂ ਨੇ ਤੇ ਦੁੱਖ-ਸੁੱਖ ਫੋਲਦੀਆਂ ਪੁਸਤਕਾਂ।  
ਹੁੰਦੀਆਂ ਅਸ਼ਲੀਲ ਜੋ ਉਹਨਾਂ ਨੂੰ ਪੜ੍ਹਨਾ ਠੀਕ ਨਈਂ,  
ਆਦਮੀ ਦੀ ਜ਼ਿੰਦ ਨੂੰ ਉਹ ਰੋਲਦੀਆਂ ਪੁਸਤਕਾਂ।  
ਤਾਂ ਹੀ ਕੁਝ ਵਿਗਿਆਨੀਆਂ ਨੇ ਚੰਨ ਨੂੰ ਹੈ ਛੂਹ ਲਿਆ,  
ਸੋਚ ਦੇ ਸਾਗਰ ਚੋਂ ਖੋਜਾਂ ਟੋਲਦੀਆਂ ਪੁਸਤਕਾਂ।

ਸਾਂਝ ਤੇ ਇੰਨਸਾਨੀਅਤ ਦਾ ਚਮਨ ਖਿੜ੍ਹਦਾ ਹੀ ਰਵੇ,  
ਪਿਆਰ ਦੇ ਸਾਗਰ ਚੋਂ ਅਮ੍ਰਿਤ ਡੋਲ੍ਹਦੀਆਂ ਪੁਸਤਕਾਂ।  
ਜਿਸ ਦੇ ਘਰ ਵਿਚ ਬਾਲਮਾ ਇਨ੍ਹਾਂ ਦਾ ਵਾਸਾ ਹੋਂਵਦਾ,  
ਸਫ਼ਲਤਾ ਦੇ ਪੱਖੇ ਉਥੇ ਝੋਲਦੀਆਂ ਪੁਸਤਕਾਂ।

ਬਲਵਿੰਦਰ ਬਾਲਮ  
91-98156-25409



# ਵਿਸਾਖੀ ਨੂੰ ਮੁੱਖ ਰੱਖਕੇ ਪੀਸੀਏ ਵੱਲੋਂ ਗੁਰਦਵਾਰਾ ਸਿੰਘ ਸਭਾ ਵਿਖੇ ਵਿਸ਼ੇਸ਼ ਦੀਵਾਨ ਸਜਾਏ ਗਏ

## (ਭਾਈ ਸਰਬਜੀਤ ਸਿੰਘ ਧੂੰਦਾ ਨੇ ਉਚੇਚੀ ਹਾਜ਼ਰੀ ਭਰੀ)










**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ ਫਰਿਜ਼ਨੋਂ (ਕੈਲੇਫੋਰਨੀਆਂ)–** ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਦੇ ਸਮੂਹ ਮੈਂਬਰ ਜਿਹੜੇ ਕਿ ਸਮੇ ਸਮੇ ਸਿਰ ਉਸਾਰੂ ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਪ੍ਰੋਗਰਾਮ ਕਰਵਾਉਣ ਕਰਕੇ ਸਦਾ ਚਰਚਾ ਵਿੱਚ ਰਹਿੰਦੇ ਹਨ, ਵੱਲੋਂ ਵਿਸਾਖੀ ਦੇ ਮੌਕੇ ਨੂੰ ਮੁਖ ਰੱਖਕੇ ਖ਼ਾਲਸੇ ਦੇ ਸਾਜਨਾ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਦੀਵਾਨ ਸਥਾਨਿਕ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਸਜਾਏ ਗਏ। ਇਹਨਾਂ ਚਾਰ ਰੋਜ਼ਾ ਦੀਵਾਨਾ ਵਿੱਚ ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਸਰਬਜੀਤ ਸਿੰਘ ਧੂੰਦਾ ਉਚੇਚੇ ਤੌਰ ਤੇ ਹਾਜ਼ਰੀ ਭਰਨ ਲਈ ਪਹੁੰਚੇ ਹੋਏ ਸਨ ਅਤੇ ਇਹਨਾਂ ਦੀਵਾਨਾ ਦਾ ਮੁੱਖ ਉਦੇਸ਼ ਸਾਡੀ ਨਵੀਂ ਪੀੜ੍ਹੀ ਨੂੰ ਗੁਰੂ ਸਿਧਾਂਤ ਤੋਂ ਜਾਣੂ ਕਰਵਾਉਣਾ ਅਤੇ ਸੰਗਤਾਂ ਨੂੰ ਸਿੱਖੀ ਨਾਲ ਜੋੜਨਾ ਹੈ। ਇਹਨਾਂ ਦੀਵਾਨਾਂ ਵਿੱਚ ਸੰਗਤਾ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਕੇ ਸ਼ਬਦ ਗੁਰੂ ਦੀ ਵਿਚਾਰ ਭਾਈ ਸਰਬਜੀਤ ਸਿੰਘ ਧੂੰਦਾ ਕੋਲੋ ਸਰਵਣ ਕੀਤੀ। ਇਸ ਮੌਕੇ ਭਾਈ ਸਰਬਜੀਤ ਸਿੰਘ ਧੂੰਦਾ ਨੇ ਦੀਵਾਨਾ ਵਿੱਚ ਹਾਜ਼ਰੀ ਭਰਕੇ ਸੰਗਤ ਨੂੰ ਵਹਿਮਾਂ ਭਰਮਾ ਦਾ ਪੱਲ੍ਹਾ ਛੱਡਕੇ ਗੁਰੂ ਗ੍ਰੰਥ ਸਹਿਬ ਦੇ ਲੜ ਲੱਗਣ ਦੀ ਬੇਨਤੀ ਕੀਤੀ। ਉਹਨਾਂ ਕਿਹਾ ਸਿੱਖ ਦਾ ਮਤਬਲ ਹੈ ਸਾਰਾ ਜੀਵਨ ਸਿੱਖਿਆ ਲੈਣੀ, ਪਰ ਅੱਜ ਅਸੀਂ ਸਿੱਖਣ ਦੀ ਬਜਾਏ ਆਪਣੇ ਵਿਚਾਰ ਦੂਸਰਿਆਂ ਉੱਪਰ ਥੋਪਣ ਨੂੰ ਸਿੱਖੀ ਸਮਝੀ ਬੈਠੇ ਹਾਂ।

ਉਹਨਾਂ ਕਿਹਾ ਕਿ ਜੋ ਸ੍ਰੀ ਅਕਾਲ ਤਹਿਤ ਸਹਿਬ ਦੀ ਮਰਿਆਦਾ, ਉਸਨੂੰ ਮੰਨਦਾ ਕੌਣ ਹੈ।।? ਉਹਨਾਂ ਨੇ ਕਿਹਾ ਕਿ ਜਦੋਂ ਸਿੱਖ ਬੱਚੇ ਬੱਚੀਆਂ ਗੁਰੂ ਗ੍ਰੰਥ ਸਹਿਬ ਦਾ ਸਹਿਜ ਪਾਠ ਆਪ ਕਰਨ ਲੱਗ ਪੈਣਗੇ 'ਤਾਂ ਵਹਿਮਾਂ ਭਰਮਾਂ ਦਾ ਆਪਣੇ ਆਪ ਨਾਸ ਹੋ ਜਾਵੇਗਾ। ਉਹਨਾਂ ਰਾਂਚੀ ਵਿੱਚ ਸਿੰਧੀ ਪਰਿਵਾਰਾਂ ਕੋਲੋ ਗੁਰੂ ਗ੍ਰੰਥ ਸਹਿਬ ਖੋਹਣ ਵਾਲ਼ਿਆ ਨੂੰ ਬੇਨਤੀ ਕੀਤੀ ਕਿ ਇਹ ਸਭ ਕੁਝ ਕਰਕੇ ਤੁਸੀਂ ਸੰਗਤ ਨੂੰ ਸਿੱਖੀ ਤੋ ਦੂਰ ਕਰ ਰਹੇ ਹੋ। ਉਹਨਾਂ ਕਿਹਾ ਕਿ ਸਾਨੂੰ ਦੇਹਧਾਰੀ ਪਾਖੰਡੀਆਂ ਦੇ ਪੈਰੀਂ ਡਿੱਗਣ ਦੀ ਜ਼ਰੂਰਤ ਨਹੀਂ, ਆਓ ਗੁਰੂ ਗ੍ਰੰਥ ਦੇ ਲੜ ਲੱਗਕੇ ਆਪਣੇ ਘਰਾਂ ਵਿੱਚ ਗੁਰੂ ਵਿਚਾਰ ਨੂੰ ਲੈਕੇ ਆਈਏ।

ਉਹਨਾਂ ਬੀਬੀਆਂ ਨੂੰ ਬੋਲਦਿਆਂ ਕਿਹਾ ਕਿ ਬੀਬੀਆਂ ਨੂੰ ਆਪਣੇ ਹੱਕ ਆਪ ਲੈਣੇ ਪੈਣੇ ਨੇ, ਉਹਨਾਂ ਕਿਹਾ ਕਿ ਸਿੱਖ ਪੰਥ ਵਿੱਚ ਅਖੌਤੀ ਲੀਡਰ ਤੇ ਕੱਚ ਘਰੜ ਵਿਦਵਾਨ ਬਹੁਤ ਭੰਬਲ ਭੂਸਾ ਫਿਲਾ ਰਹੇ ਹਨ, ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਵੈਸਾਖ ਮਹੀਨਾ, ਭਾਵ ਕਿ ਅਪ੍ਰੈਲ ਮਹੀਨੇ ਦਾ ਹੈ, ਜਦੋਂਕਿ ਇਹ ਨਵੰਬਰ ਵਿੱਚ ਮਨਾਇਆ ਜਾਂਦਾ ਹੈ, ਜਿਹੜਾ ਕਿ ਗਲਤ ਹੈ। ਉਹਨਾਂ ਕਿਹਾ ਕਿ ਕੌਮ ਨੂੰ ਕੁਰਾਹੇ ਪਾਉਣ ਵਾਲੇ ਸ਼ਰਾਰਤੀ ਅਨਸਰਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਇਸ ਮੌਕੇ ਪੀਸੀਏ ਮੈਂਬਰਾਂ ਨੇ ਭਾਈ ਸਰਬਜੀਤ ਸਿੰਘ ਧੂੰਦਾ ਨੂੰ ਉਹਨਾਂ ਦੀਆ ਸੇਵਾਵਾਂ ਬਦਲੇ ਸਿਰੋਪਾਓ ਦੇਕੇ ਨਿਵਾਜਿਆ। ਇਸ ਮੌਕੇ ਗੁਰੂ-ਘਰ ਦੇ ਹਜ਼ੂਰੀ ਰਾਗੀ ਡਾਕਟਰ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ-ਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਨੇ ਸਟੇਜ ਸੰਚਾਲਨ ਬਾਖੂਬੀ ਕੀਤਾ। ਸ। ਸੁਖਬੀਰ ਸਿੰਘ ਭੰਡਾਲ ਨੇ ਪੀਸੀਏ ਸੰਸਥਾ ਸਬੰਧੀ ਜਾਣਕਾਰੀ ਸੰਗਤ ਨਾਲ ਸਾਝੀ ਕੀਤੀ। ਪੂਰੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਨ ਅਤੇ ਸਾਰੇ ਦੀਵਾਨਾ ਦੀ ਵੀਡੀਓ ਰਿਕਾਰਡਿੰਗ ਅਤੇ ਫੋਟੋਗ੍ਰਾਫੀ ਓਮਨੀ ਵੀਡੀਓ ਵਾਲੇ ਸਿਆਰਾ ਸਿੰਘ ਢੀਡਸਾ ਬੇਕਰਸਫੀਲਡ ਵਾਲਿਆ ਨੇ ਕੀਤੀ। ਪੀਸੀਏ ਵੱਲੋ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਲੰਗਰ ਦੀ ਸੇਵਾ ਭਾਈ ਅਮਨਦੀਪ ਸਿੰਘ ਅਤੇ ਸਾਥੀਆਂ ਨੇ ਤਨਦੇਹੀ ਨਾਲ ਕੀਤੀ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834


# ਕੁਲਦੀਪ ਚੁੰਬਰ ਦੇ ਪਿਤਾ ਸ. ਸਾਧੂ ਸਿੰਘ ਧੁਦਿਆਲ ਦੀ ਅੰਤਿਮ ਅਰਦਾਸ ਮੌਕੇ ਵੱਖ-ਵੱਖ ਵਰਗਾਂ ਵਲੋਂ ਸ਼ਰਧਾਂਜਲੀਆਂ










































ਉੱਘੇ ਮੰਚ ਸੰਚਾਲਕ ਅਤੇ ਗਾਇਕ ਕੁਲਦੀਪ ਚੁੰਬਰ ਦੇ ਪਿਤਾ ਸ ਸਾਧੂ ਸਿੰਘ ਧੁਦਿਆਲ ਨੂੰ ਸਮਾਜ ਦੇ ਵੱਖ-ਵੱਖ ਵਰਗ ਦੇ ਵਿਅਕਤੀਆਂ ਨੇ ਉਨਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਨੂੰ ਯਾਦ ਕਰਦੇ ਹੋਏ ਉਨਾਂ ਦੀ ਅੰਤਿਮ ਅਰਦਾਸ ਮੌਕੇ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਂਟ ਕਰਕੇ ਉਨਾਂ ਨੂੰ ਯਾਦ ਕੀਤਾ।

ਸ਼ਰਧਾਂਜਲੀ ਸਮਾਗਮ ਦੌਰਾਨ ਹਲਕਾ ਆਦਮਪੁਰ ਦੇ ਵਿਧਾਇਕ ਸੁਖਵਿੰਦਰ ਕੋਟਲੀ, ਗਾਇਕ ਦਲਵਿੰਦਰ ਦਿਆਲਪੁਰੀ, ਲੋਕ ਗਾਇਕ ਸੁਰਿੰਦਰ ਲਾਡੀ, ਗੀਤਕਾਰ ਸੁਖਜੀਤ ਝਾਂਸਾਂ ਵਾਲਾ, ਮੰਚ ਸੰਚਾਲਕ ਬਲਦੇਵ ਰਾਹੀ, ਗਾਇਕ ਬਲਵਿੰਦਰ ਬਿੱਟੂ ਅਤੇ ਹੋਰਾਂ ਨੇ ਕਿਹਾ ਕਿ ਸਾਧੂ ਸਿੰਘ ਦੇ ਪਰਿਵਾਰ ਨੇ ਮੁੱਢ ਤੋਂ ਹੀ ਲੋਕਾਂ ਨਾਲ ਭਾਈਚਾਰਕ ਏਕਤਾ ਕਾਇਮ ਕਰਦੇ ਹੋਏ ਅਤੇ ਪਰਿਵਾਰਕ ਸੰਸਕਾਰਾਂ ਦੀ ਪੈਰਵੀ ਕਰਦੇ ਹੋਏ ਕਿਰਤ ਕਰਨ, ਸਾਦਗੀ, ਮਿਹਨਤ ਅਤੇ ਸੇਵਾ ਨੂੰ ਹੀ ਆਪਣਾ ਆਦਰਸ਼ ਮੰਨਦੇ ਹੋਏ ਸਮਾਜ ਸੇਵਾ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ।


ਉਨਾਂ ਦੀ ਹੀ ਪ੍ਰੇਰਨਾ ਸਦਕਾ ਉਨਾਂ ਦੇ ਸਪੁੱਤਰ ਕੁਲਦੀਪ ਚੁੰਬਰ ਨੇ ਦੇਸ਼ਾਂ-ਵਿਦੇਸ਼ਾਂ ਵਿਚ ਆਪਣੀ ਕਲਾ ਨਾਲ ਪਹਿਚਾਣ ਬਣਾਈ। ਇਸ ਤੋਂ ਪਹਿਲਾਂ ਭਾਈ ਗੁਰਪਰੀਤ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਰਾਗੀ ਜਥੇ ਵਲੋਂ ਗੁਰਬਾਣੀ ਦਾ ਬੈਰਾਗਮਈ ਕੀਰਤਨ ਸਰਵਣ ਕਰਵਾਇਆ। ਸਟੇਜ ਸਕੱਤਰ ਦੀ ਸੇਵਾ ਐਂਕਰ ਦਿਨੇਸ਼ ਨੇ ਨਿਭਾਈ। ਇਸ ਸ਼ਰਧਾਂਜਲੀ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ, ਸੰਤ ਬਾਬਾ ਹਰਦੇਵ ਸਿੰਘ ਸਨੌਰ ਵਾਲੇ, ਸੰਤ ਪ੍ਰਦੀਪ ਦਾਸ ਕਠਾਰ, ਸੰਤ ਓਮ ਦਾਸ ਨੂਰਪੁਰ, ਸੰਤ ਸੰਤਰਜਣ ਸਿੰਘ ਧੁੱਗੇ, ਬੀਬੀ ਲਾਭ ਕੌਰ, ਸੁਖਵਿੰਦਰ ਚੁੰਬਰ, ਗਾਇਕ ਤਾਜ ਨਗੀਨਾ, ਕਾਜਲ ਧੂਤਾਂ ਵਾਲਾ ਗੀਤਕਾਰ, ਰਾਣਾ ਭੋਗਪੁਰੀਆਂ ਗੀਤਕਾਰ, ਗਾਇਕ ਪ੍ਰੀਤ ਗੁਰਪ੍ਰੀਤ, ਗਾਇਕ ਸਰਬਜੀਤ ਫੁੱਲ, ਮਿਸ਼ਨਰੀ ਗੀਤਕਾਰ ਰੱਤੂ ਰੰਧਾਵਾ, ਗਾਇਕਾ ਪ੍ਰੇਮ ਲਤਾ, ਗਾਇਕ ਤਰਲੋਚਨ ਬੱਧਣ, ਸਰਪੰਚ ਸਾਭੀ ਹੁੰਦਲ, ਤਰਲੋਚਨ ਬੱਧਣ, ਇੰਦਰਜੀਤ ਗੋਲਡੀ, ਮੋਹਣ ਸਿੰਘ ਆਹਰਾਂ, ਬਲਵਿੰਦਰ ਬੰਗੜ, ਰਾਮ ਭੋਗਪੁਰੀਆ, ਰਾਜੇਸ਼ ਪੁਰੀ ਵੀ ਸ਼ਾਮਿਲ ਹੋਏ।

ਅਦਾਰਾ ''ਦੇਸ਼ ਦੁਆਬਾ'' ਸਮੂਹ ਚੁੰਬਰ ਪਰਿਵਾਰ ਨਾਲ ਦਿਲੀ ਦੁੱਖ ਪ੍ਰਗਟ ਕਰਦਾ ਹੈ ਅਤੇ ਅਕਾਲ ਪੁਰਖ ਅੱਗੇ ਅਰਜ਼ੋਈ ਕਰਦਾ ਹੈ ਕਿ ਉਹਨਾਂ ਦੀ ਵਿਛੜੀ ਆਤਮਾ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਪੁਸਤਕ ਸਮੀਖਿਆ

**ਬਸਪਾ ਦਾ ਰੋਪੜ ਮੋਰਚਾ - 1987**
**ਲੇਖਕ : ਜਗਦੀਸ਼ ਸਿੰਘ ਹਵੇਲੀ**
**ਸੰਪਰਕ ਨੰਬਰ 9464256132**
**ਕੀਮਤ 200/- ਰੁਪਏ**
**ਪਬਲਿਸ਼ਰ : ਸਪਤਰਿਸ਼ੀ ਪਬਲੀਕੇਸ਼ਨ , ਚੰਡੀਗੜ**


ਬਾਮਸੇਫ ,ਬਹੁਜਨ ਸਮਾਜ ਦੇ ਟਕਸਾਲੀ, ਜੁਝਾਰੂ ਆਗੂ ਅਤੇ ਸਮਾਜ ਚਿੰਤਕ ਸ ਜਗਦੀਸ਼ ਸਿੰਘ ਹਵੇਲੀ ਵੱਲੋਂ ਬਸਪਾ ਵੱਲੋਂ ਸਾਲ 1987 ਵਿੱਚ ਲਗਾਏ ਗਏ ਜੇਲ੍ਹ ਭਰੋ ਮੋਰਚੇ" ਦੀ ਸਫ਼ਲਤਾ ਨੂੰ ਬਾਕਮਾਲ ਸ਼ਬਦਾਂ ਨਾਲ ਲਬਰੇਜ ਰੂਪ ਵਿੱਚ ਪੇਸ਼ ਕੀਤਾ ਹੈ। ਲੇਖਕ ਨੇ ਕਿਤਾਬ ਦੇ ਲਗਭਗ ਸਤਾਰਾਂ ਅਧਿਆਏ ਬਣਾਏ ਹਨ ,ਹਰੇਕ ਅਧਿਆਏ ਵਿੱਚ ਵਿਸ਼ੇ ਅਨੁਸਾਰ ਭਰਪੂਰ ਜਾਣਕਾਰੀ ਦਿੱਤੀ ਹੈ। ਇਹ ਕਿਤਾਬ ਲੇਖਕ ਦੀ ਪਲੇਠੀ ਕਿਤਾਬ ਹੈ ਜੋ ਕਿ ਬਹੁਤ ਹੀ ਸਾਦਗੀ ਤੇ ਸਰਲ ਭਾਸ਼ਾ ਵਿੱਚ ਲਿਖੀ ਹੈ ਤੇ ਕਿਸੇ ਹੰਢੇ ਵਰਤੇ ਲੇਖਕ ਵਾਂਗ ਲੇਖਣੀ ਦੇ ਖੇਤਰ ਵਿੱਚ ਬਹੁਤ ਹੀ ਵਧੀਆ ਢੰਗ ਨਾਲ ਐਂਟਰੀ ਮਾਰੀ ਹੈ। ਗੱਲ 1987 ਦੀ ਹੈ ਜਦੋਂ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ ਤੇ ਮਰਹੂਮ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਸਨ।ਬਰਨਾਲਾ ਸਰਕਾਰ ਨੇ ਆਪਣੇ ਚੋਣ ਮਨੋਰਥ ਪੱਤਰ ਅਨੁਸਾਰ ਪੰਜਾਬ ਦੇ ਕਿਸਾਨਾਂ ਦੇ ਅਤੇ ਬੇਜ਼ਮੀਨੇ ਖੇਤ ਮਜ਼ਦੂਰਾਂ ਦੇ ਪੰਜ 5000 ਰੁਪਏ ਦੇ ਕਰਜ਼ੇ ਮੁਆਫ਼ ਕਰਨ ਦਾ ਵਾਅਦਾ ਕੀਤਾ ਸੀ। ਪੰਜਾਬ ਦੇ ਕਿਸਾਨਾਂ ਦੇ ਕਰੋੜਾਂ ਰੁਪਏ ਦੇ ਕਰਜ਼ੇ ਤਾਂ ਮੁਆਫ਼ ਕਰ ਦਿੱਤੇ ਗਏ ਸਨ , ਪਰੰਤੂ ਬੇਜ਼ਮੀਨੇ ਖੇਤ ਮਜ਼ਦੂਰਾਂ ਦੇ ਕਰਜ਼ੇ ਮੁਆਫ਼ ਨਹੀਂ ਕੀਤੇ ਸਨ। ਇਸ ਧੱਕੇਸ਼ਾਹੀ ਦਾ ਜਵਾਬ ਦੇਣ ਲਈ ਬਸਪਾ ਸੁਪਰੀਮੋ ਸਾਹਿਬ ਕਾਂਸ਼ੀ ਰਾਮ ਜੀ ਵੱਲੋਂ ਪੂਰੇ ਪੰਜਾਬ ਦੇ ਡਿਪਟੀ ਕਮਿਸ਼ਨਰਾਂ ਦੁਆਰਾ ਪੰਜਾਬ ਦੇ ਰਾਜਪਾਲ ਨੂੰ ਯਾਦਪੱਤਰ ਦੇਣ ਦਾ ਪ੍ਰੋਗਰਾਮ ਉਲੀ- ਕਿਆ ਗਿਆ ਸੀ। ਪੂਰੇ ਪੰਜਾਬ ਵਿੱਚ ਰੋਸ ਮੁਜ਼ਾਹਰੇ ਅਮਨ - ਅਮਾਨ ਨਾਲ ਸਫ਼ਲਤਾ ਪੂਰਵਕ ਨੇਪਰੇ ਚਾੜ੍ਹੇ ਗਏ, ਪਰੰਤੂ ਰੋਪੜ ਜ਼ਿਲ੍ਹੇ ਅੰਦਰ ਪ੍ਰਸਾਸ਼ਨ ਵੱਲੋਂ ਅਣ।ਐਲਾਨੀ ਦਫ਼ਾ 144 ਲਗਾ ਕੇ ਬਸਪਾ ਵਰਕਰਾਂ ਤੇ ਅੰਨ੍ਹਾ ਧੁੰਦ ਲਾਠੀਚਾਰਜ ਕੀਤਾ ਗਿਆ ਸੀ ਨਾਲ ਹੀ 07 ਵਰਕਰਾਂ ਨੂੰ ਗ੍ਰਿਫ਼ਤਾਰ ਕਰਨ ਦੇ ਨਾਲ ਸੈਂਕੜੇ ਸਾਈਕਲ ਵੀ ਹਿਰਾਸਤ ਵਿੱਚ ਲੈ ਲਏ ਸਨ। ਸਾਹਿਬ ਕਾਂਸ਼ੀ ਰਾਮ ਦੀਆਂ ਹਦਾਇਤਾਂ ਅਨੁਸਾਰ ਇਸ ਧੱਕੇਸ਼ਾਹੀ ਦੇ ਖ਼ਿਲਾਫ਼ ਅਤੇ ਇੱਕ ਇੱਟ ਦਾ ਜਵਾਬ ਦੋ ਪੱਥਰਾਂ ਨਾਲ ਦੇਣ ਲਈ 07 ਮਈ 1987 ਤੋਂ ਲੈ ਕੇ 15 ਜੁਲਾਈ 1987 ਤੱਕ ਲਗਾਤਾਰ ਜੇਲ੍ਹ ਭਰੋ ਅੰ- ਦੋਲਨ ਚਲਾਇਆ ਗਿਆ ਸੀ , ਇਸ ਮੋਰਚੇ ਵਿੱਚ ਬਸਪਾ ਵਰਕਰ ਰੋਜ਼ਾਨਾ 07 ਵਰਕਰ ਨਿਰੰਤਰ ਗ੍ਰਿਫ਼ਤਾਰੀ ਦਿੰਦੇ ਰਹੇ ਸਨ । ਇਸ ਜੇਲ੍ਹ ਭਰੋ ਅੰਦਲਨ ਦੀਆਂ ਸਮੁੱਚੀਆਂ ਘਟਨਾਵਾਂ ਨੂੰ ਲੇਖਕ ਨੇ ਇਸ ਤਰ੍ਹਾਂ ਪੇਸ਼ ਕੀਤਾ ਜਿਵੇਂ ਲੇਖਕ ਸਮੁੱਚੇ ਵਰਤਾਰੇ ਦੇ ਨਾਲ।ਨਾਲ ਘੁੰਮ ਰਿਹਾ ਹੋਵੇ।




# ਮਨੁੱਖਤਾ ਦੇ ਨਾਂਅ ਮਨਾਇਆ ਜਾਵੇਗਾ 8 ਅਪਰੈਲ ਨੂੰ ਬਾਬਾ ਸਾਹਿਬ ਅੰਬੇਡਕਰ ਦਾ ਜਨਮ ਦਿਨ

## ਵਿਸ਼ਵ ਪ੍ਰਸਿੱਧ ਹਸਤੀਆਂ ਸਮਾਗਮ ਵਿਚ ਕਰਨਗੀਆਂ ਸ਼ਿਰਕਤ

**ਬੰਗਾ-** ਸਮਾਜਿਕ ਨਿਆਂ ਅਤੇ ਸਮਾਜਿਕ ਬਰਾਬਰਤਾ ਲਈ ਗੌਰਵਮਈ ਦਲਿਤ ਇਤਿਹਾਸ ਬਾਰੇ ਮਹੀਨਾ : ਅਪਰੈਲ ਦੇ ਸਬੰਧ ਵਿਚ ਨਾਮਵਰ ਸੰਸਥਾ ਬੇਗਮਪੁਰਾ ਫਾਊਂਡੇਸ਼ਨ ਪੰਜਾਬ ਅਤੇ ਪੰਚਾਇਤ ਯੂਨੀਅਨ ਵੱਲੋਂ ਸਾਂਝੇ ਤੌਰ ਅਤੇ ਅਮਰੀਕਾ ਤੋਂ ਛਪਦੇ ਹਫਤਾਵਾਰੀ ਪੇਪਰ ਦੇਸ਼ ਦੁਆਬਾ ਅਤੇ ਅੰਬੇਡਕਰ ਟਾਈਮਜ਼ ਦੇ ਸਹਿਯੋਗ ਨਾਲ ਬਾਬਾ ਸਾਹਿਬ ਡਾ ਭੀਮ ਰਾਉ ਅੰਬੇਡਕਰ ਜੀ ਦੇ 132 ਵੇਂ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਸਮਾਗਮ 'ਬਾਬਾ ਸਾਹਿਬ ਅੰਬੇਡਕਰ ਦਾ ਜਨਮ ਦਿਨ : ਮਨੁੱਖਤਾ ਦੇ ਨਾਂਅ' 08 ਅਪਰੈਲ ਦਿਨ ਸ਼ਨੀਵਾਰ ਨੂੰ ਬੀ ਡੀ ਉ ਦਫਤਰ ਬੰਗਾ ਦੇ ਸੈਮੀਨਾਰ ਹਾਲ ਵਿਚ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦੇ ਸੰਸਥਾ ਦੇ ਪ੍ਰਧਾਨ ਸ੍ਰੀ ਸੰਤੋਖ ਸਿੰਘ ਜੱਸੀ ਨੇ ਦੱਸਿਆ ਕਿ ਇਸ ਸਮਾਗਮ ਵਿਚ ਮਹਾਂਪੁਰਸ਼ਾਂ ਦੇ ਸਜਾਏ ਸੁਪਨੇ, ਉਹਨਾਂ ਵਿਚਾਰਧਾਰਾ/ ਮਿਸ਼ਨ ਕੀ ਸੀ ਅਤੇ ਹੁਣ ਤੱਕ ਕੀ ਪ੍ਰਾਪਤੀਆਂ ਹੋਈਆਂ ਅਤੇ ਅੱਗੇ ਮਿਸ਼ਨ ਬਾਰੇ ਕੀ ਕੁਝ ਕੀਤਾ ਜਾਣਾ ਚਾਹੀਦਾ ਹੈ ਬਾਰੇ ਵਿਚਾਰ ਅਤੇ ਸੰਵਾਦ ਕੀਤਾ ਜਾਵੇਗਾ। ਇਸ ਸਮਾਗਮ ਵਿਚ ਪੰਜਾਬ, ਭਾਰਤ, ਵਿਸ਼ਵ ਪ੍ਰਸਿੱਧ ਹਸਤੀਆਂ ਪੁੱਜ ਰਹੀਆਂ ਹਨ। ਇਸ ਸਮਾਗਮ ਵਿਚ ਵੱਖ ਵੱਖ ਲੇਖਕਾਂ ਅਤੇ ਸ੍ਰੀ ਜੱਸੀ ਦੀਆਂ ਪੁਸਤਕਾਂ ਰਲੀਜ਼ ਕੀਤੀਆਂ ਜਾਣਗੀਆਂ। ਇਸ ਸਮਾਗਮ ਵਿਚ ਹੋਣਹਾਰ ਵਿਦਿਆਰਥੀ ਅਤੇ ਸਿਖਰਾਂ ਨੂੰ ਛੂਹਣ ਵਾਲੀਆਂ ਸ਼ਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਇਸ ਮੌਕੇ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।




# ਸਤਨਾਮ ਸਿੰਘ ਮੱਟੂ ਦੀਆਂ ਕੁਝ ਰਚਨਾਵਾਂ

## "ਜਾਗੋ ਅਤੇ ਜਗਾਓ ਕਿਰਤੀਓ"

ਜਾਗੋ ਅਤੇ ਜਗਾਓ ਕਿਰਤੀਓ
ਹੁਣ ਬਹੁਤ ਸਹਿ ਲੀਆਂ ਮਾਰਾਂ
ਇਕੱਠੇ ਹੋਏ ਬਿਨਾਂ ਨਹੀਂ ਕੰਮੀਓ
ਹੁਣ ਆਪਣਾ ਕੋਈ ਗੁਜ਼ਾਰਾ

ਝੂਠੇ ਵਾਅਦੇ ਦਾਅਵੇ ਕਰ ਕਰ
ਵੋਟਾਂ ਨੇ ਲੈ ਜਾਂਦੇ
ਪੰਜ ਸਾਲਾਂ ਤੱਕ ਇਹਨਾਂ ਨੂੰ ਫਿਰ
ਤੁਸੀਂ ਯਾਦ ਨਹੀਂ ਆਉਂਦੇ
ਰੱਖ ਹਨੇਰੇ ਵਿਚ ਹੱਕ ਸਾਡਿਆਂ ਤੇ
ਡਾਕਾ ਮਾਰਨ ਸਰਕਾਰਾਂ
ਇਕੱਠੇ ਹੋਏ ਬਿਨਾਂ ਨਹੀਂ ਕੰਮੀਓ
ਹੁਣ ਆਪਣਾ ਕੋਈ ਗੁਜ਼ਾਰਾ

ਵੜ ਵੜ ਥੋੜੇ ਘਰਾਂ ਦੇ ਅੰਦਰ
ਆਖਣ ਚਾਚੇ ਤਾਏ
ਲੈ ਕੇ ਵੋਟਾਂ ਇਹਨਾਂ ਨੂੰ ਫਿਰ
ਮੁਸ਼ਕ ਥੋੜੇ ਤੋਂ ਆਏ
ਵੋਟ ਤੁਹਾਡੀ ਹੈ ਵਡਮੁੱਲੀ
ਭੀਮ ਰਾਓ ਬਣਾਈ ਧਾਰਾ
ਇਕੱਠੇ ਹੋਏ ਬਿਨਾਂ ਨਹੀਂ ਕੰਮੀਓ
ਹੁਣ ਆਪਣਾ ਕੋਈ ਗੁਜ਼ਾਰਾ

ਬੁਰਕੀਆਂ ਉੱਤੇ ਪਲਣਾ ਛੱਡਕੇ
ਅਣਖ ਦਿਖਾ ਦਿਓ ਅੜ ਕੇ
'ਮਜ਼ਦੂਰ ਏਕਤਾ ਜ਼ਿੰਦਾਬਾਦ'
ਕਹਿ ਦਿਓ ਸੜਕਾਂ ਤੇ ਖੜ੍ਹ ਕੇ
ਬੀਂਬੜ ਵਾਲਿਆ ਪਿਛਵਾੜੇ ਪੂਛਾਂ
ਲੈ ਭੱਜ ਜਾਊ ਲੋਟੂ ਲਾਣਾਂ
ਇਕੱਠੇ ਹੋਏ ਬਿਨਾਂ ਨਹੀਂ ਕੰਮੀਓ
ਹੁਣ ਆਪਣਾ ਕੋਈ ਗੁਜ਼ਾਰਾ।

## "ਹੱਕ ਦਿਵਾਏ ਬਾਬਾ ਸਾਹਿਬ ਨੇ"

ਦੇ ਕੇ ਅਧਿਕਾਰ ਸੰਵਿਧਾਨ 'ਚ ਬਰਾਬਰ ਦੇ
ਦੱਸਿਆ ਜਿਉਣਾ ਸਭ ਬਣ ਕੇ ਨਵਾਬ ਨੇ
ਕੱਢਕੇ ਅਛੂਤਾਂ ਨੂੰ ਜ਼ਲਾਲਤ ਦੀ ਜ਼ਿੰਦਗੀ ਚੋਂ
ਹੱਕ ਨੇ ਦਿਵਾਏ ਬਾਬਾ ਭੀਮ ਰਾਓ ਸਾਹਿਬ ਨੇ

ਜਾਤ ਪਾਤ, ਛੂਆ ਛਾਤ ਭਰਮ ਭੁਲੇਖਿਆਂ ਦੇ
ਚੌਧਰਾਂ ਨੂੰ ਕਿਵੇਂ ਲਲਕਾਰਨਾ ਹੈ ਦੱਸਿਆ
ਵਿੱਦਿਆ ਬਰਾਬਰ ਦਾ ਹੱਕ ਦੇਸ਼ ਵਾਸੀਆਂ ਨੂੰ
ਇਹ ਅਧਿਕਾਰ ਸੰਵਿਧਾਨ ਵਿੱਚ ਰੱਖਿਆ
ਬਣਕੇ ਗਰੀਬਾਂ ਦਾ ਮਸੀਹਾ ਬਾਬਾ ਸਾਹਿਬ ਜੀ
ਦਿਲਾਂ ਵਿਚ ਖੁਸ਼ਬੂ ਖਿਲਾਰੀ ਏ ਗੁਲਾਬ ਨੇ
ਕੱਢਕੇ ਅਛੂਤਾਂ ਨੂੰ ਜ਼ਲਾਲਤ ਦੀ ਜ਼ਿੰਦਗੀ ਚੋਂ
ਹੱਕ ਨੇ ਦਿਵਾਏ ਬਾਬਾ ਭੀਮ ਰਾਓ ਸਾਹਿਬ ਨੇ

ਔਰਤਾਂ ਨਾਲ ਵਿਤਕਰਾ ਤੇ ਹੋਏ ਤਸ਼ੱਦਦ ਦਾ
ਵੱਖਰਾ ਬਣਾਕੇ ਲਿਖ ਦਿੱਤਾ ਹੈ ਕਾਨੂੰਨ ਨੂੰ
ਮਨੂੰਵਾਦੀ ਸੋਚ ਦੀਆਂ ਧਾਰਨੀ ਤਾਕਤਾਂ ਦੇ
ਕਾਬੂ ਕਿਵੇਂ ਕਰਨਾ ਹੈ ਦੱਸਿਆ ਜਨੂੰਨ ਨੂੰ
ਕਿਰਤੀ ਦੀ ਕਿਰਤ ਦਾ ਮੁੱਲ ਪੂਰਾ ਤਾਰਨਾ
ਮਾਰਨੇ ਨਹੀਂ ਹੱਕ ਕਿਸੇ ਖਾਨਾ ਖਰਾਬ ਨੇ
ਕੱਢਕੇ ਅਛੂਤਾਂ ਨੂੰ ਜ਼ਲਾਲਤ ਦੀ ਜ਼ਿੰਦਗੀ ਚੋਂ
ਹੱਕ ਨੇ ਦਿਵਾਏ ਬਾਬਾ ਭੀਮ ਰਾਓ ਸਾਹਿਬ ਨੇ

ਜਾਤੀਵਾਦ ਸ਼ਬਦਾਂ ਨਾਲ ਕੋਈ ਜੇ ਬੁਲਾਊ ਕਿਤੇ
ਕਰ ਦਿੱਤੀ ਸਜ਼ਾ ਵੀ ਮੁਕੱਰਰ ਸੰਵਿਧਾਨ 'ਚ
ਐਸ ਸੀ ਗਰੀਬਾਂ ਲਈ ਵੱਖਰਾ ਬਣਾ ਕੇ ਕੋਟਾ
ਸਰਕਾਰੀ ਭਾਗੀਦਾਰ ਲਿਖਿਆ ਐਲਾਨ ਚ
ਉੱਚੇ ਅਹੁਦਿਆਂ ਤੇ ਬੈਠ ਸਕੁ ਨੀਵੀਂ ਜਾਤ ਵਾਲਾ
ਸਦੀਆਂ ਤੋਂ ਜਿਹਨੂੰ ਆਖੀਂ ਜਾਂਦੇ ਇਹ ਗੁਲਾਮ ਨੇ
ਕੱਢਕੇ ਅਛੂਤਾਂ ਨੂੰ ਜ਼ਲਾਲਤ ਦੀ ਜ਼ਿੰਦਗੀ ਚੋਂ
ਹੱਕ ਨੇ ਦਿਵਾਏ ਬਾਬਾ ਭੀਮ ਰਾਓ ਸਾਹਿਬ ਨੇ

ਉਚ ਨੀਚ ਭੇਦ ਭਾਵ ਕਰਕੇ ਖਤਮ ਰੱਖ
ਸਭ ਨੂੰ ਪਰੋ੍ ਤਾ ਮਨੁੱਖਤਾ ਦੀ ਮਾਲਾ 'ਚ
ਅੰਧਕਾਰੀ ਨ੍ਹੇਰਾ ਅਨਪੜਤਾ ਦੇ ਧਰਮਾਂ ਚੋਂ
ਖਤਮ ਨੀ ਹੋਇਆ ਜਿਹੜਾ ਸਦੀਆਂ ਤੇ ਸਾਲਾਂ 'ਚ
ਬੀਂਬੜ ਦਾ ਮੱਟੂ ਕਰੇ ਸਿਜਦਾ ਅਲਾਹੀ ਰੂਹ ਨੂੰ
ਜਿਸਦੇ ਦਿਵਾਏ ਹੱਕਾਂ ਪੂਰੇ ਕੀਤੇ ਖ਼ਾਬ ਨੇ
ਕੱਢਕੇ ਅਛੂਤਾਂ ਨੂੰ ਜ਼ਲਾਲਤ ਦੀ ਜ਼ਿੰਦਗੀ ਚੋਂ
ਹੱਕ ਨੇ ਦਿਵਾਏ ਬਾਬਾ ਭੀਮ ਰਾਓ ਸਾਹਿਬ ਨੇ।

## "ਪੱਗ ਨਾਲ ਸਰਦਾਰੀ ਵੱਖਰੀ"

ਵੱਖੋ ਵੱਖ ਰੰਗਾਂ ਦੀ ਨਿਆਰੀ ਵੱਖਰੀ
ਪੱਗ ਨਾਲ ਸਾਡੀ ਸਰਦਾਰੀ ਵੱਖਰੀ
ਮੁੱਛਾਂ ਕੁੰਡੀਆਂ ਤੇ ਖੁੱਲ੍ਹੀ ਦਾਹੜੀ ਫੱਬਦੀ
ਦੁਨੀਆਂ ਤੋਂ ਦਿੱਖ ਐ ਪਿਆਰੀ ਵੱਖਰੀ

ਰੰਗ ਦਿੱਤਾ ਇਹਨੂੰ ਤੱਤੀ ਤਵੀ ਰੇਤ ਨੇ
ਕਰ ਦਿੱਤਾ ਪੱਕਾ ਅੱਗ ਵਾਲੇ ਸੇਕ ਨੇ
ਨਾਭੀ ਰੰਗ ਕੁਰਬਾਨੀਆਂ ਦੇ ਖੂਨ ਦਾ
ਕੇਸਰੀ ਤੇ ਨੀਲੀ ਹੈ ਸ਼ਿੰਗਾਰੀ ਵੱਖਰੀ
ਵੱਖੋ ਵੱਖ ਰੰਗਾਂ ਦੀ ਨਿਆਰੀ ਵੱਖਰੀ
ਪੱਗ ਨਾਲ ਸਾਡੀ ਸਰਦਾਰੀ ਵੱਖਰੀ

ਰੱਖੀ ਇਹਦੀ ਲਾਜ ਦਿੱਲੀ ਸੀਸ ਰੱਖ ਕੇ
ਰੁਲਣ ਨਹੀਂ ਦਿੱਤੀ ਲੈ ਗਿਆ ਜੈਤਾ ਚੱਕ ਕੇ
ਤਲੀ ਤੇ ਟਿਕਾ ਕੇ ਸੀਸ ਦੀਪ ਸਿੰਘ ਨੇ
ਖੰਡੇ ਮਾਰੀ ਬੜ੍ਹਕ ਕਰਾਰੀ ਵੱਖਰੀ
ਵੱਖੋ ਵੱਖ ਰੰਗਾਂ ਦੀ ਨਿਆਰੀ ਵੱਖਰੀ
ਪੱਗ ਨਾਲ ਸਾਡੀ ਸਰਦਾਰੀ ਵੱਖਰੀ

ਪੰਜ ਸੀਸ ਭੇਂਟ ਕੀਤੇ ਪੰਜਾਂ ਪਿਆਰਿਆਂ
ਜੋੜਾ ਜੋੜਾ ਗੁਰਾਂ ਇਹਦੇ ਉੱਤੋਂ ਵਾਰਿਆ
ਰੰਗ ਚਮਕੌਰ ਅਤੇ ਸਰਹੰਦ ਦੇ
ਲਾਲਾਂ ਨਾਲ਼ ਗੁਜਰੀ ਲਲਾਰੀ ਵੱਖਰੀ
ਵੱਖੋ ਵੱਖ ਰੰਗਾਂ ਦੀ ਨਿਆਰੀ ਵੱਖਰੀ
ਪੱਗ ਨਾਲ ਸਾਡੀ ਸਰਦਾਰੀ ਵੱਖਰੀ।



ਸਤਨਾਮ ਸਿੰਘ ਮੱਟੂ
91-97797-08257

## "ਕਿਰਤੀ ਕੰਮੀਆਂ ਦੇ ਹਾਲਾਤ"

ਕਿਰਤੀ ਕੰਮੀਆਂ ਉੱਤੇ ਹੋ ਤਸ਼ੱਦਦ ਰੋਜ਼ ਰਿਹੈ
ਭੁੱਖਮਰੀ ਤੇ ਮੰਦਹਾਲੀ ਦਾ ਵਧ ਵੀ ਬੋਝ ਰਿਹੈ
ਸਹਿੰਦੇ ਰਹਿਣਾ ਕਦੋਂ ਤੱਕ ਇਹ ਜ਼ੁਲਮੀ ਮਾਰਾਂ ਨੂੰ
ਆਓ ਰੋਕੀਏ 'ਕੱਠੇ ਹੋ ਕੇ ਅੱਤਿਆਚਾਰਾਂ ਨੂੰ

ਜਾਨਵਰਾਂ ਨਾਲੋਂ ਭੈੜਾ ਹੋ ਰਿਹਾ ਜ਼ੁਲਮ ਗਰੀਬਾਂ ਤੇ
ਨਾਲ ਸਿਫਾਰਸ਼ ਮੜ੍ਹਿਆ ਜਾਂਦਾ ਜ਼ੁਰਮ ਗਰੀਬਾਂ ਤੇ
ਕੁਝ ਨਹੀਂ ਸੁਣਦਾ ਕੰਨੋਂ ਬੋਲ਼ਈਆਂ ਇਹ ਸਰਕਾਰਾਂ ਨੂੰ
ਆਓ ਰੋਕੀਏ 'ਕੱਠੇ ਹੋ ਕੇ ਅੱਤਿਆਚਾਰਾਂ ਨੂੰ

ਲੁੱਟਿਆ ਅਤੇ ਕੁੱਟਿਆ ਜਾਂਦਾ ਇੱਥੇ ਮਾੜੇ ਨੂੰ
ਸਾੜ ਸੁੱਟਿਆ ਜਾਂਦਾ ਕਿਤੇ ਗਰੀਬ ਦੇ ਢਾਰੇ ਨੂੰ
ਦਨਦਨਾਉਂਦੇ ਫਿਰਦੇ ਦੋਸ਼ੀ ਕਰਕੇ ਕਾਰਾਂ ਨੂੰ
ਆਓ ਰੋਕੀਏ 'ਕੱਠੇ ਹੋ ਕੇ ਅੱਤਿਆਚਾਰਾਂ ਨੂੰ

ਕਰਲੋ ਏਕਾ ਬਣਜੋ ਤਾਕਤ ਹੁਣ ਹੋ ਜਾਓ 'ਕੱਠੇ
ਥਰ ਥਰ ਕੰਬਣ ਫਿਰ ਹਕੂਮਤਾਂ ਥੋਡੇ ਰੋਹ ਅੱਗੇ
ਧੌਣੋਂ ਨਿੱਕਲੂ ਕਿੱਲਾ ਅਕਲ ਆਊ ਦੁਸ਼ਵਾਰਾਂ ਨੂੰ
ਆਓ ਰੋਕੀਏ 'ਕੱਠੇ ਹੋ ਕੇ ਅੱਤਿਆਚਾਰਾਂ ਨੂੰ।

### 11 ਅਪ੍ਰੈਲ ਪ੍ਰਕਾਸ਼ ਦਿਵਸ

# ਗੁਰੂ ਤੇਗ ਬਹਾਦਰ ਬੋਲਿਆ



ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨਿਰਮਲ ਪੰਥ ਦੇ ਰੂਪ ਵਿਚ ਚਲਾਇਆ ਗਿਆ ਸਿੱਖ ਧਰਮ ਸੰਸਾਰਿਕ ਅਤੇ ਪਰਿਵਾਰਕ (ਗ੍ਰਹਿਸਥ ਪ੍ਰਧਾਨ) ਧਰਮ ਹੈ। ਜਗਤ ਗੁਰੂ ਨੇ ਆਪਣੀ ਅਣਥੱਕ ਘਾਲਣਾ ਅਤੇ ਸਰਵ-ਹਿੱਤਕਾਰੀ ਸੋਚ ਨਾਲ ਦੁਨੀਆਂ ਨੂੰ ਇੱਕ ਅਜਿਹੀ ਜੀਵਨ-ਜੁਗਤ ਦਿੱਤੀ ਹੈ ਜਿਸ ਨੂੰ ਤਨੋਂ-ਮਨੋਂ ਅਪਨਾਉਣ ਅਤੇ ਕਮਾਉਣ ਨਾਲ ਕੋਈ ਵੀ ਬਸ਼ਰ ਆਪਣੇ ਲੋਕ ਅਤੇ ਪ੍ਰਲੋਕ ਨੂੰ ਸੰਵਾਰ ਸਕਦਾ ਹੈ।ਸਿੱਖ ਧਰਮ ਵਿਚ ਪ੍ਰਲੋਕ ਨੂੰ ਸੰਵਾਰਨ ਤੋਂ ਪਹਿਲਾਂ ਲੋਕ ਨੂੰ ਸੰਵਾਰਨ ਅਤੇ ਲੋਕ ਨੂੰ ਸੰਵਾਰਨ ਤੋਂ ਪਹਿਲਾਂ ਨਿੱਜ ਨੂੰ ਸੰਵਾਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਸਿਧਾਂਤਕ ਅਤੇ ਵਿਵਹਾਰਕ ਰੂਪ ਵਿਚ ਸਰਬਤ ਦਾ ਭਲਾ ਮੰਗਣਾ ਕੇਵਲ ਸਿੱਖ ਧਰਮ ਦੇ ਹਿੱਸੇ ਵਿਚ ਹੀ ਆਇਆ ਹੈ।ਬੇਸ਼ੱਕ ਸੰਸਾਰ ਦੇ ਬਾਕੀ ਧਰਮ ਵੀ ਮਾਨਵ-ਹਿੱਤੂ ਹੋਣ ਦੀ ਹਾਮੀ ਭਰਦੇ ਹਨ ਪਰ ਜਿਹੜਾ ਕਲਾਵਾ ਸਿੱਖ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ ਨੇ ਸਮੇਂ-ਸਮੇਂ ਭਰਿਆ ਹੈ ਉਸ ਵਿਚ ਗ਼ੈਰ ਸਿੱਖਾਂ ਦੇ ਸਮਾਅ ਜਾਣ ਦੀ ਗੁੰਜ਼ਾਇਸ਼ ਵੀ ਬਰਾਬਰ ਰਹੀ ਹੈ। ਇਸ ਬਰਾਬਰਤਾ ਦਾ ਆਧਾਰ 'ਤੂੰ ਕਿਸੈ ਨ ਦਿਸੈ ਬਾਹਰਾ ਜੀਓ' ਦਾ ਸਿਧਾਂਤ ਹੈ ਜਿਹੜਾ ਪਰਉਪਕਾਰ ਦੀ ਭਾਵਨਾ ਦਾ ਜਨਮਦਾਤਾ ਹੈ ਅਤੇ ਇਹ ਭਾਵਨਾ ਸਿੱਖੀ ਸੋਚ ਦਾ ਕੇਂਦਰੀ ਬਿੰਦੂ ਰਹੀ ਹੈ। ਇਹ ਭਾਵਨਾ ਏਨੀ ਬਲਵਾਨ ਰਹੀ ਹੈ ਕਿ ਇਸ ਦੇ ਪ੍ਰਭਾਵ ਹੇਠ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਸਮੇਂ-ਸਮੇਂ ਸ਼ਹਾਦਤ ਦੇ ਜਾਮ ਵੀ ਪੀਣੇ ਪਏ ਹਨ।

ਸ਼ਹੀਦਾਂ ਦੇ ਸਿਰਤਾਜ ਹੋਣ ਦਾ ਮਾਣ ਭਾਵੇਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹਾਸਲ ਹੈ ਪਰ ਪਰਉਪਕਾਰ ਦੀ ਭਾਵਨਾ ਤਹਿਤ ਸ਼ਹੀਦ ਹੋਣ ਦਾ ਮਾਣ ਉਨ੍ਹਾਂ ਦੇ ਪੋਤੇ ਸ੍ਰੀ ਗੁਰੂ ਤੇਗ ਬਹਾਦਰ ਨੂੰ ਜਾਂਦਾ ਹੈ।

ਹਿੰਦੋਸਤਾਨ ਦੇ ਹਾਕਮ ਔਰੰਗਜ਼ੇਬ ਦੇ ਹੁਕਮ ਉਪਰ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫ਼ਗਾਨ ਨੇ ਜਦੋਂ ਕਸ਼ਮੀਰ ਦੇ ਪੰਡਤਾਂ 'ਤੇ ਅਕਹਿ ਅਤੇ ਅਸਹਿ ਜ਼ੁਲਮ ਕਰਨੇ ਸ਼ੁਰੂ ਕੀਤੇ ਤਾਂ ਕਿਸੇ ਨੇ ਵੀ ਉਨ੍ਹਾਂ ਦੀ ਬਾਂਹ ਨਹੀਂ ਫੜੀ।

ਥੱਕ ਹਾਰ ਕੇ ਉਨ੍ਹਾਂ ਨੇ ਸ੍ਰੀ ਆਨੰਦਪੁਰ ਸਾਹਿਬ ਦਾ ਰਾਹ ਫੜਿਆ ਲਿਆ ਅਤੇ ਨੋਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ

**ਰਮੇਸ਼ ਬੱਗਾ ਚੋਹਲਾ**
91-94631-32719

ਕੋਲ ਆ ਫ਼ਰਿਆਦੀ ਹੋਏ।ਉਨ੍ਹਾਂ ਦੀ ਫ਼ਰਿਆਦ ਸੁਣ ਕੇ ਗੁਰੂ ਸਾਹਿਬ ਅਜੇ ਕੁੱਝ ਸੋਚ ਹੀ ਰਹੇ ਸਨ ਕਿ ਇਸ ਸਮੇਂ ਦੌਰਾਨ ਬਾਲ ਗੋਬਿੰਦ ਰਾਇ ਜੀ ਵੀ ਉਥੇ ਪਹੁੰਚ ਗਏ।ਉਦਾਸ ਬੈਠੇ ਪੰਡਤਾਂ ਨੂੰ ਦੇਖ ਕੇ ਪੁੱਛਣ ਲੱਗੇ- 'ਪਿਤਾ ਜੀ! ਇਹ ਕੌਣ ਲੋਕ ਹਨ ਜੋ ਉਦਾਸ ਬੈਠੇ ਹਨ?'

'ਇਹ ਕਸ਼ਮੀਰ ਦੇ ਵਿਦਵਾਨ ਲੋਕ ਹਨ।'

ਗੁਰੂ ਸਾਹਿਬ ਨੇ ਜਵਾਬ ਦਿੱਤਾ। 'ਇਹ ਇਥੇ ਕਿਉਂ ਆਏ ਹਨ?'

ਬਾਲ ਗੋਬਿੰਦ ਰਾਇ ਨੇ ਸਵਾਲੀਆ ਨਜ਼ਰਾਂ ਨਾਲ ਕਿਹਾ। 'ਪੁੱਤਰ ਜੀ! ਦਿੱਲੀ ਦਾ ਹਾਕਮ ਔਰੰਗਜ਼ੇਬ ਇਨ੍ਹਾਂ ਦੇ ਧਾਰਮਿਕ ਸਥਾਨਾਂ (ਮੰਦਰਾਂ) ਅਤੇ ਧਾਰਮਿਕ ਚਿੰਨ੍ਹਾਂ (ਤਿਲਕ, ਜੰਞੂ ਅਤੇ ਟਿੱਕਾ) ਦੀ ਬੇਅਦਬੀ ਕਰ ਰਿਹਾ ਹੈ, ਇਹ ਇੱਥੇ ਇਸ ਕਰਕੇ ਆਏ ਹਨ ਕਿ ਇਨ੍ਹਾਂ ਦੇ ਧਰਮ ਦੀ ਰਾਖੀ ਕੀਤੀ ਜਾਵੇ।'

ਗੁਰੂ ਸਾਹਿਬ ਨੇ ਕਸ਼ਮੀਰੀ ਪੰਡਤਾਂ ਦੀ ਆਮਦ ਦਾ ਸਬੱਬ ਬਿਆਨਦੇ ਹੋਏ ਕਿਹਾ।

'ਪਿਤਾ ਜੀ ਫਿਰ ਰਾਖੀ ਹੋਵੇਗੀ ਕਿ ਨਹੀਂ?'

'ਪੁੱਤਰ ਜੀ! ਇਨ੍ਹਾਂ ਦੇ ਧਰਮ ਦੀ ਰਾਖੀ ਲਈ ਕਿਸੇ ਮਹਾਨ-ਪੁਰਖ ਦੀ ਕੁਰਬਾਨੀ ਦੀ ਲੋੜ ਹੈ ਜੋ ਆਪਣਾ ਬਲੀਦਾਨ ਦੇ ਕੇ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਠੱਲ੍ਹ ਪਾ ਸਕੇ।' 'ਪਿਤਾ ਜੀ ! ਉਹ ਮਹਾਨ-ਪੁਰਖ ਤੁਹਾਡੀ ਨਜ਼ਰ ਵਿਚ ਹੈ ਕਿ ਜਾਂ ਫਿਰ ਮੈਂ ਦੱਸ ਦਿਆਂ।'

'ਪੁੱਤਰ ਚੱਲ ਫਿਰ ਤੂੰ ਹੀ ਦੱਸ ਦੇ।'

'ਪਿਤਾ ਜੀ! ਉਹ ਮਹਾਨ-ਪੁਰਖ ਤੁਹਾਡੇ ਤੋਂ ਵੱਧ ਕੇ ਭਲਾ ਹੋਰ ਕੌਣ ਹੋ ਸਕਦਾ ਹੈ।' 'ਬੱਚਾ ! ਦੇਖ ਲੈ ਤੂੰ ਅਨਾਥ ਹੋ ਜਾਵੇਂਗਾ।' 'ਪਿਤਾ ਜੀ! ਜੇਕਰ ਹਿੰਦੋਸਤਾਨ ਦੇ ਹਜ਼ਾਰਾਂ ਬੱਚੇ ਅਨਾਥ ਹੋਣ ਤੋਂ ਬਚ ਜਾਣ ਤਾਂ ਮੇਰੇ ਇੱਕ ਦੇ ਅਨਾਥ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ।'ਇੱਕ ਪੌਣੇ ਕੁ ਨੌਂ ਸਾਲ ਦੇ ਬਾਲ ਦੇ ਮੁਖ਼ਾਰਬਿੰਦ 'ਚੋਂ ਨਿਕਲੇ ਇਹ ਵਾਕ ਸਿੱਖੀ ਸੋਚ ਵਿਚਲੀ ਪਰਉਪਕਾਰੀ ਭਾਵਨਾ ਦੀ ਸਿਖਰ ਸਨ ਜਿਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਨੌਵੇਂ ਪਾਤਸ਼ਾਹ ਨੂੰ ਆਪਣਾ ਬਲੀਦਾਨ ਦੇਣਾ ਪਿਆ। ਇਹ ਬਲੀਦਾਨ ਗੁਰੂ ਘਰ ਦੀ ਉਸ ਵਚਨਬੱਧਤਾ ਨੂੰ ਵੀ ਸਾਰਧਿਕ ਕਰਦਾ ਹੈ ਜਿਸ ਕਿਹਾ ਗਿਆ ਹੈ:-

ਗੁਰੂ ਤੇਗ ਬੋਲਿਆ ਧਰ ਪਾਈਏ ਧਰਮ ਨਾ ਛੋੜੀਐ।'
'ਬਾਹਿ ਜਿਨਾ ਦੀ ਪਕੜੀਐ ਸਿਰ ਦੀਜੈ ਬਾਹਿ ਨ ਛੋੜੀਐ।'

### (12 ਮਈ ਵਿਆਹ ਪੁਰਬ 'ਤੇ)

# ਛੇਵੇਂ ਪਾਤਸ਼ਾਹ ਦੇ ਵੱਡੇ ਫ਼ਰਜੰਦ ਬਾਬਾ ਗੁਰਦਿੱਤਾ ਜੀ

ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਜਿੱਥੇ ਗੁਰੂ ਸਾਹਿਬਾਨ ਨੇ ਅਣਥੱਕ ਅਤੇ ਸਾਰਥਿਕ ਜਤਨ ਕੀਤੇ ਹਨ,ਉੱਥੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਵੀ ਬਣਦਾ-ਸਰਦਾ ਅਤੇ ਬੇਸ਼ਕੀਮਤੀ ਯੋਗਦਾਨ ਪਾਇਆ ਗਿਆ ਹੈ।ਇਸ ਯੋਗਦਾਨ ਸਦਕਾ ਹੀ ਸਿੱਖ ਧਰਮ ਸਦਾ ਚੜ੍ਹਦੀਕਲਾ ਵਿਚ ਰਿਹਾ ਹੈ।ਇਨ੍ਹਾਂ ਯੋਗਦਾਨੀਆਂ ਵਿਚ ਗੁਰੂ ਸਾਹਿਬਾਨ ਦੇ ਪੁੱਤਰ-ਪੁੱਤਰੀਆਂ, ਭੈਣਾਂ-ਭਰਾਵਾਂ, ਮਾਤਾਵਾਂ ਅਤੇ ਹੋਰ ਨਿਕਟਵਰਤੀਆਂ ਦੀ ਅਹਿਮ ਭੂਮਿਕਾ ਰਹੀ ਹੈ।ਇਸ ਤਰ੍ਹਾਂ ਦੀ ਭੂਮਿਕਾ ਨਿਭਾਉਣ ਵਾਲਿਆਂ ਵਿਚ ਹੀ



ਸ਼ਾਮਿਲ ਹੈ ਮੀਰੀ-ਪੀਰੀ ਦੇ ਮਾਲਿਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਵੱਡੇ ਫ਼ਰਜੰਦ ਬਾਬਾ ਗੁਰਦਿੱਤਾ ਜੀ ਦਾ ਨਾਮ।

ਦੀਨ ਦੁਨੀ ਦਾ ਟਿੱਕਾ ਕਰਕੇ ਜਾਣੇ ਜਾਂਦੇ ਧੰਨ ਧੰਨ ਬਾਬਾ ਗੁਰਦਿੱਤਾ ਜੀ ਦਾ ਜਨਮ ਕੱਤਕ ਸੁਦੀ 15 ਸੰਮਤ 1670 (ਮੁਤਾਬਿਕ 15 ਨਵੰਬਰ 1613 ਈਸਵੀ) ਨੂੰ ਮਾਤਾ ਦਮੋਦਰੀ ਜੀ ਦੀ ਕੁੱਖੋਂ ਪਿੰਡ ਡਰੋਲੀ ਭਾਈ ਜ਼ਿਲ੍ਹਾ ਮੋਗਾ ਵਿਖੇ ਹੋਇਆ।ਤਨੋਂ-ਮਨੋਂ ਸਿੱਖੀ ਸੋਚ ਨਾਲ ਜੁੜੇ ਬਾਬਾ ਗੁਰਦਿੱਤਾ ਜੀ ਦੇ ਪੜਦਾਦਾ ਸ੍ਰੀ ਗੁਰੂ ਰਮਦਾਸ ਜੀ,ਦਾਦਾ ਗੁਰੂ ਅਰਜਨ ਦੇਵ ਜੀ,ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ, ਛੋਟੇ ਭਰਾਤਾ ਸ੍ਰੀ ਗੁਰੂ ਤੇਗ ਬਹਾਦਰ ਜੀ।ਪੁੱਤਰ ਗੁਰੂ ਹਰਿ ਰਾਏ ਜੀ,ਪੋਤਰੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਅਤੇ ਭਤੀਜਾ ਗੁਰੂ ਗੋਬਿੰਦ ਸਿੰਘ ਜੀ ਆਪੋ ਆਪਣੇ ਸਮੇਂ ਸਿੱਖ ਸੰਗਤ ਦੀ (ਗੁਰੂ ਰੂਪ ਹੋ ਕੇ) ਸੁਚੱਜੀ ਅਗਵਾਈ ਕਰਦੇ ਹਨ।ਇਹ ਅਗਵਾਈ ਮਨੁੱਖੀ ਜਨਮ ਨੂੰ ਲਾਹੇਵੰਦ ਬਣਾਉਣ ਵਿਚ ਬੜੀ ਕਾਰਗਰ ਸਾਬਤ ਹੋਈ ਹੈ।

ਬਾਬਾ ਗੁਰਦਿੱਤਾ ਜੀ ਨੇ ਧਾਰਮਿਕ ਅਤੇ ਸ਼ਸਤਰ ਵਿਦਿਆ ਗੁਰੂ ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ ਕੋਲੋਂ ਹਾਸਲ ਕੀਤੀ ਜਿਸ ਦੀ ਬਾਦੌਲਤ ਉਹ ਗੁਰੂ ਘਰ ਨਾਲ ਸਬੰਧੰਤ ਧਾਰਮਿਕ ਅਤੇ ਰਾਜਨੀਤਕ ਮਸਲੇ ਨਜਿੱਠਦੇ ਰਹੇ ਹਨ। ਸਿੱਖ ਧਰਮ ਵਿਚ ਵਿਆਹੁਤਾ ਜੀਵਨ ਦੀ ਆਰੰਭਤਾ ਨੂੰ ਆਨੰਦ-ਕਾਰਜ ਦਾ ਨਾਮ ਦਿੱਤਾ ਗਿਆ ਹੈ ਭਾਵ ਖ਼ੁਸ਼ੀ ਦਾ ਉਹ ਕਾਰਜ ਜਿਹੜਾ ਸੰਸਾਰਿਕ ਅਤੇ ਪਰਿਵਾਰਕ ਸਾਂਝ ਲਈ ਜ਼ਰੂਰੀ ਹੁੰਦਾ ਹੈ।ਇਸ ਜ਼ਰੂਰਤ ਨੂੰ ਮੁੱਖ ਰੱਖਦਿਆਂ ਹੋਇਆਂ ਬਾਬਾ ਗੁਰਦਿੱਤਾ ਜੀ ਆਨੰਦ ਕਾਰਜ (ਵਿਆਹ) 29 ਵੈਸਾਖ ਸੰਮਤ 1681 (1624 ਈ.) ਨੂੰ ਗੁਰਦਾਸਪੁਰ ਜਿਲ੍ਹੇ ਦੇ ਪ੍ਰਸਿੱਧ ਸ਼ਹਿਰ ਬਟਾਲਾ ਦੇ ਰਹਿਣ ਵਾਲੇ ਭਾਈ ਰਾਮਾ ਮੱਲ ਦੀ ਜੀ ਦੇ ਬੇਟੀ ਅਨੰਤੀ (ਨਿਹਾਲ ਕੌਰ) ਨਾਲ ਹੋਣਾ ਨਿਯਤ ਹੋਇਆ।ਵਿਆਹ ਵਾਲੇ ਦਿਨ ਬਾਬਾ ਜੀ ਦੀ ਬਰਾਤ ਵਿਚ ਸ਼ਾਮਿਲ ਹੋਣ ਵਾਲਿਆਂ ਵਿਚ ਛੇਵੇਂ ਪਾਤਸ਼ਾਹ ਤੋਂ ਇਲਾਵਾ ਬਾਬਾ ਬੁੱਢਾ ਸਾਹਿਬ ਜੀ,ਭਾਈ ਗੁਰਦਾਸ ਜੀ, ਭਾਈ ਦਾਤੂ ਜੀ,(ਗੁਰੂ) ਤੇਗ ਬਹਾਦਰ ਜੀ,ਭ ਾਈ ਮੋਹਰੀ ਜੀ, ਭਾਈ ਕਿਸ਼ਨ ਚੰਦ ਜੀ, ਭਾਈ ਸਾਂਈ ਦਾਸ ਜੀ ਅਤੇ ਭੈਣ ਬੀਬੀ ਵੀਰੋ ਜੀ ਦੇ ਨਾਮ ਪ੍ਰਮੁੱਖ ਹਨ।ਭਾਈ ਰਾਮਾ ਜੀ ਦੇ ਪਰਿਵਾਰ ਵੱਲੋਂ ਗੁਰੂ ਕੇ ਬਰਾਤੀਆਂ ਦਾ ਰੱਜਵਾਂ ਸਤਿਕਾਰ ਕੀਤਾ ਗਿਆ।ਬਾਬਾ ਜੀ ਦੇ ਗ੍ਰਹਿ ਵਿਖੇ ਦੋ ਪੁੱਤਰ ਹਰਿ ਰਾਇ (ਗੁਰੂ) ਅਤੇ ਧੀਰ ਮੱਲ ਪੈਦਾ ਹੋਏ। ਇਸ ਯਾਦ ਨੂੰ ਸਦੀਵੀ ਬਣਾਉਣ ਲਈ ਬਟਾਲਾ ਸ਼ਹਿਰ ਦੇ ਇਸ ਸਥਾਨ ਉਪਰ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਸੁਸ਼ੋਭਿਤ ਹੈ। ਬਾਬਾ ਗੁਰਦਿੱਤਾ ਜੀ ਦੇ ਜੀਵਨ ਨਾਲ ਸਬੰਧਤ ਇੱਕ ਸਾਖ਼ੀ ਆਉਂਦੀ ਹੈ ਜਿਸ ਦਾ ਮਨੋਰਥ ਸਿੱਖੀ ਦੇ ਉਸ ਸਿਧਾਂਤ ਨੂੰ ਦ੍ਰਿੜ ਕਰਾਉਣਾ ਹੈ ਜਿਸ ਦੇ ਅਨੁਸਾਰ ਸਿੱਖ ਨੇ 'ਰੱਬੀ ਰਜ਼ਾ' ਵਿਚ ਰਹਿਣਾ ਹੁੰਦਾ ਹੈ।

ਸਾਖ਼ੀ ਮੁਤਬਿਕ ਇੱਕ ਦਿਨ ਸ਼ਿਕਾਰ ਖੇਡਦੇ ਸਮੇਂ ਬਾਬਾ ਗੁਰਦਿੱਤਾ ਜੀ ਵੱਲੋਂ ਚਲਾਇਆ ਇੱਕ ਤੀਰ ਹਿਰਨੀ ਦੀ ਥਾਂ ਤੇ ਨੇੜੇ ਚਰਦੀ ਗਾਂ ਦੇ ਜਾ ਲੱਗਾ ਅਤੇ ਉਹ ਮਰ ਗਈ। ਗਾਂ ਦੀ ਮੌਤ 'ਤੇ ਗ਼ਵਾਲੇ ਵੱਲੋਂ ਬਹੁਤ ਵਿਰਲਾਪ ਕੀਤਾ ਗਿਆ।ਉਸ ਦੇ ਵਿਰਲਾਪ ਨੂੰ ਦੇਖ ਕੇ ਬਾਬਾ ਜੀ ਗਾਂ ਨੂੰ ਮੁੜ ਜੀਵਨ ਬਖ਼ਸ਼ ਦਿੱਤਾ। ਇਸ ਕਰਾਮਾਤ ਨਾਲ ਗ਼ਵਾਲਾ ਤਾਂ ਖ਼ੁਸ਼ ਹੋ ਗਿਆ ਪਰ ਗੁਰੂ ਪਿਤਾ ਜੀ ਸਖਤ ਨਾਰਾਜ਼ ਹੋ ਗਏ।

ਗੁਰੂ ਜੀ ਨੇ ਕਰਾਮਾਤ ਨੂੰ ਕਹਿਰ ਦਾ ਨਾਮ ਦਿੰਦਿਆਂ ਬਾਬਾ ਗੁਰਦਿੱਤਾ ਜੀ ਨੂੰ ਗਾਂ ਦੇ ਬਦਲੇ ਆਪਣਾ ਸਰੀਰ ਤਿਆਗਣ ਦਾ ਹੁਕਮ ਦੇ ਦਿੱਤਾ। ਇਸ ਹੁਕਮ ਨੂੰ ਪ੍ਰਵਾਨ ਕਰਕੇ ਬਾਬਾ ਜੀ ਸ੍ਰੀ ਕੀਰਤਪੁਰ ਸਾਹਿਬ ਆ ਗਏ ਅਤੇ ਚੇਤ ਸੁਦੀ 10 ਸੰਮਤ 1695 (15 ਮਾਰਚ 1638 ਈ.) ਨੂੰ ਸਰੀਰਕ ਚੋਲਾ ਤਿਆਗ ਗਏ। ਜਦੋਂ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਇਹ ਖ਼ਬਰ ਮਿਲੀ ਤਾਂ ਉਹ ਸੰਗਤ ਸਮੇਤ ਸ੍ਰੀ ਕੀਰਤਪੁਰ ਸਾਹਿਬ ਆਏ ਅਤੇ ਬਾਬਾ ਜੀ ਦੀ ਦੇਹ ਦਾ ਅੰਤਿਮ ਸਸਕਾਰ ਕੀਤਾ।ਇਸ ਸਮੇਂ ਗੁਰੂ ਸਾਹਿਬ ਨੇ ਬਚਨ ਕੀਤਾ:- 'ਧੰਨ ਧੰਨ ਬਾਬਾ ਗੁਰਦਿੱਤਾ, ਦੀਨ ਦੁਨੀ ਦਾ ਟਿੱਕਾ, ਜੋ ਵਰ ਮੰਗਿਆ ਸੋ ਵਰ ਦਿੱਤਾ।'

ਬਾਬਾ ਗੁਰਦਿੱਤਾ ਜੀ ਦੀ ਯਾਦ ਵਿਚ ਹਰ ਸਾਲ ਚੇਤ ਮਹੀਨੇ ਦੀ ਦਸਵੀਂ ਨੂੰ ਸ੍ਰੀ ਕੀਰਤਪੁਰ ਸਾਹਿਬ ਵਿਖੇ ਭਾਰੀ ਜੋੜ-ਮੇਲਾ ਮਨਾਇਆ ਜਾਂਦਾ ਹੈ। ਇਸ ਦਿਨ ਦੇਸ਼-ਵਿਦੇਸ਼ ਦੀ ਸੰਗਤ ਇਥੇ ਨਤਮਸਤਕ ਹੋਣ ਲਈ ਆਉਂਦੀ ਹੈ ਅਤੇ ਗੁਰੂ-ਘਰ ਦੀ ਰੌਣਕ ਨੂੰ ਵਧਾਉਂਦੀ ਹੈ।

**- ਰਮੇਸ਼ ਬੱਗਾ ਚੋਹਲਾ 91-94631-32719**

### 9 ਅਪ੍ਰੈਲ ਜਨਮ ਦਿਨ

# ਸਾਹਿਬਜ਼ਾਦਾ ਜੁਝਾਰ ਸਿੰਘ

ਸਿੱਖ ਇਤਿਹਾਸ ਜਿਥੇ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਜੀ ਨੂੰ ਸੰਤ-ਸਿਪਾਹੀ ਦੇ ਲ਼ਕਬ ਨਾਲ ਨਿਵਾਜ਼ਦਾ ਉੱਥੇ ਪੁੱਤਰਾਂ ਦਾ ਦਾਨੀ ਕਹਿ ਕੇ ਵੀ ਅਥਾਹ ਮਾਣ-ਸਤਿਕਾਰ ਬਖ਼ਸ਼ਦਾ ਹੈ। ਉਨ੍ਹਾਂ ਦੇ ਇਸ (ਪੁੱਤਰ) ਦਾਨ ਦੀ ਗਵਾਹੀ ਸਿੱਖ ਇਤਿਹਾਸ ਦੇ ਦੋ ਖ਼ੂਨੀ ਸਾਕੇ, ਸਾਕਾ ਚਮਕੌਰ ਸਾਹਿਬ ਅਤੇ ਸਾਕਾ ਸਰਹਿੰਦ ਰਹਿੰਦੀ ਦੁਨੀਆਂ ਤੱਕ ਭਰਦੇ ਰਹਿਣਗੇ। ਇਨ੍ਹਾਂ ਸਾਕਿਆਂ ਵਿਚੋਂ ਸਾਕਾ ਚਮਕੌਰ ਸਾਹਿਬ ਇੱਕ ਅਜਿਹਾ ਵਿਲੱਖਣ ਸਾਕਾ ਹੈ ਜਿਸ ਵਿਚ ਮੁਗਲਾਂ ਅਤੇ ਪਹਾੜੀ ਰਾਜਿਆਂ ਦੀ ਬੇਵਸਾਹੀ ਦਾ ਸ਼ਿਕਾਰ ਹੋਏ ਕਲਗੀਧਰ ਪਾਤਸ਼ਾਹ ਦੇ ਮੁੱਠੀ ਭਰ ਸਿੰਘਾਂ ਨੇ ਹਜ਼ਾਰਾਂ ਦੀ ਤਦਾਦ ਵਿਚਲੀਆਂ ਫੌਜਾਂ ਨੂੰ 'ਲੋਹ ਦੇ ਚਨੇ' ਚਬਾ ਕੇ ਸ਼ਹਦਤ ਦੇ ਜਾਮ ਪੀਤੇ ਸਨ। ਸ਼ਹਾਦਤ ਦੇ ਇਸ ਜਾਮ ਨੂੰ ਪੀਣ ਵਾਲੇ ਮਰਜੀਵੜਿਆਂ ਵਿਚ ਜਿਥੇ ਦਸਮ ਪਿਤਾ ਦੇ ਸਿਦਕੀ ਸਿੱਖਾਂ, ਤਿੰਨ ਪਿਆਰਿਆਂ ਅਤੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਦਾ ਨਾਮ ਵਰਨਣਯੋਗ ਹੈ, ਉੱਥੇ ਦੂਸਰੇ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਦਾ ਨਾਂਅ ਵੀ ਬੜੇ ਫਖ਼ਰ ਨਾਲ ਲਿਆ ਜਾਂਦਾ ਹੈ।



ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ ਬਿਕ੍ਰਮੀ 1747 (21 ਚੇਤ 1690) ਨੂੰ ਗੁਰੂ ਸਾਹਿਬ ਦੇ ਮਹਿਲ ਮਾਤਾ ਜੀਤੋ ਜੀ ਦੀ ਕੁੱਖੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਇਆ।ਗੁਰੂ ਸਾਹਿਬ ਨੇ ਆਪਣੇ ਦੂਸਰੇ ਸਪੁੱਤਰ ਜੁਝਾਰ ਸਿੰਘ ਦੀ ਪਾਲਣਾ-ਪੋਸ਼ਣਾ ਵੀ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਵਾਂਗ ਹੀ ਪੂਰੀ ਤਨਦੇਹੀ ਅਤੇ ਯੋਗ ਅਗਵਾਈ ਨਾਲ ਕੀਤੀ। ਵੱਡੇ ਵੀਰ ਅਜੀਤ ਸਿੰਘ ਦੀ ਤਰ੍ਹਾਂ ਹੀ ਜੁਝਾਰ ਸਿੰਘ ਨੂੰ ਵੀ ਜਿਸਮਾਨੀ ਕਰਤੱਬਾਂ, ਘੋੜ-ਸਵਾਰੀ, ਤੀਰਅੰਦਾਜ਼ੀ, ਨੇਜੇ-ਭਾਲੇ ਅਤੇ ਤਲਵਾਰਬਾਜ਼ੀ ਵਿਚ ਨਿਪੁੰਨ ਸੈਨਿਕ ਬਣਾਇਆ ਗਿਆ। ਗੁਰੂ ਪਿਤਾ ਵੱਲੋਂ ਆਪਣੇ ਇਸ ਪੁੱਤਰ ਨੂੰ ਫੌਜ਼ੀ ਮੁਹਿੰਮਾ ਦਾ ਹਿੱਸੇਦਾਰ ਬਣਨ ਲਈ ਵੀ ਅਕਸਰ ਹੀ ਭੇਜਿਆ ਜਾਂਦਾ ਸੀ। ਇਸ ਹਿੱਸੇਦਾਰੀ ਅਤੇ ਗੁਰੂ ਪਿਤਾ ਦੀ ਯੋਗ ਰਾਹਨੁਮਾਈ ਕਾਰਨ ਸਾਹਿਬਜ਼ਾਦਾ ਜੁਝਾਰ ਸਿੰਘ ਜੂਝਣ ਲਈ ਹਮੇਸ਼ਾਂ ਤਿਆਰ-ਬਰ-ਤਿਆਰ ਰਹਿੰਦੇ ਸਨ।

ਇਸ ਜੂਝਣ ਵਾਲੀ ਬਿਰਤੀ ਕਾਰਨ ਹੀ ਚਮਕੌਰ ਸਾਹਿਬ ਦੇ ਮੈਦਾਨ-ਏ-ਜੰਗ ਵਿਚ ਆਪਣੇ ਵੱਡੇ ਵੀਰ ਅਜੀਤ ਸਿੰਘ ਨੂੰ ਦੁਸ਼ਮਣ ਦਲ ਨਾਲ ਲੋਹਾ ਲੈਂਦਾ ਦੇਖ ਕੇ ਸਾਹਿਬਜ਼ਾਦਾ ਜੁਝਾਰ ਸਿੰਘ ਦਾ ਖ਼ੂਨ ਵੀ ਉਬਾਲੇ ਖਾਣ ਲੱਗ ਪਿਆ। ਰਣ ਵਿਚ ਵੈਰੀਆਂ ਦੇ ਆਹੂ ਲਾਹੁੰਦਿਆਂ ਜਦੋਂ (2) ਸਾਹਿਬਜ਼ਾਦਾ ਅਜੀਤ ਸਿੰਘ ਸ਼ਹਾਦਤ ਦਾ ਜਾਮ ਪੀ ਗਏ ਤਾਂ ਜੁਝਾਰ ਸਿੰਘ ਨੇ ਗੁਰੂ ਪਿਤਾ ਕੋਲ ਆ ਕੇ ਬੇਨਤੀ ਕੀਤੀ ਕਿ "ਪਿਤਾ ਜੀ! ਮੈਨੂੰ ਵੀ ਆਗਿਆ ਬਖ਼ਸ਼ੋ ਤਾਂ ਜੋ ਮੈਂ ਵੀ ਗੁਰਸਿੱਖਾਂ ਦੇ ਮੋਢੇ ਨਾਲ ਮੋਢੇ ਜੋੜ ਕੇ ਵੀਰ ਅਜੀਤ ਸਿੰਘ ਵਾਂਗ ਦੁਸ਼ਮਣ ਦੇ ਨਾਲ ਦੋ ਹੱਥ ਕਰ ਸਕਾਂ।

ਮੇਰੀ ਉਮਰ ਭਾਵੇਂ ਛੋਟੀ ਹੈ ਪਰ ਦੇਖਿਉ ਮੈਂ ਦੁਸ਼ਮਣਾਂ ਦੇ ਦੰਦ ਕਿਵੇਂ ਖੱਟੇ ਕਰਦਾ ਹਾਂ।ਪਿਤਾ ਜੀ ! ਜਲਦੀ ਕਰੋ, ਮੈਂ ਵੀ ਆਪਣੇ ਵੱਡੇ ਵੀਰ ਕੋਲ ਜਾਣਾ ਹੈ।" ਸਾਹਿਬਜ਼ਾਦਾ ਜੁਝਾਰ ਸਿੰਘ ਵੱਲੋ ਦਿਖਾਏ ਇਸ ਜੋਸ਼ ਅਤੇ ਉਤਸ਼ਾਹ ਨੂੰ ਕਵੀ ਸੈਨਾਪਤਿ ਇੰਝ ਬਿਆਨ ਕਰਦਾ ਹੈ:-ਜਬ ਦੇਖਿਓ ਜੁਝਾਰ ਸਿੰਘ ਸਮਾਂ ਪਹੁਚਿਓ ਆਨ।
ਦੌਰਿਓ ਦਲ ਮੈਂ ਧਾਇ ਕੈ ਕਰ ਮੈਂ ਗਹੀ ਕਮਾਨ।

ਸਾਹਿਬਜ਼ਾਦਾ ਜੁਝਾਰ ਸਿੰਘ ਦੇ ਯੁੱਧ-ਚਾਅ ਨੂੰ ਕਵੀ ਰਤਨ ਸਿੰਘ ਭੰਗੂ ਕੁੱਝ ਇਸ ਤਰ੍ਹਾਂ ਬਿਆਨ ਕਰਦਾ ਹੈ:- ਐਸੇ ਰੌਰੇ ਜਬ ਊਹਾਂ ਭਯੋ।ਸਾਹਬ ਜੁਝਾਰ ਸਿੰਘ ਮਨ ਮੈਂ ਠਯੋ।
ਅਬ ਜੀਵਨ ਕੋ ਕੁਛ ਧ੍ਰਮ ਨਾਹੀਂ।ਪੁਤ੍ਰ ਜੀਵੈ ਲੜ ਪਿਤਾ ਮਰਾਹੀ।

ਪੁੱਤਰ ਦੇ ਜੰਗੀ-ਜੋਸ਼ ਨੂੰ ਦੇਖ ਕੇ ਹਜ਼ੂਰ ਨੇ ਜੁਝਾਰ ਸਿੰਘ ਦੇ ਨਾਲ ਭਾਈ ਹਿੰਮਤ ਸਿੰਘ,ਭਾਈ ਸਾਹਿਬ ਸਿੰਘ (ਦੋਵੇਂ ਪਿਆਰੇ) ਭਾਈ ਮੋਹਰ ਸਿੰਘ ਅਤੇ ਭਾਈ ਲਾਲ ਸਿੰਘ ਨੂੰ (ਜਥੇ ਦੇ ਰੂਪ ਵਿਚ) ਚਮਕੌਰ ਦੀ ਗੜ੍ਹੀ ਤੋਂ ਬਾਹਰ ਭੇਜ ਦਿੱਤਾ।

ਜਿਉਂ ਹੀ ਇਹ ਪੰਜ ਸ਼ੇਰ ਗੜ੍ਹੀ ਵਿਚੋ ਬਾਹਰ ਨੂੰ ਆਏ ਤਾਂ ਇਨ੍ਹਾਂ ਨੇ ਵੈਰੀ ਦੀ ਫੌਜ 'ਤੇ ਹੱਲਾ ਬੋਲ ਦਿੱਤਾ। ਇਧਰ ਜੂਝਾਰ ਸਿੰਘ ਆਪਣੇ ਸਾਥੀਆਂ ਸਮੇਤ ਜੂਝ ਰਿਹਾ ਸੀ ਉਧਰ ਗੁਰੂ ਗੋਬਿੰਦ ਸਿੰਘ ਜੀ ਗੜ੍ਹੀ 'ਚੋਂ ਤੀਰਾਂ ਦੀ ਬੁਛਾੜ ਕਰ ਰਹੇ ਸਨ। ਉਮਰ ਪੱਖੋਂ ਨਿੱਕੇ ਪਰ ਯੁੱਧ ਕਲਾ ਪੱਖੋਂ ਤਿੱਖੇ ਇਸ ਸੂਰਮੇ ਦੀ ਸੂਰਮਤਾਈ ਨੂੰ ਦੇਖ ਕੇ ਵੈਰੀ ਵੀ ਦੰਗ ਰਹਿ ਗਏ ਸਨ। ਸਵਾ ਲੱਖ ਨਾਲ ਏਕ ਲੜਾਊਂ ਵਾਲੀ ਨੀਤੀ/ਮੇਹਰ ਸਦਕਾ ਸਾਹਿਬਜ਼ਾਦਾ ਜੁਝਾਰ ਸਿੰਘ ਆਪਣੇ ਸਾਥੀਆਂ ਸਮੇਤ ਕਈ-ਕਈ ਮੁਗਲ ਸਿਪਾਹੀਆਂ 'ਤੇ ਭਾਰੀ ਪੈਂਦੇ ਹੋਏ ਅਖੀਰ 8 ਪੋਹ ਸੰਮਤ 1761 ਮੁਤਾਬਕ 22 ਦਸੰਬਰ 1704 ਈ. ਨੂੰ ਸ਼ਹੀਦੀਆਂ ਪਾ ਗਏ।

**ਰਮੇਸ਼ ਬੱਗਾ ਚੋਹਲਾ 91-94631-32719**

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ













All pictures- Prem Chumber "Desh Doaba"

**ਯੂਨੀਅਨ ਸਿਟੀ (ਡੀਡੀਬੀ)-** ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ 1 ਅਪ੍ਰੈਲ 2023 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਪੂਰਨ ਸਹਿਯੋਗ ਨਾਲ ਬਹੁਤ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਸੁਖਮਨੀ ਸਾਹਿਬ ਜੀ ਦੇ ਪਾਠ ਰੱਖੇ ਗਏ ਅਤੇ ਨਿਸ਼ਾਨ ਸਾਹਿਬ ਜੀ ਚੜ੍ਹਾਏ ਗਏ। ਪਾਠ ਦੇ ਭੋਗ ਪਾਏ ਜਾਣ ਉਪਰੰਤ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਸਾਹਿਬ ਭਾਈ ਬਲਦੇਵ ਸਿੰਘ, ਭਾਈ ਸਿਰਤਾਜ ਸਿੰਘ, ਭਾਈ ਸੁਰਿੰਦਰ ਸਿੰਘ ਤੋਂ ਇਲਾਵਾ ਸ੍ਰੀ ਰਾਕੇਸ ਕੁਮਾਰ, ਸੁਖਵਿੰਦਰ ਸਿੰਘ ਅਤੇ ਭਾਈ ਮੀਕਾ ਜੀ ਆਦਿ ਜਥਿਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਬਹੁਤ ਸਾਰੇ ਬੁਲਾਰਿਆਂ ਨੇ ਗੁਰੂ ਮਹਾਰਾਜ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਚਾਨਣਾ ਪਾਉਂਦਿਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਵਧਾਈ ਦਿੱਤੀ। ਜਿਹਨਾਂ ਵਿਚ ਸ੍ਰੀ ਕੇਵਲ ਸਿੰਘ ਸਾਬਕਾ ਪ੍ਰਧਾਨ, ਅਕਬਰ ਅਜ਼ੀਜ਼ ਬੋਰਡ ਆਫ ਡਾਇਰੈਕਟਰ (ACWD), ਟਰੇਸਾ ਕੌਕਸ (ਵਾਈਸ ਮੇਅਰ ਫਰੀਮਾਂਟ), ਵਿਨੋਦ ਕੁਮਾਰ ਚੁੰਬਰ (ਚੇਅਰਮੈਨ), ਡਾ. ਹਰਮੇਸ਼ ਕੁਮਾਰ, ਅਸ਼ੋਕ ਭੌਰਾ ਪੱਤਰਕਾਰ (ਅਜੀਤ ਜਲੰਧਰ), ਰਾਜ ਸੂਦ ਸੈਕਰਾਮੈਂਟੋ, ਮਲਕੀਅਤ ਸਿੰਘ ਬੰਗੜ (ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ), ਸ੍ਰੀ ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ) ਆਦਿ ਬੁਲਾਰਿਆਂ ਦੇ ਨਾਂ ਵਰਣਨਯੋਗ ਹਨ।

ਅੱਜ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਪਿਆਰ, ਸਤਿਕਾਰ, ਇਤਫਾਕ ਭਰਪੂਰ ਰਿਹਾ। ਗੁਰੂ ਦੇ ਕੜਾਹ ਪ੍ਰਸ਼ਾਦ, ਲੰਗਰ ਅਤੁੱਟ ਵਰਤਾਏ ਗਏ। ਬਹੁਤ ਸਾਰੇ ਸਟਾਲ ਲਗਾਏ ਗਏ, ਜਿਹਨਾਂ ਵਿਚ ਕਮਰਸ਼ੀਅਲ ਤੋਂ ਇਲਾਵਾ ਗੁਰੂ ਦੇ ਅਤੁੱਟ ਲੰਗਰ, ਛੋਲੇ-ਭਟੂਰੇ, ਆਲੂ ਟਿੱਕੀਆਂ, ਸਾਗ- ਮੱਕੀ ਦੀਆਂ ਰੋਟੀਆਂ, ਗੰਨੇ ਦਾ ਤਾਜ਼ਾ ਰਸ, ਰੈਗੂਰ ਲੱਸੀ ਤੇ ਮੈਂਗੋਲ-ੱਸੀ, ਗਰਮ ਚਾਹ-ਕਾਫੀ, ਪਕੌੜੇ, ਸਮੋਸੇ, ਤਰ੍ਹਾਂ ਤਰ੍ਹਾਂ ਦੀਆਂ ਮਠਿਆਈਆਂ, ਜਲੇਬੀਆਂ, ਪਾਣੀ, ਸੋਡਾ ਆਦਿ ਦਾਨੀ ਪਰਿਵਾਰਾਂ ਨੇ ਸਟਾਲ ਲਗਾ ਕੇ ਸੇਵਾ ਕੀਤੀ, ਜਿਹਨਾਂ ਵਿਚ ਸਰਵਸ੍ਰੀ ਰਾਮ ਲੁਬਾਇਆ ਪ੍ਰਧਾਨ ਜੀ (ਸਟਾਰ ਚਾਟ ਕੁਜੀਨ), ਰਕੇਸ ਧੀਮਾਨ, ਰਾਜਿੰਦਰ ਝੱਮਟ, ਸੁਰਿੰਦਰ ਸਰੋਆ, ਦਲਜੀਤ ਸਿੰਘ, ਮਦਾਰਾ ਪਰਿਵਾਰ, ਕਮਲ ਸੰਧੀ ਵੱਲੋਂ ਗੰਨੇ ਦੇ ਰਸ ਦੀ ਸੇਵਾ, ਕਰਨੈਲ ਸਿੰਘ (ਮੈਂਗੋ ਲੱਸੀ ਸੇਵਾ), ਜਲੇਬੀਆਂ ਦੀ ਸੇਵਾ (ਸਟਾਰ ਚਾਟ ਕੁਜੀਨ ਵਾਲੇ), ਅਸ਼ੋਕ ਕੁਮਾਰ (ਸਾਗ ਅਤੇ ਮੱਕੀ ਦੀ ਰੋਟੀ ਦੀ ਸੇਵਾ) ਅਤੇ ਬਹੁਤ ਸਾਰੇ ਦਾਨੀ ਪਰਿਵਾਰਾਂ ਨੇ ਅਲੱਗ-ਅਲੱਗ ਫਰੂਟ ਅਤੇ ਚਾਟ ਦੀ ਸੇਵਾ ਕੀਤੀ।

ਅਖੀਰ ਸਟੇਜ ਸਕੱਤਰ ਦੀ ਬਾਖੂਬੀ ਨਾਲ ਸੇਵਾ ਨਿਭਾਉਂਦਿਆਂ ਨਰੇਸ਼ ਕੁਮਾਰ ਗੱਡੂ ਨੇ ਸਮੂਹ ਗੁਰੂ ਪਿਆਰੀ ਸੰਗਤ ਦਾ ਕਮੇਟੀ ਵੱਲੋਂ ਧੰਨਵਾਦ ਕੀਤਾ ਤੇ ਉਹਨਾਂ ਸਾਰੇ ਦਾਨੀ ਪਰਿਵਾਰਾਂ ਦਾ ਧੰਨਵਾਦ ਕੀਤਾ, ਜਿਹਨਾਂ ਮਾਇਆ ਦੀ ਸੇਵਾ ਕੀਤੀ, ਲੰਗਰ ਲਗਾਏ, ਸ਼ਬਦ ਗਾਇਨ ਕੀਤਾ ਅਤੇ ਮੀਡੀਆ ਵਜੋਂ ਅਦਾਰਾ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਧੰਨਵਾਦ ਕੀਤਾ ਗਿਆ ਤੇ ਉਹਨਾਂ ਵੀ ਅਦਾਰੇ ਵੱਲੋਂ ਸਮੂਹ ਕਮੇਟੀ ਤੇ ਸਮੂਹ ਗੁਰੂ ਪਿਆਰੀ ਸੰਗਤਾਂ ਨੂੰ ਗੁਰਪੁਰਬ ਮਨਾਏ ਜਾਣ ਦੀਆਂ ਦਿਲੀ ਹਾਰਦਿਕ ਵਧਾਈ ਸਾਂਝੀ ਕੀਤੀ। ਇਸ ਮੌਕੇ ਟਰੇਸਾ ਕੌਕਸ (ਵਾਈਸ ਮੇਅਰ ਫਰੀਮਾਂਟ), ਅਕਬਰ ਅਜ਼ੀਜ਼ ਬੋਰਡ ਆਫ ਡਾਇਰੈਕਟਰ (ਏਸੀਡਬਲਿਊਡੀ) ਤੋਂ ਇਲਾਵਾ ਅਲੱਗ ਅਲੱਗ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਗੁਰੂ ਘਰ ਦੀ ਉਸਾਰੀ ਜਾ ਰਹੀ ਬਿਲਡਿੰਗ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰਨ, ਤਾਂ ਜੋ ਇਹ ਸੰਗਤਾਂ ਦਾ ਕਾਰਜ ਸਿਰੇ ਚੜ੍ਹਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾ ਸਕਣ।

ਸ੍ਰੀ ਵਿਨੋਦ ਕੁਮਾਰ ਚੁੰਬਰ ਦੂਰੋਂ ਨੇੜਿਉਂ ਆਈਆਂ ਅਲੱਗ-ਅਲੱਗ ਸੂਬਿਆਂ ਦੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ ’ਤੇ ਥਿੰਨ ਮੋਈ ਅਤੇ ਡਾ. ਨਿਰਮਲ ਆਦਿ ਨੇ ਐਸ. ਵੀ. ਫੋਰ ਥ੍ਰੀ ਨੂੰ ਯੈਸ ਕਰਨ ਦੀ ਅਪੀਲ ਕੀਤੀ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ















All pictures- Prem Chumber "Desh Doaba"


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਉਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376













All pictures- Prem Chumber "Desh Doaba"









# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ































All pictures- Prem Chumber "Desh Doaba"










# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ












All pictures- Prem Chumber "Desh Doaba"






## 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼'

ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ

ਮਨਾਏ ਗਏ ਗੁਰਪੁਰਬ ਦੀਆਂ ਲੱਖ ਲੱਖ ਵਧਾਈਆਂ


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
## WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**


Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust